# ਵਰਿਆਮ

ਜਨਵਰੀ, ੧੯[illegible]੮ ਸਾਲ ਤੇਈਵਾਂ

ਇਤੁ ਮਾਰਗਿ ਪੈਰੁ ਧਰੀਜੈ ਸਿਰ ਦੀਜੈ ਕਾਣਿ ਨ ਕੀਜੈ—ਮਹਲਾ ੧




Sri Satguru Jagjit Singh Ji eLibrary NamdhariElibrary@gmail.com

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

## ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਡੀਜ਼ਾਇਨਾਂ ਤੇ ਗਰੰਟੀ ਸ਼ੁਦਾ ਪੱਕੇ ਰੰਗਾਂ ਵਿਚ
ਬਣੇ ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ ਫਰਨੀਚਰ
ਲਈ ਪਧਾਰੋ ਜਾਂ ਲਿਖੋ

# ਨਾਮਧਾਰੀ ਏਜੰਸੀਜ਼

੨/੨੦੬੮, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ, ਚਾਂਦਨੀ ਚੌਂਕ, ਦਿੱਲੀ-੧੧੦੦੦੬

Manufacturers & Suppliers of :

**TUKRIDAR PRINTED SHAMIANAS & KANATS IN ATTRACTIVE AND GUARNTEED FAST COLOURS, WOODEN & STEEL FURNITURE & PADESTAL FANS ETC.**

https://archive.org/details/namdhari

*Please Contact :*

**Office : 2968411, 2961345 Resi : 6845441**

# NAMDHARI AGENCIES

2/2068,CHAH ANDARA, (BEHIND JUBILEE CINEMA)
CHANDNI CHOWK, DELHI–110006

ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ ਦਫ਼ਤਰ ਵਰਿਆਮ ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ। ਫੋਨ : 222543, ਨਿਵਾਸ 56289

Sri Satguru Jagjit Singh Ji eLibrary NamdhariElibrary@gmail.com

https://archive.org/details/namdhari

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ


ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਈਨਾਂ ਵਿਚ ਤਿਆਰ ਕੀਤੇ ਹੋਏ

ਚਮਕਦਾਰ ਅਤੇ ਪੱਕੇ ਰੰਗਾਂ ਵਾਲੇ

# ਫ਼ਰਸ਼ੀ ਦਰੀਆਂ ਅਤੇ ਗ਼ਲੀਚੇ

ਨਿਰਮਾਤਾ

## ਨਾਮਧਾਰੀ ਸੇਲਜ਼

੧੦੨੪੦/੫੪, ਲਾਇਬਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ—੧੧੦੦੦੬

# FURSHI DURRIES & CARPETS

in Bright & Fast Colours

Manufacturers

## *Namdhari Sales*

10240/54, Library Road, Azad Market, DELHI—110006

Phone : 7514784




Sri Satguru Jagjit Singh Ji eLibrary NamdhariElibrary@gmail.com

Gram 'SNIPER'

Hallo : 431367

*Reputed Manufacturers Of :*

**Superior Quality**

# SINGLE BARREL

# &

# DOUBLE BARREL

## B. L. – 12 BORE

# «GUNS»

# MODERN GUN WORKS

**Opp. Industrial Estate,**

**JAMMU CANTT.**





Sri Satguru Jagjit Singh Ji eLibrary NamdhariElibrary@gmail.com

*Manufacturers & Exporters of*

## AUTO ACCESSORIES

# G N D Auto Industries

Managing Partner's : **Pawittar Singh Namdhari**

**77, Industrial Area-I, Chandigarh—160002**

Tel. 91-172-641294, 91-172-655939 Fax 91-172-656300 E Mail Uniq @ arbornet. org.

*Office at U.S.A. :*

421N. Brookhurst Street,
Suite No. 209, Anaheim—CA 92801
U.S.A.

*Mubai Office :*

502, Kakad, Market,
306, Kalbadevi Rd., Mumbai
Tel. 91-22-205-1833 Fax 91-22-375-2438

Phone : Off. 671044, 671045
Resi. 670013

੧ਓ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

# Namdhari Engineering Works

Mfrs. & General Suppliers of :
Truck Bus Body Parts, Nut, Bolts & All Kinds of Hardware Goods.

**E-190, Focal Point, LUDHIANA—141010**

# PUNJAB INDUSTRIES

Specialist in : All Kinds of Truck Body Materials, Malaysia Sal Wood,
Teak Wood, Deodar, Partal, Champ, Hullak etc.

**E-190/A, Focal Point, Ludhiana—141001**

Phone : 664075

# Partap Trading Company

**Dealers in : Truck & Bus Body Parts, Aulminium Sheets, Angle, Channels, Glass, Sunmica, Plywood & Hardwares.**

**G T. Road, Opp. Transport Nagar, Ludhiana**





Sri Satguru Jagjit Singh Ji eLibrary NamdhariElibrary@gmail.com

Our Motto : "Best Quality of The Day"

# High Class Gun Manufacturers

## *Single & Double Barrels*



# 12-Bore GUNS

## Free India Gun Manufacturers

Prop : S. KARTAR SINGH (JAMMU-WALE)

**6, Industrial Estate, Ashok Nagar,**

**JAMMU CANTT.—3**

Phone : 433810

Sister Concern : M/s. KARTAR SINGH
ARMS & AMMUNITION DEALERS



Sri Satguru Jagjit Singh Ji eLibrary NamdhariElibrary@gmail.com

https://archive.org/details/namdhari

ਵਰਿਆਮ

ਜਨਵਰੀ ੧੯੯੮ ਜਿਲਦ—੨੩ ਅੰਕ—੩

ਤਤਕਰਾ

ਸੰਪਾਦਕੀ ੬
ਗਿਆਨੀ ਕਰਤਾਰ ਸਿੰਘ ਜੀ ਦਾ ੮
ਇਕ ਇਤਿਹਾਸਕ ਭਾਸ਼ਣ
ਪਾਤਰ ਨੂੰ ਪੁਰਸਕਾਰ ਲੈ ਲੈਣਾ ਚਾਹੀਦਾ ੧੧
—ਸਤਨਾਮ ਚਾਨਾ
ਮਾਲੇਰਕੋਟਲੇ ਦਾ ਸ਼ਹੀਦੀ ਕਾਂਡ ੧੩
—ਸੰਤ ਨਿਧਾਨ ਸਿੰਘ ਆਲਮ
ਖੰਡਾ —ਅਮਰ ਭਾਰਤੀ ੨੧
ਗੁਰੂ ਗੋਬਿੰਦ ਸਿੰਘ ਜੀ —ਗੁਰਦੇਵ ਸਿੰਘ ਢਿਲੋਂ ੨੮
ਗੁਰਮਤਿ ਫਲਸਫ਼ਾ ੩੦
—ਬੇਦੀ ਲਾਲ ਸਿੰਘ ਸਾਹਿਤਕਾਰ
ਦੋ ਗੀਤ —ਗੁਰਦਿਆਲ ਰੌਸ਼ਨ ੩੧
ਪੰਜਾਬੀ ਸਾਹਿਤ : ਪਾਠਕ ਥੁੜ ਅਤੇ ਪ੍ਰਕਾਸ਼ਨ ੩੨
ਦੀਆਂ ਸਮੱਸਿਆਵਾਂ—ਗੁਰਬਚਨ ਸਿੰਘ ਭੁੱਲਰ
ਚੜ੍ਹ ਜਾ ਦਿੱਲੀ ਤੇ —ਵਰਿਆਮ ਸਿੰਘ ਸੰਧੂ ੩੭
ਵਰਿਆਮ ਸੰਧੂ : ਪ੍ਰਮਾਣਕ ਬਿਰਤਾਂਤ ੪੫
ਦਾ ਸਿਰਜਕ —ਗੁਰਲਾਲ ਸਿੰਘ
ਖ਼ਬਰਨਾਮਾ ੪੬

ਮੁਖ ਪੰਨਾ—: ਸੁਖਵੰਤ ਚਿੱਤਰਕਾਰ

ਦਫਤਰ ਦਾ ਪਤਾ :
ਮਾਸਕ ਵਰਿਆਮ
ਲਾਡੋਵਾਲੀ ਰੋਡ
ਸਾਮ੍ਹਣੇ ਸੈਂਟਰਲ ਟਾਊਨ
ਜਲੰਧਰ ੧੪੪੦੦੧
ਫੋਨ—ਦਫਤਰ : ੨੨੨੫੪੩
ਘਰ : ੫੬੨੮੯

Office Address :
Monthly WARIAM
(Punjabi)
Ladowali Road,
Opp. Central Town,
Jalandhar-144001
Ph. 222543 (O)
56289 (R)

ਸੰਪਾਦਕੀ

## ਮੁੜ ਚੋਣਾਂ

ਭਾਰਤ ਦੀ ਆਜ਼ਾਦੀ ਦੀ ਅਰਧ ਸ਼ਤਾਬਦੀ ਦੇ ਸਾਲ ਵਿਚ ੧੫ ਅਗਸਤ ਨੂੰ ਪਾਰਲੀਮੈਂਟ ਦੇ ਦੋਵਾਂ ਸਦਨਾਂ ਦੀ ਸਾਂਝੀ ਬੈਠਕ ਵਿਚ ਦੇਸ਼ ਦੀਆਂ ਸਾਰੀਆਂ ਰਾਜਸੀ ਪਾਰਟੀਆਂ ਨੇ ਮਿਲ ਕੇ ਕਾਰਵਾਈ ਵਿਚ ਹਿੱਸਾ ਲੈਂਦਿਆਂ ਦੁਨੀਆ ਤੇ ਇਕ ਬਹੁਤ ਸੁਖਾਵਾਂ ਪਰਭਾਵ ਕਾਇਮ ਕੀਤਾ ਸੀ। ਪਰ ਆਪਸੀ ਸਹਿਯੋਗ ਮਿਲਵਰਤੋਂ ਅਤੇ ਏਕਤਾ ਦਾ ਪ੍ਰਭਾਵ ਸਿਰਜ ਰਹੀਆਂ ਇਹ ਪਾਰਟੀਆਂ ਤਿੰਨ ਮਹੀਨੇ ਪਿਛੋਂ ਹੀ ਉਸੇ ਪਾਰਲੀਮੈਂਟ ਦੀ ਲੋਕ ਸਭਾ ਨੂੰ ਭੰਗ ਕਰਵਾ ਕੇ ਇਕ ਦੂਜੀ ਦੇ ਖ਼ਿਲਾਫ਼ ਇਲਜ਼ਾਮਾਂ ਦੀ ਝੜੀ ਲਾ ਰਹੀਆਂ ਹਨ। ਅਸੀਂ ਇਹ ਮੰਨਦੇ ਹਾਂ ਕਿ ਆਪਣੇ ਦਲ ਦੇ ਗੁਣ ਅਤੇ ਵਿਰੋਧੀਆਂ ਦੇ ਦੋਸ਼ ਦਸਣੇ ਇਹ ਜਮਹੂਰੀਅਤ, ਲੋਕ ਰਾਜ ਜਾਂ ਡੈਮੋਕਰੇਸੀ ਦਾ ਵਿਸ਼ੇਸ਼ ਗੁਣ ਅਤੇ ਅਧਿਕਾਰ ਹੈ ਪਰ ਜਿਸ ਪਰਕਾਰ ਦੀ ਟੁੱਟ ਭੱਜ, ਦੂਸਰੇ ਪਾਸੇ ਜਾਣ, ਜੋੜ ਤੋੜ ਦੀ ਦੌੜ ਅਤੇ ਹੋੜ ਲਗੀ ਹੈ ਉਸ ਨੇ ਭਾਰਤ ਦੀ ਲੋਕ ਰਾਜ ਪ੍ਰਣਾਲੀ ਨੂੰ ਕਮਜ਼ੋਰ ਕੀਤਾ ਹੈ। ਅਸੂਲ ਦੇ ਆਧਾਰ ਤੇ ਇਹ ਦੋਸਤੀਆਂ ਨਹੀਂ ਬਣਾਈਆਂ ਜਾ ਰਹੀਆਂ ਸਗੋਂ ਜੋ ਮਿਲ ਜਾਏ ਉਹ ਪਰਵਾਨ ਅਤੇ ਤੂੰ ਨਹੀਂ ਤੇ ਔਰ ਸਹੀ, ਔਰ ਨਹੀਂ ਤੋ ਔਰ ਸਹੀ ਵਾਲੀ ਕਹਾਵਤ ਹੀ ਹੁਣ ਇਕੋ ਇਕ ਅਸੂਲ ਰਹਿ ਗਿਆ ਦਿਸਦਾ ਹੈ। ਉਹ ਚਿਹਰੇ ਟੈਲੀਵੀਜਨ ਤੇ ਦੇਖਣ ਨੂੰ ਮਿਲਦੇ ਹਨ ਜੋ ਰੋਜ਼ ਹੀ ਬਿਆਨ ਲੈ ਕੇ ਹਾਜ਼ਰ ਹੁੰਦੇ ਹਨ। ਲੋਕ ਅਭਨੇਤਾਵਾਂ ਤੋਂ ਵੀ ਵਧ ਨੇਤਾਵਾਂ ਨੂੰ ਵੇਖ ਰਹੇ ਹਨ ਅਤੇ ਇਹ ਨੇਤਾ ਅਭਿਨੇਤਾਵਾਂ ਤੋਂ ਵਧੀਆ ਅਦਾਇਗੀ ਕਰ ਰਹੇ ਹਨ। ਨਵੀਆਂ ਚੋਣਾਂ ਨੇ ਸਤ ਅਰਬ ਦਾ ਬੋਝ ਅਠਾਰਾਂ ਮਹੀਨਿਆਂ ਵਿਚ ਹੀ ਲੋਕਾਂ ਤੇ ਪਾ ਦਿਤਾ ਗਿਆ ਹੈ। ਸਭ ਕਾਰੋਬਾਰ ਠੱਪ ਪਏ ਹਨ, ਰੁਪਏ ਦੀ ਕੀਮਤ ਸੰਸਾਰ ਬਾਜ਼ਾਰ ਵਿਚ ਸਭ ਸਮਿਆਂ ਤੋਂ ਨੀਵੀਂ ਜਾ ਚੁੱਕੀ ਹੈ। ਮੈਂਬਰਾਂ ਦਾ ਆਪੋ ਆਪਣੀ ਪਾਰਟੀ 'ਚ ਭਰੋਸਾ ਨਹੀਂ ਦਿਸ ਰਿਹਾ। ਬੇਅਸੂਲਾਪਣ ਹੀ ਇਕੋ ਇਕ ਅਸੂਲ ਹੈ। ਇਕ ਅੱਖ ਕਿਸੇ ਪਾਰਟੀ ਨਾਲ ਦੂਸਰੀ ਕਿਸੇ ਨਾਲ। ਇਹ ਉਹ ਲੋਕ ਹਨ ਜਿਨ੍ਹਾਂ ਨੇ ਦੇਸ਼ ਦੀ ਵਾਗਡੋਰ ਸੰਭਾਲਣੀ ਹੈ। ਜਿਹਨਾਂ ਦੇ



Sri Satguru Jagjit Singh Ji eLibrary NamdhariElibrary@gmail.com

ਹੱਥ ਵਿਚ ਦੇਸ਼ ਦੀ ਕਿਸਮਤ ਦਾ ਫੈਸਲਾ ਕਰਨ ਦਾ ਅਧਿਕਾਰ ਹੋਵੇਗਾ। ਚੋਣਾਂ ਲੜਣ ਵਾਲੇ ਤਾਂ ਲੜ ਹੀ ਰਹੇ ਹਨ, ਚੋਣਾਂ ਕਰਵਾਉਣ ਵਾਲੇ ਵੀਲੜ ਰਹੇ ਹਨ। ਜਨਤਾ ਇਸ ਸਾਰੇ ਵਰਤਾਰੇ ਨੂੰ ਇਕ ਤਮਾਸ਼ੇ ਵਜੋਂ ਲੈ ਰਹੀ ਹੈ। ਸਾਰਾ ਸਮਾਂ ਇਹਨਾਂ ਲੀਡਰਾਂ ਦੀਆਂ ਖਬਰਾਂ ਵੇਖਣ ਅਤੇ ਪੜ੍ਹਣ ਉਤੇ ਲਾ ਰਹੀ ਹੈ। ਬੇਦਿਲੀ ਬੇਯਕੀਨੀ ਦੀ ਹਾਲਤ ਵਿਚ ਹੋ ਰਹੀਆਂ ਇਹਨਾਂ ਚੋਣਾਂ ਵਿਚੋਂ ਜੇ ਕੋਈ ਚਮਤਕਾਰ ਹੋ ਜਾਵੇ ਤਾਂ ਹੋ ਜਾਵੇ ਨਹੀਂ ਤਾਂ ਉਮੀਦ ਕੋਈ ਨਹੀਂ। ਉਂਝ ਕਦੇ ਕਦੇ ਚਮਤਕਾਰ ਹੋ ਜਾਇਆ ਕਰਦੇ ਹਨ ਅਤੇ ਭਾਰਤ ਦੀ ਜਨਤਾ ਚਮਤਕਾਰ ਕਰਨ ਦੀ ਯੋਗਤਾ ਰਖਦੀ ਵੀ ਹੈ ਭਾਵੇਂ ਕਦੇ ਕਦੇ ਹੀ। ਇਹ ਜਨਤਾ ਹੀ ਹੈ ਜਿਸਨੇ ਇਸ ਜਿਲਣ੍ਹ ਵਿਚੋਂ ਕਢਣਾ ਹੈ। ਅੱਜ ਨਹੀਂ ਤਾਂ ਕਲ੍ਹ, ਕਲ੍ਹ ਨਹੀਂ ਤਾਂ ਪਰਸੋਂ।

## ਦਫ਼ਾ ਕਰੋ ਜੀ ਪੰਜਾਬੀ ਨੂੰ

ਲਾਹੌਰ ਤੋਂ ਨਿਕਲਦੇ ਪੰਜਾਬੀ ਮਹੀਨਾਵਾਰ ਪਰਚੇ 'ਲਹਿਰਾਂ' ਦੇ ਦਸੰਬਰ ੧੯੯੭ ਅੰਕ ਦੇ ਮੁੱਖ ਪੰਨੇ ਉਤੇ ਕਾਰਟੂਨ-ਨੁਮਾ ਤਸਵੀਰ ਛਪੀ ਹੈ—ਤਿੰਨ ਪੰਜਾਬੀ ਹਨ ਅਤੇ ਤਿੰਨਾਂ ਦੇ ਬਿਆਨ ਹਨ। ਇਕ ਪੈਂਟ ਕੋਟ ਅਤੇ ਐਨਕਾਂ ਵਾਲਾ ਅਰਿਸਟੋਕਰੇਟ ਹੈ, ਉਹ ਆਖ ਰਿਹਾ ਹੈ: ਮੈਂ ਇੰਗਲਿਸ਼ ਬੋਲਦਾ ਹਾਂ...ਮੈਂ ਇੰਗਲਿਸ਼ ਪੜ੍ਹਦਾ ਹਾਂ ਅਤੇ ਮੈਂ ਇੰਗਲਿਸ਼ ਨੂੰ ਪਿਆਰ ਕਰਦਾ ਹਾਂ। ਦੂਸਰਾ ਵਿਅਕਤੀ ਸ਼ੇਰਵਾਨੀ ਅਤੇ ਚੂੜੀਦਾਰ ਪਜਾਮੇ ਵਾਲਾ ਨੇਤਾ ਹੈ। ਉਹ ਆਖ ਰਿਹਾ ਹੈ: ਮੁਝੇ ਉਰਦੂ ਸੇ ਇਸ਼ਕ ਹੈ ਅਤੇ ਤੀਜਾ ਵਿਅਕਤੀ ਸਾਧਾਰਨ ਕੁੜਤੇ ਪਜਾਮੇ ਵਾਲਾ ਆਖ ਰਿਹਾ ਹੈ: 'ਦਫ਼ਾ ਕਰੋ ਜੀ ਪੰਜਾਬੀ ਨੂੰ'। ਜਿਵੇਂ ਕਿ ਕਾਰਟੂਨ ਦੀ ਸਿਫ਼ਤ ਹੁੰਦੀ ਹੈ ਬਹੁਤ ਸਾਰੇ ਲੇਖਾਂ 'ਚ ਆਉਣ ਵਾਲੀ ਗੱਲ ਇਹ ਕੁਝ ਲਕੀਰਾਂ ਵਿਚ ਕਰਦਾ ਹੈ, ਇਵੇਂ ਹੀ ਕਾਰਟੂਨ ਕੇਵਲ ਪੱਛਮੀ ਪੰਜਾਬ (ਪਾਕਿਸਤਾਨੀ ਪੰਜਾਬ) ਵਿਚ ਪੰਜਾਬ ਦੀ ਤ੍ਰਾਸਦੀ ਨੂੰ ਨਹੀਂ ਬਿਆਨਦਾ ਕਿਸੇ ਹੱਦ ਤਕ ਪੂਰਬੀ ਪੰਜਾਬੀ (ਭਾਰਤੀ ਪੰਜਾਬ) ਵਿਚ ਵੀ ਪੰਜਾਬੀ ਪ੍ਰਤੀ ਲੋਕ-ਮਾਨਸਿਕਤਾ ਨੂੰ ਬਿਆਨਦਾ ਹੈ।

ਅੰਗਰੇਜ਼ੀ ਭਾਸ਼ਾ ਅੰਗਰੇਜ਼ ਲੋਕਾਂ ਅਤੇ ਅੰਗਰੇਜ਼ ਅਧਿਕਾਰੀਆਂ ਬਾਰੇ ਹੇਜ ਹੁਣ ਪੰਜਾਬੀਆ ਦਾ ਫ਼ੈਸ਼ਨ ਬਣਦਾ ਜਾ ਰਿਹਾ ਹੈ। ਪੱਛਮੀ ਪੰਜਾਬ ਵਿਚ ਕੁਝ ਲੋਕਾਂ ਨੇ ਪੰਜਾਬੀ ਦੀ ਸਹੀ ਥਾਂ ਬਨਾਉਣ ਬਾਸਤੇ ਮੁਹਿੰਮ ਚਲਾਈ ਹੈ। ਪੰਜਾਬੀ (ਉਰਦੂ ਅੱਖਰਾਂ ਵਿਚ) ਪੁਸਤਕਾਂ ਪੰਜਾਬੀ ਰਸਾਲੇ ਛਾਪਣੇ ਅਤੇ ਪੰਜਾਬੀ ਲਈ ਪਿਆਰ ਪੈਦਾ ਕਰਨ ਵਾਸਤੇ ਉਹ ਭਾਰੀ ਜਦੋ-ਜਹਿਦ ਕਰ ਰਹੇ ਹਨ। ਉਹਨਾਂ ਨੂੰ ਬਹੁਤ ਔਕੜਾਂ ਹਨ ਸਿਆਸੀ ਵੀ ਸਮਾਜੀ ਅਤੇ ਧਾਰਮਕ ਵੀ, ਪਰ ਫੇਰ ਵੀ ਇਕ ਵਿਚਾਰ ਜੋ ਉਹਨਾਂ ਨੇ ਲੋਕਾਂ ਨੂੰ ਸ਼ਿੱਦਤ ਨਾਲ ਦਿਤਾ ਹੈ ਅਤੇ ਉਸ ਤੇ ਪਹਿਰਾ ਵੀ ਦੇ ਰਹੇ ਹਨ, ਉਹ ਜ਼ਰੂਰ ਕਿਸੇ ਨਾ ਕਿਸੇ ਦਿਨ ਰੰਗ ਲਿਆਵੇਗਾ।

ਏਧਰਲੇ ਪੰਜਾਬ ਵਿਚ ਕਹਿਣ ਨੂੰ ਪੰਜਾਬੀ ਰਾਜ-ਕਾਜ ਦੀ ਭਾਸ਼ਾ, ਰਾਣੀ ਬੋਲੀ ਹੈ। ਇਥੇ ਪੰਜਾਬੀ ਦੀਆਂ ਅਖਬਾਰਾਂ ਲੱਖਾਂ ਦੀ ਗਿਣਤੀ ਵਿਚ ਛਪਦੀਆਂ ਹਨ, ਰੇਡੀਓ ਟੀ.ਵੀ. ਤੇ ਐਲਾਨ ਵੀ ਪੰਜਾਬੀ 'ਚ ਹੁੰਦੇ ਹਨ, ਪਰ ਫੇਰ ਵੀ ਇਸਦੇ ਕੁਝ ਪੁੱਤ ਅੰਗਰੇਜ਼ੀ ਦੀ ਸਿਰਦਾਰੀ ਸਰਕਾਰੀ ਤੌਰ ਤੇ ਕਾਇਮ ਰਖ ਰਹੇ ਹਨ ਅਤੇ ਰਖਣਾ ਚਾਹੁੰਦੇ ਹਨ। ਪ੍ਰਾਇਮਰੀ ਜਮਾਤ ਤੋਂ ਅੰਗਰੇਜ਼ੀ ਲਾਗੂ ਕਰਨ ਦੇ ਜਤਨ, ਇੰਗਲਿਸ਼ ਮੀਡੀਅਮ ਪਬਲਿਕ ਸਕੂਲਾਂ ਦਾ ਜਾਲ ਅਤੇ ਇਸ ਵਾਸਤੇ ਨਿਧੜਕ ਹੋ ਕੇ ਪ੍ਰਚਾਰ ਕਰਨਾ ਸਭ ਪੰਜਾਬੀ ਦੀ ਕੀਮਤ ਤੇ ਹੋ ਰਿਹਾ ਹੈ। ਇਥੇ ਵੀ ਅੰਦਰੋਂ ਗੱਲ ਇਹ ਹੀ ਹੈ ਕਿ 'ਦਫ਼ਾ ਕਰੋ ਜੀ ਪੰਜਾਬੀ ਨੂੰ'। ਜੇ ਪੱਛਮੀ ਪੰਜਾਬ ਵਿਚ ਇਸ ਜ਼ਹਿਨੀਅਤ ਖ਼ਿਲਾਫ਼ ਜਦੋ-ਜਹਿਦ ਹੋ ਰਹੀ ਹੈ ਤਾਂ ਪੂਰਬੀ ਪੰਜਾਬ ਵਿਚ ਵੀ ਇਸ ਦੀ ਘੱਟ ਲੋੜ ਨਹੀਂ।

## ਮਾਲੇਰਕੋਟਲਾ ਦੇ ਸ਼ਹੀਦੀ ਦਿਨ 'ਤੇ

੧੭-੧੮ ਦਸੰਬਰ ਨੂੰ ਮਾਲੇਰਕੋਟਲਾ ਵਿਚ ਤੋਪਾਂ ਦੇ ਸਾਹਮਣੇ ਸ਼ਹੀਦ ਹੋਣ ਵਾਲੇ ਨਾਮਧਾਰੀ ਕੂਕੇ ਵੀਰਾਂ ਦੀ ਯਾਦ ਦਾ ਦਿਨ ਹੈ ਅਤੇ ਇਹ ਹੀ ਦਿਨ ਦੇਸ਼ ਦੀ ਸੁਤੰਤਰਤਾ ਦੇ ਪ੍ਰਥਮ ਸੇਨਾਨੀ ਸਤਿਗੁਰੂ ਰਾਮ ਸਿੰਘ ਜੀ ਦੀ ਜਲਾਵਤਨੀ ਦਾ ਦਿਨ ਹੈ। ਇਕ ਸੌ ਛੱਬੀ ਸਾਲ ਲੰਘ ਗਏ ਹਨ ਜਦੋਂ ਅੰਗਰੇਜ਼ੀ ਸੱਤਾ ਵਿਰੁਧ ਭਰਵੀਂ ਸਿੰਘ ਗਰਜਨਾ ਕਰਨ ਵਾਲੇ ਇਹਨਾਂ ਸੂਰਬੀਰਾਂ ਦੇ ਸਰੀਰਾਂ ਨੂੰ ਤੂੰਬਾ ਤੂੰਬਾ ਕਰਕੇ ਉਡਾ ਦਿਤਾ ਗਿਆ ਸੀ ਅਤੇ ਉਹ ਆਪ ਇਸ ਸ਼ਹਾਦਤ ਨੂੰ ਵਰਨ ਵਾਸਤੇ ਇਕ ਦੂਜੇ ਤੋਂ ਵੱਧ ਉਤਾਵਲੇ ਸਨ। ਇਹਨਾਂ ਦਿਨਾਂ ਬਾਦ ਨਾਮਧਾਰੀ ਸਮਾਜ ਉਤੇ ਮਾਰੂ ਕਹਿਰ ਦੇ ਦਿਨ ਆਏ ਸਨ ਜਿਸ ਵਿਚੋਂ ਉਹ ਗੁਰੂ ਦੀ ਕਿਰਪਾ ਨਾਲ ਹੀ ਬੱਚ ਗਏ ਨਹੀਂ ਤਾਂ ਸਰਕਾਰ ਨੇ ਆਪਣੇ ਵਲੋਂ ਤਾਂ ਇਹਨਾਂ



Sri Satguru Jagjit Singh Ji eLibrary NamdhariElibrary@gmail.com

ਨੂੰ ਸਦਾ ਲਈ ਖਤਮ ਕਰਨ ਦੇ ਜਤਨ ਕੀਤੇ ਸਨ। ਸ਼ਾਇਦ ਕੂਕਿਆਂ ਦੀ ਲਹਿਰ ਇਕੋ ਇਕ ਸਮਾਜ ਹੈ ਜਿਸ ਨੇ ਅੰਗਰੇਜ਼ੀ ਸਰਕਾਰ ਦੀਆਂ ਬਰਕਤਾਂ ਦੇ ਗੁਣ ਗਾਣ ਕਰਨ ਵਾਲੇ ਅਨੇਕਾਂ ਸਮਾਜਾਂ ਦੇ ਵਿਪਰੀਤ ਸਦਾ ਅੰਗਰੇਜ਼ ਦੀ ਦੁਸ਼ਮਣੀ ਸਹੇੜੀ ਰਖੀ। ਨਾ ਜ਼ਮੀਨਾਂ ਦੇ ਲਾਲਚ ਅਤੇ ਨਾ ਪਦਵੀਆਂ ਦਾ ਮੋਹ ਇਹਨਾਂ ਦੇ ਕਦਮਾਂ ਨੂੰ ਡਗਮਗਾ ਸਕਿਆ। ਭਾਰਤ ਦੀ ਆਜ਼ਾਦੀ ਬਾਅਦ ਵੀ ਨਿਆਮਤਾਂ ਦੀਆਂ ਝੋਲੀਆਂ ਉਹਨਾਂ ਨੇ ਭਰੀਆਂ ਜੋ ਅੰਗਰੇਜ਼ ਦੇ ਝੋਲੀ ਚੁੱਕ ਰਹੇ ਸਨ।

ਭਾਰਤ ਦੀ ਆਜ਼ਾਦੀ ਦੇ ਅਰਧ-ਸ਼ਤਾਬਦੀ ਸਮੇਂ ਪ੍ਰਚਾਰ ਦੀ ਲਿਸ਼ਕੋਰ ਵਿਚ ਨਾਮਧਾਰੀ ਸਮਾਜ ਦੀਆਂ ਕੁਰਬਾਨੀਆਂ ਨੂੰ ਵੀ ਇਸਦਾ ਬਣਦਾ ਥਾਂ ਮਿਲਣਾ ਚਾਹੀਦਾ ਹੈ ਤਾਂ ਕਿ ਇਹਨਾਂ ਨੂੰ ਪਤਾ ਲਗੇ ਕਿ ਜਿਸ ਦੇਸ਼ ਵਾਸਤੇ ਇਹਨਾਂ ਆਹੂਤੀਆਂ ਦਿਤੀਆਂ ਉਹਦੇ ਦਿਲ ਦੇ ਕਿਸੇ ਕੋਨੇ ਵਿਚ ਇਹਨਾਂ ਲਈ ਵੀ ਥਾਂ ਹੈ॥

—ਜਗਦੀਸ਼ ਸਿੰਘ

## ਮੁਖ ਪੰਨੇ ਦਾ ਚਿੱਤਰ

ਵਰਿਆਮ ਸਿੰਘ ਮੁਸੱਵਰ ਦੁਆਰਾ ਬਣਾਇਆ ਮਾਲੇਰ-ਕੋਟਲੇ ਦੇ ਸ਼ਹੀਦਾਂ ਦਾ ਇਹ ਚਿੱਤਰ ਹੈ। ਮਾਲੇਰਕੋਟਲਾ ਵਿਚ ਹੁਣ ਇਕ ਸ਼ਾਨਦਾਰ ਸ਼ਹੀਦੀ ਸਮਾਰਕ ਤਿਆਰੀ ਦੇ ਅੰਤਮ ਚਰਨ ਤੇ ਹੈ। ਇਸ ਵਿਚ ਸੂਰਬੀਰਤਾ ਦਾ ਪ੍ਰਤੀਕ ਇਕ ਖੰਡਾ ਉਸਾਰਿਆ ਗਿਆ ਹੈ।

ਖੰਡਾ ਬਾਰੇ ਦਾਰਸ਼ਨਿਕ ਪੱਖ ਤੋਂ ਅਮਰ ਭਾਰਤੀ ਜੀ ਦਾ ਅਤਿ ਵਿਦਵਤਾ ਅਤੇ ਖੋਜ ਭਰਿਆ ਲੇਖ ਵਰਿਆਮ ਦੇ ਪੰਨਾ ੨੧ ਤੇ ਛਪਿਆ ਹੈ।

## ਵਰਿਆਮ ਦੇ ਦਰ

| | |
|---|---|
| ਇਹ ਅੰਕ | ੧੦.੦੦ ਰੁਪੈ |
| ਸਾਲਾਨਾ ਚੰਦਾ | ੧੦੦.੦੦ ,, |
| ਤਿੰਨ ਸਾਲ ਵਾਸਤੇ | ੨੫੦.੦੦ ,, |
| ਪੰਜ ਸਾਲ ਵਾਸਤੇ | ੪੦੦.੦੦ ,, |
| ਜੀਵਨ ਮੈਂਬਰ | ੮੦੦.੦੦ ,, |
| ਵਿਦੇਸ਼ ਹਵਾਈ ਡਾਕ (ਇਕ ਸਾਲ) | ੨੦ ਪੌਂਡ |






Sri Satguru Jagjit Singh Ji eLibrary NamdhariElibrary@gmail.com

# ਗਿਆਨੀ ਕਰਤਾਰ ਸਿੰਘ ਜੀ ਦਾ ਇਕ ਇਤਿਹਾਸਕ ਭਾਸ਼ਣ

ਦਰਵੇਸ਼ ਸਿਆਸਤਦਾਨ ਸਵਰਗੀ ਗਿਆਨੀ ਕਰਤਾਰ ਸਿੰਘ ਨੂੰ ਸਿੱਖਾਂ ਦਾ ਦਿਮਾਗ ਕਿਹਾ ਜਾਂਦਾ ਸੀ। ਉਹਨਾਂ ਦੇ ਹਰ ਬੋਲ ਨੂੰ ਭਾਰੀ ਮਹੱਤਵ ਦਿਤਾ ਜਾਂਦਾ ਸੀ। ਅਕਾਲੀ ਦਲ ਦੇ ਉਹ ਉੱਘੇ ਨੇਤਾ ਸਨ। ਕਈ ਵਾਰ ਰਾਜ ਸਰਕਾਰਾਂ ਵਿਚ ਉਹ ਮੰਤਰੀ ਵੀ ਰਹੇ ਅਤੇ ਭਾਸ਼ਣ ਕਲਾ ਦੇ ਉਹ ਸਿਖਰ ਦੇ ਧਨੀ ਸਨ।

ਸ੍ਰੀ ਭੈਣੀ ਸਾਹਿਬ ਦੀ ਧਰਤੀ ਤੇ ੧੦ ਸਤੰਬਰ ੧੯੫੯ ਨੂੰ ਇਕ ਬਹੁਤ ਭਾਰੀ ਇਕੱਠ ਹੋਇਆ ਸੀ। ਇਹ ਇਕੱਠ ਸਤਿਗੁਰੂ ਪ੍ਰਤਾਪ ਸਿੰਘ ਜੀ ਨਮਿਤ ਭੋਗਾਂ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਦਸਤਾਰਬੰਦੀ ਦੇ ਅਵਸਰ 'ਤੇ ਸੀ। ਇਸ ਸਮਾਗਮ ਵਿਚ ਸਭ ਧਾਰਮਕ, ਸਮਾਜਕ ਅਤੇ ਰਾਜਸੀ ਦਲਾਂ ਦੇ ਮੁਖੀ ਸ਼ਾਮਲ ਹੋਏ ਸਨ। ਸੰਤ ਇੰਦਰ ਸਿੰਘ ਚਕ੍ਰਵਰਤੀ ਦੇ ਸਟੇਜ ਪ੍ਰਬੰਧ ਹੇਠ ਕਈ ਘੰਟੇ ਚੱਲੇ ਇਸ ਲਾਮਿਸਾਲ ਇਕੱਠ ਵਿਚ ਬਹੁਤ ਸਾਰੇ ਉੱਚ-ਪਾਏ ਦੇ ਨੇਤਾਵਾਂ ਨੇ ਆਪਣੇ ਵਿਚਾਰ ਪੇਸ਼ ਕੀਤੇ ਸਨ। ਵਖ ਵਖ ਮਹੱਤਵਪੂਰਨ ਪਹਿਲੂਆਂ ਨੂੰ ਛੋਹੰਦਾ ਗਿਆਨੀ ਕਰਤਾਰ ਸਿੰਘ ਜੀ ਦਾ ਸੰਖੇਪ ਭਾਸ਼ਣ ਇਸ ਸਮੇਂ ਦਾ ਇਕ ਯਾਦਗਾਰੀ ਅਤੇ ਇਤਿਹਾਸਕ ਮਹੱਤਤਾ ਵਾਲਾ ਭਾਸ਼ਣ ਸੀ ਅਤੇ ਇਸ ਦੀ ਮਹੱਤਤਾ ਅੱਜ ਵੀ ਕਾਇਮ ਹੈ। ਇਸ ਸਰਬ ਸਲਾਹੁਤ ਭਾਸ਼ਣ ਦਾ ਹੂ-ਬ-ਹੂ ਉਤਾਰਾ ਅਸੀਂ 'ਵਰਿਆਮ' ਵਿਚ ਪ੍ਰਕਾਸ਼ਤ ਕਰ ਰਹੇ ਹਾਂ।

—ਸੰਪਾਦਕ ਵਰਿਆਮ

ਸਤਿਕਾਰਯੋਗ ਸਾਧ ਸੰਗਤ ਜੀ ਤੇ
ਮਹਾਰਾਜ ਜਗਜੀਤ ਸਿੰਘ ਜੀ,

ਅੱਜ ਦੀ ਇਹ ਮਹਾਨ ਇਕੱਤਰਤਾ ਮਹਾਰਾਜ ਪ੍ਰਤਾਪ ਸਿੰਘ ਜੀ ਦੇ ਵਿਛੋੜੇ ਦੇ ਸਿਲਸਲੇ ਵਿਚ ਇਕੱਤਰ ਹੋਈ ਏ ਔਰ ਇਹ ਭਾਵਨਾ ਲੈ ਕੇ ਇਕੱਤਰ ਹੋਈ ਐ ਕਿ ਅੱਜ ਦੇ ਦਿਨ ਨਾਮਧਾਰੀ ਸਾਧ ਸੰਗਤ ਤੇ ਭੈਣੀ ਸਾਹਿਬ ਦਾ ਪ੍ਰਬੰਧ ਚਲਾਣ ਲਈ, ਰਹਿਨੁਮਾਈ ਲਈ, ਅਗਵਾਈ ਲਈ, ਸਾਰੀ ਜਨਤਾ ਦੇ ਸਾਹਮਣੇ ਮਹਾਰਾਜ ਜਗਜੀਤ ਸਿੰਘ ਜੀ ਨੂੰ ਜੋ ਸੌਂਪਣਾ ਹੋਈ ਐ ਉਸ ਦੇ ਲਈ ਉਹਨਾਂ ਨੂੰ ਮੁਬਾਰਕਬਾਦ ਤੋਂ ਇਲਾਵਾ ਇਹ ਆਸ ਕਰੀਏ ਕਿ, ਇਹ ਤਵੱਕੋ, ਇਹ ਆਸ ਇਹ ਤਮੰਨਾ ਪ੍ਰਗਟ ਕਰੀਏ ਕਿ ਇਸ ਅਸਥਾਨ ਦੇ ਜੋ ਮੁਖ ਕਾਰਜ ਕਰਤਾ ਮਹਾਰਾਜ ਜਗਜੀਤ ਸਿੰਘ ਜੀ ਨੀਯਤ ਹੋਏ ਨੇ ਉਹ ਇਸ ਸਥਾਨ ਦੀ ਕਾਰਵਾਈ ਸਫਲਤਾ ਨਾਲ ਚਲਾਣ ਵਿਚ ਕਾਮਯਾਬ ਹੋਣ।

ਭਾਈਓ ਮਹਾਰਾਜ ਪ੍ਰਤਾਪ ਸਿੰਘ ਜੀ ਦੇ ਬਹੁਤ ਸਾਰੇ ਗੁਣ ਬੋਲਣ ਵਾਲਿਆਂ ਨੇ ਆਪ ਦੀ ਯਾਦ ਵਿਚ ਅਰਜ਼ ਕੀਤੇ ਨੇ। ਉਹਨਾਂ ਦੇ ਪੂਰੇ ਗੁਣਾਂ ਦਾ ਵਰਨਣ ਥੋਹੜੇ ਸਮੇਂ 'ਚ ਹੋਣਾ ਕਠਨ ਹੈ। ਇਸ ਲਈ ਉਹਨਾਂ ਗੁਣਾਂ ਨੂੰ ਦੁਹਰਾਣਾ, ਜਿਹੜੇ ਕਿ ਅੱਗੇ ਇਥੇ ਬਿਆਨ ਕਰ ਦਿੱਤੇ ਗਏ ਨੇ ਮੈਂ ਸਮਝਦਾਂ ਕਿ ਠੀਕ ਨਹੀਂ; ਲੇਕਿਨ ਦੋ ਤਿੰਨ ਚੀਜ਼ਾਂ ਜਿਹੜੀਆਂ ਕਿ ਵਿਸਥਾਰ ਨਾਲ ਨਹੀਂ ਆਈਆਂ, ਉਹ ਮੈਂ ਆਪ ਦੇ ਸਾਹਮਣੇ ਅਰਜ਼ ਕਰਨੀਆਂ ਨੇ। ਮਹਾਰਾਜ ਪ੍ਰਤਾਪ ਸਿੰਘ ਜੀ ਸੰਬੰਧੀ ਕੁਛ ਜ਼ਿਕਰ ਤਾਂ ਆਇਐ ਕਿ ਉਹ ਪਸ਼ੂ ਪਾਲਣ ਵਿਚ, ਗਊਆਂ ਦੀ ਸੇਵਾ ਵਿਚ, ਗਊਆਂ ਔਰ ਘੋੜਿਆਂ ਦੀ ਨਸਲ ਦੀ ਤਰੱਕੀ ਲਈ, ਉੱਦਮ ਕਰਦੇ ਰਹੇ ਨੇ। ਇਸ ਦਾ ਪੂਰਾ ਵਿਸਥਾਰ, ਬੜੇ ਥੋਹੜੇ ਸਜਣਾਂ ਨੂੰ ਪਤੇ ਔਰ ਮੈਂ ਕਹਿ ਸਕਦੇਂ ਕਿ ਪਸ਼ੂਆਂ ਦੀ ਨਸਲ ਦੀ ਤਰੱਕੀ ਲਈ, ਖਾਸਕਰ ਗਊਆਂ ਦੀ ਨਸਲ ਦੀ ਤਰੱਕੀ ਲਈ ਘੋੜਿਆਂ ਦੀ ਨਸਲ ਦੀ ਤਰੱਕੀ ਲਈ ਅਗਰ ਕਿਸੇ ਇਕ ਸਜਣ ਦੇ ਉੱਦਮ ਨੂੰ ਪੰਜਾਬ ਵਿਚ



Sri Satguru Jagjit Singh Ji eLibrary NamdhariElibrary@gmail.com

ਲਿਆ ਜਾਏ ਤਾਂ ਮਹਾਰਾਜ ਪ੍ਰਤਾਪ ਸਿੰਘ ਨੇ ਸਭ ਤੋਂ ਜ਼ਿਆਦਾ ਸ਼ਾਨਦਾਰ ਉੱਦਮ ਪੰਜਾਬ ਵਿਚ ਕੀਤੇ। ਭਾਈਓ ਅਸਾਡੇ ਦੇਸ਼ ਵਿਚ ਜੋ ਗਊ ਬਾਰਾਂ ਸੇਰ ਪੰਦਰਾਂ ਸੇਰ ਪੱਕਾ ਦੁੱਧ ਦੇਂਦੀ ਹੋਵੇ ਉਸ ਨੂੰ ਬੜੀ ਵਰਿਯਾਮ ਗਾਏ ਸਮਝਿਆ ਜਾਂਦੈ, ਲੇਕਿਨ ਯੋਰਪ ਤੇ ਅਮਰੀਕਾ ਜਿਹੜਾ ਕਿ ਸਾਡੇ ਵਾਂਗੂ ਗਊਆਂ ਦਾ ਸ਼ਰਧਾਵਾਨ ਦੇਸ਼ ਨਹੀਂ ਲੇਕਿਨ ਗਊਆਂ ਦੇ ਲਾਭ ਦਾ ਕਾਇਲ ਐ, ਉਹਨਾਂ ਨੇ ਜੋ ਇਸ ਨਸਲ ਨੂੰ ਤਰੱਕੀ ਦਿਤੀ ਐ ਤਾਂ ਆਇਰਲੈਂਡ, ਇੰਗਲੈਂਡ, ਅਮਰੀਕਾ, ਕੈਨੇਡਾ, ਫਰਾਂਸ, ਜਰਮਨੀ ਵਿਚ, ਆਸਟਰੇਲੀਆ ਵਿਚ ਗਊਆਂ ਦੇ ਵੱਗ ਮਿਲਦੇ ਨੇ ਜਿਹੜੇ ਕਿ ਪੈਂਤੀ ਸੇਰ ਪੱਕਾ, ਅਠੱਤੀ ਸੇਰ ਪੱਕਾ ਔਰ ਚਾਲੀ ਸੇਰ ਪੱਕਾ ਦੁੱਧ ਦੇਂਦੀਆਂ ਨੇ। ਓਥੇ ਗਭਰੂ ਵੀ ਚੋਂਦੇ ਥੱਕ ਜਾਂਦੇ ਨੇ। ਇਸ ਲਈ ਉਹਨਾਂ ਨੂੰ ਮਸ਼ੀਨਾਂ ਪੈਦਾ ਕਰਨੀਆਂ ਪਈਆਂ। ਉਸ ਪੱਧਰ ਤੇ ਆਪਣੇ ਦੇਸ ਨੂੰ ਲਿਆਣ ਲਈ ਮਹਾਰਾਜ ਪ੍ਰਤਾਪ ਸਿੰਘ ਜੀ ਉੱਦਮ ਕਰਦੇ ਰਹੇ ਨੇ। ਇਸ ਭੈਣੀ ਸਾਹਿਬ ਵਿਚ ਉਹ ਗਊ ਮੌਜੂਦ ਹੋਈ ਐ ਜਿਹੜੀ ਕਿ ਪਝੱਤਰ ਪੌਂਡ ਦਿਹਾੜੀ ਦਾ ਦੁੱਧ ਦੇਂਦੀ ਰਹੀ। ਇਹ ਉਹਨਾਂ ਦਾ ਸ਼ੌਕ ਔਰ ਉਹਨਾਂ ਦਾ ਇਹ ਸਮਝਣਾ ਕਿ ਪਸ਼ੂਆਂ ਦੀ ਨਸਲ ਦੀ ਤਰੱਕੀ ਬਗੈਰ ਇਹ ਦੇਸ ਜੋ ਖੇਤੀ ਉਤੇ ਇਨਹਸਾਰ ਰਖਦੈ, ਇਸ ਦਾ ਕਲਿਆਣ ਨਹੀਂ ਹੋ ਸਕਦਾ। ਇਸ ਸਿਲਸਲੇ ਵਿਚ ਉਹਨਾਂ ਭਾਰੇ ਉੱਦਮ ਕੀਤੇ ਨੇ ਜਿਹੜੇ ਕਿਸੇ ਵੀ ਹੋਰ ਪੰਜਾਬੀ ਨੇ ਮੈਂ ਸਮਝਦੈਂ ਕਿ ਨਹੀਂ ਕੀਤੇ।

ਦੂਜਾ ਭਾਈਓ, ਇਕ ਉੱਦਮ ਹੋਰ ਐ ਕਿ ਜਿਸ ਦਾ ਬਹੁਤ ਥੋਹੜੇ ਲੋਗਾਂ ਨੂੰ ਧਿਆਨ ਐ, ਥੋਹੜੇ ਲੋਗਾਂ ਨੂੰ ਖਿਆਲ ਐ। ਸਭ ਸਿਖ ਸੰਗਤ ਜਾਣਦੀ ਐ ਕਿ ਗੁਰੂ ਗਰੰਥ ਸਾਹਿਬ ਦੀ ਜਿਤਨੀ ਬਾਣੀ ਐ, ਉਹ ਰਾਗਾਂ ਵਿਚ ਦਰਜ ਐ। ਬਾਣੀ ਸਾਰੀ ਰਾਗਾਂ ਵਿਚ ਉਚਾਰਣ ਕੀਤੀ ਗਈ ਐ। ਲੇਕਿਨ ਭਾਈਓ ਇਹ ਪਰਬੰਧ ਪਹਿਲੋਂ ਸੀ ਸਿਖਾਂ ਦੇ ਅੰਦਰ, ਕਿ ਰਾਗੀ ਜਿਹੜੇ ਨੇ ਬਾਣੀ ਪੜ੍ਹਣ ਤੇ ਜਿਸ ਰਾਗ ਵਿਚ ਬਾਣੀ ਉਚਾਰਣ ਕੀਤੀ ਗਈ ਐ, ਓਵੇਂ ਸੁਰ ਤਾਲ ਵਿਚ ਓਵੇਂ ਰਾਗ ਦੀ ਲੈਅ ਵਿਚ ਬਾਣੀ ਗਾਈ ਜਾਏ। ਇਹ ਚੀਜ਼ ਜਿਹੜੀ ਐ ਘਟ ਗਈ ਐ ਔਰ ਉੱਡ ਗਈ ਐ। ਇਸ ਨੂੰ ਕਾਇਮ ਰੱਖਣ ਲਈ ਔਰ ਇਸ ਨੂੰ ਚਲਾਣ ਲਈ ਮਹਾਰਾਜ ਪ੍ਰਤਾਪ ਸਿੰਘ ਜੀ ਨੇ ਬੜਾ ਭਾਰੀ ਕੰਮ ਕੀਤੇ। ਤੇ ਇਸ ਸਿਲਸਲੇ ਨੂੰ ਉਹਨਾਂ ਨੇ ਬੜੀ ਹੱਦ ਤੱਕ ਕਾਇਮ ਰਖਿਐ।

ਭਾਈਓ, ਉਸ ਤੋਂ ਇਲਾਵਾ ਇਹ ਤਾਂ ਦਸਿਆ ਗਿਐ ਕਿ ਵਿਆਹ ਸ਼ਾਦੀਆਂ ਦੇ ਸਮੇਂ ਖਰਚ ਘਟਾਣ ਲਈ ਉਹਨਾਂ ਨੇ ਉਪਾਅ ਕੀਤਾ। ਲੇਕਿਨ ਹਿੰਦ ਭਰ ਵਿਚ ਇਹ ਮਿਸਾਲ ਨਹੀਂ ਮਿਲੂਗੀ ਕਿ ਦੀਵਾਨਾਂ ਦੇ ਅੰਦਰ ਨਾਮਧਾਰੀ ਸਿੰਘਾਂ ਦੇ ਲੜਕੇ ਤੇ ਲੜਕੀਆਂ ਦੇ ਵਿਆਹ ਕੀਤੇ ਜਾਂਦੇ ਰਹੇ, ਅਨੰਦ ਕਾਰਜ ਕੀਤੇ ਜਾਂਦੇ ਰਹੇ, ਜਿਨ੍ਹਾਂ ਵਿਚ ਗਿਆਰਾਂ ਰੁਪਈਏ ਤੇ ਇਸ ਤੋਂ ਵੀ ਘੱਟ ਖਰਚ ਆਉਂਦਾ ਰਿਹੈ। ਐਸ ਵੇਲੇ ਤਕ ਦੇਸ ਵਿਚ ਮੈਂ ਸਮਝਦੈਂ ਵਿਆਹ ਦੇ ਸਿਲਸਲੇ ਵਿਚ ਸੋਸ਼ਲ ਸੁਧਾਰ ਦਾ ਉਦਮ ਹੋਰ ਕਿਸੇ ਥਾਂ ਵੀ ਨਹੀਂ ਕੀਤਾ ਗਿਆ। ਔਰ ਉਸ ਨੂੰ ਹੋਰ ਕਿਸੇ ਨੇ ਵੀ ਏਨੀ ਤਕਵੀਅਤ ਨਹੀਂ ਪਹੁੰਚਾਈ।

ਇਥੇ ਗਿਆਨੀ ਗੁਰਮੁਖ ਸਿੰਘ ਮੁਸਾਫਰ ਨੇ ਬੋਲਦਿਆਂ ਹੋਇਆਂ ਇਹ ਗੱਲ ਕਹੀ ਸੀ ਕਿ ਸਾਡੇ ਅੰਦਰ ਟਾਲਰੇਸ਼ਨ ਜਾਂ ਬਰਦਾਸ਼ਤ ਯਾ ਆਪਣੀ ਗੱਲ ਛੱਡ ਕੇ ਦੂਸਰੇ ਦੀ ਗਲ ਮੰਨਣੀ ਯਾ ਝਲਣੀ ਐ ਇਸ ਦਾ ਮਾਦਾ ਬੜਾ ਘੱਟ ਗਿਐ। ਬਹੁਤੇਰੇ ਝਗੜੇ ਇਸ ਕਰਕੇ ਨੇ। ਤੇ ਇਹਦੀ ਸੁੰਦਰ ਮਿਸਾਲ ਮੈਂ ਸਮਝਦੈਂ ਕਿ ਦਸ ਵੀਹ ਤੀਹ ਵਰਿਆਂ, ਪਿਛਲਿਆਂ ਵਿਚ ਮਿਲਣੀ ਕਠਨ ਐ ਸਿਖਾਂ ਦੇ ਅੰਦਰ। ਤੋਂ ਇਕ ਮਿਸਾਲ ਮੈਂ ਆਪ ਦੇ ਸਾਹਮਣੇ ਅਰਜ਼ ਕਰਨੀ ਚਾਹਣੈ ਜਿਹੜੀ ਕਿ ਮਹਾਰਾਜ ਪ੍ਰਤਾਪ ਸਿੰਘ ਜੀ ਦੇ ਜੀਵਣ ਸੰਬੰਧੀ ਮਿਸਾਲ ਐ। ਸਭ ਸਜਣ ਜਾਣਦੇ ਨੇ, ਕਿ ਮਹਾਰਾਜ ਪ੍ਰਤਾਪ ਸਿੰਘ ਜੀ ਨੇ ਗੁਰੂ ਨਾਨਕ ਦੇ ਪੰਥ ਦੀਆਂ ਜਿਤਨੀਆਂ ਸੰਪਰਦਾਵਾਂ ਨ ਉਹਨਾਂ ਨੂੰ ਏਥੇ ਇਕੱਠਾ ਕਰਨ ਦਾ ਭਾਰੀ ਉਦਮ ਕੀਤਾ ਅਤੇ ਉਸ ਵਿਚ ਬੜੀ ਸਫਲਤਾ ਪ੍ਰਾਪਤ ਕੀਤੀ। ਇਹ ਵੀ ਸਭ ਸਜਣ ਤੁਸੀਂ ਜਾਣਦੇ ਓ ਕਿ ਕੁਝ ਸਿਖ ਜਿਹੜੇ ਨੇ ਉਹ ਦਸ ਪਾਤਸ਼ਾਹੀਆਂ, ਦਸ ਸਤਿਗੁਰੂ ਮੰਨਦੇ ਨੇ। ਇਹ ਉਹਨਾਂ ਦਾ ਧਾਰਮਕ ਅਕੀਦੈ। ਨਾਮਧਾਰੀ ਸਿੰਘ ਜਿਹੜੇ ਨੇ ਦਸਾਂ ਤੋਂ ਜ਼ਿਆਦਾ ਮੰਨਦੇ ਨੇ। ਇਹਨਾਂ ਦਾ ਧਾਰਮਕ ਅਕੀਦਾ ਇਹ ਐ। ਤੇ ਹੋਰ ਗਲਾਂ ਝਗੜੇ ਵਿਚ ਆਇਆਂ, ਬਹਿਸ ਵਿਚ ਆਇਆਂ ਏਕਤਾ ਕਰਨ ਲਈ ਮਨੁਖ ਕਈ ਗਲਾਂ ਛੱਡ ਦਿੰਦੇ ਪਰ ਜਿਥੇ ਧਾਰਮਕ ਏਕਤਾ ਦੀ ਬਾਤ ਆ ਜਾਏ ਝਗੜਾ ਤੂਲ ਪਕੜਦੈ ਤੇ ਕਈ ਵਾਰੀ ਇਕ ਜਾਂ ਦੂਜੀ ਗੱਲ ਝਗੜੇ ਦਾ ਈ ਕਾਰਨ ਰਹਿੰਦੀ ਐ ਤੇ ਮੇਲ ਨਹੀਂ ਹੋ ਸਕਦਾ। ਜਦ ਸਰਬ ਸੰਪ੍ਰਦਾਇ ਦਾ ਇਕੱਠ ਭੈਣੀ ਸਾਹਿਬ ਵਿਚ ਰਖਿਆ ਗਿਆ ਤਾ ਕੁਛ ਸਿਖ ਸੰਪ੍ਰਦਾਵਾਂ ਵਲੋਂ ਇਹ ਗੱਲ ਕਹੀ ਗਈ ਕਿ ਅਸੀਂ ਉਸ ਵਿਚ ਸ਼ਾਮਲ ਨਹੀਂ ਹੁੰਦੇ



Sri Satguru Jagjit Singh Ji eLibrary NamdhariElibrary@gmail.com

ਇਸ ਲਈ ਕਿ ਓਥੇ ਬਾਰਾਂ ਸਤਿਗੁਰਾਂ ਦੀ ਅਰਦਾਸ ਕੀਤੀ ਜਾਣੀ ਏ।

ਮਹਾਰਾਜ ਨੇ ਪੁਛਿਆ ਕਿ ਕਿਸ ਸ਼ਰਤ ਤੇ ? ਕੀ ਮੰਨ ਕੇ, ਕੀ ਅਸੀਂ ਮੰਨ ਲਈਏ ਤਾਂ ਤੁਸੀਂ ਸਾਰੇ ਇਕੱਠੇ ਹੋਣ ਨੂੰ ਤਿਆਰ ਹੋ।—ਇਹ ਕਿਹਾ ਗਿਆ ਕਿ ਅਰਦਾਸ ਦਸਾਂ ਸਤਿਗੁਰਾਂ ਦੀ ਹੋਵੇ ਤੱਦ ਅਸੀਂ ਇਕੱਠੇ ਹੋਵਾਂਗੇ। ਮੈਂ ਸਮਝਦਾਂ ਕਿ ਹੋਰ ਸਿਖ, ਨਾਮਧਾਰੀ ਸਜਣ ਵੀ ਕਿਤੇ ਮੌਜੂਦ ਹੋਣ ਤੇ ਏਦਾਂ ਦਾ ਧਾਰਮਿਕ ਅੜਿਕਾ ਜਿਥੇ ਆ ਪਵੇ, ਮੈਨੂੰ ਕੋਈ ਆਸ ਤੇ ਉਮੀਦ ਨਹੀਂ ਕਿ ਓਥੇ ਫੈਸਲਾ ਹੋ ਜਾਏ ਤੇ ਗੱਲ ਮੰਨੀ ਜਾਏ। ਇਹ ਮਹਾਰਾਜ ਪ੍ਰਤਾਪ ਸਿੰਘ ਜੀ ਦਾ ਵੱਡਾ ਦਿਲ ਸੀ ਕਿ ਉਹ ਚਾਹੁੰਦੇ ਸੀ ਕਿ ਸਿਖਾਂ ਦੀ ਏਕਤਾ ਹੋਵੇ। ਸਾਰੀਆਂ ਸੰਪਰਦਾਵਾਂ ਇਕੱਤਰ ਹੋਣ। ਉਹਨਾਂ ਨੇ ਇਹ ਮੰਨ ਲਿਆ ਕਿ ਸਰਬ ਸੰਪਰਦਾ ਦੇ ਇਕੱਠ ਵਿਚ ਭੈਣੀ ਸਾਹਿਬ ਵੀ ਜੋ ਅਰਦਾਸ ਹੋਊਗੀ ਅਸੀਂ ਸ਼ਾਮਲ ਹੋਵਾਂਗੇ ਤੇ ਦਸ ਸਤਿਗੁਰੂਆਂ ਦੀ ਅਰਦਾਸ ਕਰੋ ਪਰ ਮੇਲ ਜ਼ਰੂਰ ਕਰੋ, ਇਕੱਤ੍ਰਤਾ ਜ਼ਰੂਰ ਕਰੋ। (ਬੋਲੇ ਸੋ ਨਿਹਾਲ...ਸਤਿ ਸ੍ਰੀ ਅਕਾਲ) ਔਰ ਇਥੇ ਇਸੇ ਹੀ ਤਰ੍ਹਾਂ ਹੋਇਆ। ਮੈਂ ਸਮਝਦਾਂ ਕਿ ਬਰਦਾਸ਼ਤ, ਦੂਜੇ ਨੂੰ ਨੇੜੇ ਲਿਆਕੇ, ਏਕਤਾ ਕਰਨ ਦੀ ਖ਼ਿਆਲ, ਇਸ ਨਾਲੋਂ ਵੱਡੀ ਮਿਲਣ ਜਿਹੜੀ ਐ, ਓਹ ਨਿਹਾਇਤ ਕਠਣ ਐ। ਇਹ ਮੈਂ ਕੁਝ ਗਲਾਂ ਇਸ ਲਈ ਅਰਜ਼ ਕੀਤੀਐਂ ਪਈ ਉਹਨਾਂ ਸਮਿਆਂ ਤੇ ਮੈਨੂੰ ਕੁਝ ਇਹਨਾਂ ਗਲਾਂ ਨੂੰ ਨੇੜਿਓਂ ਵੇਖਣ ਦਾ ਸਮਾਂ ਮਿਲਿਐ। ਉਸ ਤੋਂ ਮੈਂ ਕਹਿ ਸਕਦੇਂ ਕਿ ਉਹਨਾਂ ਨੇ ਬੜੇ ਮਹਾਨ ਕੰਮ ਕੀਤੇ। ਤੇ ਵੱਡੇ ਦਿਲ ਦਾ ਸਬੂਤ ਦਿਤਾ ਜਿਹੜਾ ਕਿ ਇਸ ਪਿਛਲੇ ਬੀਤੇ ਸਮੇਂ ਵਿਚ ਸਿਖਾਂ ਨੂੰ ਇਕੱਤਰ ਕਰਨ ਲਈ ਤੇ ਸਿਖਾਂ ਦੇ ਅੰਦਰ ਧਰਮ ਪਰਚਾਰ, ਬਾਣੀ ਦਾ ਪਰਚਾਰ-ਰਹਿਤ ਦਾ ਪਰਚਾਰ ਜਿਹੜਾ ਏ, ਇਸ ਦੇ ਲਈ ਕਿਸੇ ਹੋਰ ਨੇ ਉੱਦਮ ਨਹੀਂ ਕੀਤਾ।

ਭਾਈਓ ਇਹ ਘਰਾਣਾ, ਇਹ ਗੱਦੀ, ਇਹ ਅਸਥਾਨ, ਬੜੀਆਂ ਉਚੀਆਂ ਰਵਾਇਤਾਂ ਦਾ ਮਾਲਕ ਐ। ਦੇਸ਼ ਭਗਤੀ ਦਾ ਪਰਚਾਰ ਇਥੋਂ ਹੋਇਆ ਹੈ, ਹਿੰਦੂ-ਸਿਖਾਂ ਨੂੰ ਨੇੜੇ ਕਰਨ ਦਾ ਪਰਚਾਰ ਇਸ ਥਾਂ ਤੋਂ ਹੋਇਐ, ਦੇਸ਼ ਦੀ ਆਜ਼ਾਦੀ ਲਈ ਕੁਰਬਾਨੀ ਇਸ ਜਗਹ ਤੋਂ ਹੋਈ ਐ, ਗਊਆਂ ਦੀ ਤੇ ਗਰੀਬਾਂ ਦੀ ਰਾਖੀ ਕਰਨ ਦਾ ਅਮਲ ਤੇ ਉਪਦੇਸ਼ ਜਿਹੜੇ ਉਹ ਇਸ ਥਾਂ ਤੋਂ ਕੀਤਾ ਗਿਐ, ਗੁਰੂ ਗਰੰਥ ਸਾਹਿਬ ਦੀ ਬਾਣੀ ਜਿਹੜੀ ਐ, ਉਸ ਦਾ ਪਰਚਾਰ ਵੱਡੇ ਪੈਮਾਨੇ ਤੇ ਇਸ ਥਾਂ ਤੋਂ ਹੋਇਐ ਤੇ ਗੁਰੂ ਨਾਨਕ ਦਾ ਮੱਤ ਤੇ ਗੁਰੂ ਨਾਨਕ ਦਾ ਪੰਥ ਜਿਹੜਾ ਹੈ ਉਸ ਨੂੰ ਇਸ ਜਗਤ ਤੋਂ ਤਾਕਤ ਮਿਲੀ ਹੈ।

ਭਾਈਓ ਮੇਰੀ ਏਨੀ ਅਰਦਾਸ ਐ, ਏਨੀ ਜਾਚਨਾ, ਇਹ ਰਵਾਇਤਾਂ ਜਿਹੜੀਆਂ ਨੇ ਉਹ ਜਾਰੀ ਰਹਿਣ ਇਹਨਾਂ ਨੂੰ ਕਾਮਯਾਬੀ ਹੋਵੇ। ਔਰ ਏਸ ਤਰ੍ਹਾਂ ਪੰਜਾਬ ਦਾ ਦੇਸ਼ ਦਾ ਤੇ ਸਿਖਾਂ ਦਾ ਭਲਾ ਹੋਵੇ।

ਇਕ ਗੱਲ ਮੈਂ ਹੋਰ ਕਹਿਣੀ ਚਾਹੁੰਣੈ। ਮੈਨੂੰ ਇਤਿਹਾਸਕ ਤਫਸੀਲ ਦਾ ਨਹੀਂ ਪਤਾ, ਜੇ ਮਹਾਰਾਜ ਹਰੀ ਸਿੰਘ ਜੀ ਜਦ ਗੱਦੀ ਤੇ ਬੈਠੇ ਨੇ ਤੇ ਉਸ ਸਮੇਂ ਸਾਰੇ ਈ ਵਿਚਾਰਾਂ ਦੇ ਸਿੱਖਾਂ ਦਾ ਇਕੱਠ ਹੋਇਆ ਸੀ ਕਿ ਨਹੀਂ ਹੋਇਆ। ਸਾਰੀਆਂ ਸੰਪ੍ਰਦਾਵਾਂ ਇਕੱਤਰ ਹੋਈਆਂ ਸਨ ਕਿ ਨਹੀਂ ਹੋਈਆਂ ਸਨ। ਮੈਨੂੰ ਇਸ ਗੱਲ ਦਾ ਇਲਮ ਨਹੀਂ। ਸ਼ਾਇਦ ਕਈ ਹਿੱਸੇ ਪੰਥ ਦੇ ਇਕੱਠੇ ਨਾ ਹੋਏ ਹੋਣ...ਓਦੋਂ ਸਰਕਾਰ ਅੰਗਰੇਜ਼ੀ ਦੀ ਬੜੀ ਕਰੋਪੀ ਸੀ ਭੈਣੀ ਸਾਹਿਬ ਤੇ, ਤੇ ਜਿਹੜੇ ਲਾਭ ਸਮਝਦੇ ਸੀ ਸਰਕਾਰ ਨਾਲ ਨੇੜ ਰਖਣ ਵਿਚ ਓਹ ਓਸ ਵੇਲੇ ਨਹੀਂ ਆਏ ਹੋਣਗੇ, ਐਸਾ ਮੇਰਾ ਅੰਦਾਜ਼ ਐ, ਲੇਕਿਨ ਮੈਨੂੰ ਤਫਸੀਲ ਤੇ ਵਾਕਿਆਤ ਦਾ ਪਤਾ ਨਹੀਂ। ਤੇ ਮੈਂ ਕਹਿਣਾ ਚਾਹਣੈਂ ਕਿ ਭੈਣੀ ਸਾਹਿਬ ਦੇ ਅੰਦਰ ਅਜ ਪਹਿਲੀ ਵਾਰੀ ਇਕੱਤਰਤਾ ਹੋਈ ਹੈ ਬਾਬਾ ਜਗਜੀਤ ਸਿੰਘ ਜੀ ਦੀ ਜਾ-ਨਸ਼ੀਨੀ ਸਮੇਂ ਜਿਸ ਵੇਲੇ ਕਿ ਸਿੱਖਾਂ ਦੀਆਂ ਸਾਰੀਆਂ ਸੰਪਰਦਾਵਾਂ, ਤੇ ਸਿਖ ਸੰਪਰਦਾਵਾਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਪੰਜਾਬੀ ਹਿੰਦੂ ਭਾਈ ਇਕੱਠੇ ਹੋਏ ਨੇ ਤੇ ਇਸ ਵੇਲੇ ਇਹ ਗੱਦੀ ਜਿਹੜੀ ਏ, ਇਹ ਅਸਥਾਨ ਦਾ ਪ੍ਰਬੰਧ ਜਿਹੜਾ ਐ, ਇਹ ਤਾਂ ਮੁਖ ਤੌਰ ਤੇ ਨਾਮਧਾਰੀ ਸਿੰਘਾਂ ਦੀ ਚੀਜ਼ ਹੈ ਔਰ ਉਹਨਾਂ ਦਾ ਈ ਵਿਰਸਾ ਹੈ। ਪਰ ਮੈਂ ਇਹ ਕਹਾਂਗਾ ਕਿ ਪਹਿਲੀ ਗੱਦੀ ਜਿਹੜੀ ਐ, ਉਸ ਸਮੇਂ ਤਾਂ ਕੇਵਲ ਨਾਮਧਾਰੀ ਹੀ ਇਕੱਠੇ ਹੋਏ ਹੋਣਗੇ, ਅੱਜ ਪੰਥ ਦੇ ਸਾਰੇ ਅੰਗ ਇਕੱਠੇ ਹੋਏ ਨੇ, ਇਸ ਕਰਕੇ ਇਹਨਾਂ ਤੇ ਪਹਿਲਾਂ ਨਾਲੋਂ ਵੀ ਜ਼ਿਆਦਾ ਜ਼ੁਮੇਵਾਰੀ ਆ ਗਈ ਏ। (ਬੋਲੇ ਸੋ ਨਿਹਾਲ......) ਔਰ ਮੈਂ ਆਸ ਕਰਦੇਂ ਕਿ ਨਾਮਧਾਰੀ ਸਿੰਘਾਂ ਦੀ ਇਹ ਸੇਵਾ ਅਗਵਾਈ, ਤਰੱਕੀ ਦਾ ਉੱਦਮ ਕਰਦੇ ਹੋਏ ਇਹ ਗੁਰੂ ਨਾਨਕ ਦੇ ਪੰਥ ਦੇ ਬਾਕੀ ਵੀ ਜਿਹੜੇ ਅੰਗ ਨੇ ਉਹਨਾਂ ਦੇ ਸਹਾਇਕ ਰਹਿਣਗੇ ਔਰ ਪੰਥ ਨੂੰ ਚੜ੍ਹਦੀ ਕਲਾ ਵਿਚ ਕਰਨਗੇ। ਬਸ ਏਨੀ ਅਰਜ਼ ਕਰਕੇ ਮੈਂ ਆਪਣੀ ਬੇਨਤੀ ਖਤਮ ਕਰਦੇਂ।

ਵਾਹਿਗੁਰੂ ਜੀ ਕਾ ਖਾਲਸਾ

ਵਾਹਿਗੁਰੂ ਜੀ ਕੀ ਫਤਹਿ॥



Sri Satguru Jagjit Singh Ji eLibrary NamdhariElibrary@gmail.com

# ਪਾਤਰ ਨੂੰ ਪੁਰਸਕਾਰ ਲੈ ਲੈਣਾ ਚਾਹੀਦਾ

—ਸਤਨਾਮ ਚਾਨਾ

ਸੁਰਜੀਤ ਪਾਤਰ ਵਲੋਂ ਪੰਜਾਬ ਸਰਕਾਰ ਦਾ ਸ਼ਰੋਮਣੀ ਸਾਹਿਤਕਾਰ-ਪੁਰਸਕਾਰ ਠੁਕਰਾ ਦੇਣ ਤੋਂ ਬਾਦ ਜਾਂ ਇੰਝ ਕਹਿ ਲਈਏ ਕਿ ਠੁਕਰਵਾ ਦੇਣ ਤੋਂ ਬਾਦ ਕਈ ਪ੍ਰਕਾਰ ਦੀ ਚਰਚਾ ਹੋਈ ਹੈ। ਇਸ ਚਰਚਾ ਵਿਚ ਸੁਰਜੀਤ ਪਾਤਰ ਦੀ ਇਸ ਕਾਰਵਾਈ ਨੂੰ ਵੱਖ ਵੱਖ ਨਜ਼ਰੀਏ ਤੋਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਜਿਸ ਵਿਚ ਮਖੌਲ ਦਾ ਨਜ਼ਰੀਆ ਵੀ ਸ਼ਾਮਲ ਹੈ ਅਤੇ ਜਿਸ ਵਿਚ ਸਿੱਖ ਬਨਾਮ ਕਮਿਊਨਿਸਟ ਨਜ਼ਰੀਆ ਵੀ ਸ਼ਾਮਲ ਹੈ। ਪੁਰਸਕਾਰ ਪ੍ਰਦਾਨ ਕਰਨ ਦੇ ਨਿਸਚਤ ਮਿਆਰਾਂ ਬਾਰੇ ਇਕ ਨਾ ਇਕ ਦਿਨ ਚਰਚਾ ਹੋਣੀ ਹੀ ਸੀ ਅਤੇ ਇਹ ਚਰਚਾ ਸੁਰਜੀਤ ਪਾਤਰ ਦੇ ਨਾਮ ਨਾਲ ਜੁੜ ਗਈ ਹੈ। ਪੁਰਸਕਾਰਾਂ ਦੇ ਪਿਛਲੇ ਇਤਿਹਾਸ ਵਿਚ ਕੁਝ ਨਾ ਕੁਝ ਪੁਰਸਕਾਰ ਯੋਗ ਵਿਅਕਤੀਆਂ ਨੂੰ ਦਿੱਤੇ ਜਾਂਦੇ ਰਹੇ ਹਨ ਅਤੇ ਬਾਕੀ ਪੁਰਸਕਾਰ ਅਯੋਗ ਜਾਂ ਏਥੋਂ ਤੱਕ ਕਿ ਮੂੰਹ ਮੁਲ੍ਹਾਜ਼ੇ ਨੂੰ ਦਿੱਤੇ ਜਾਂਦੇ ਰਹੇ ਹਨ। ਇਹ ਸਬੰਧਤ ਮੰਤਰੀ ਜਾਂ ਸਮੇਂ ਦੀ ਸਰਕਾਰ ਦੀ ਨਜ਼ਰ ਇਨਾਇਤ ਉਤੇ ਨਿਰਭਰ ਕਰਦਾ ਹੈ। ਅਸਲ ਵਿਚ ਅਯੋਗ ਵਿਅਕਤੀਆਂ ਦੀ ਚਾਪਲੂਸੀ ਨੂੰ ਸਤਿਕਾਰਤ ਸਥਾਨ ਪ੍ਰਦਾਨ ਕਰਨ ਲਈ ਹੀ ਕੁਝ ਯੋਗ ਵਿਅਕਤੀਆਂ ਨੂੰ ਵੀ (ਮਜਬੂਰਨ) ਪੁਰਸਕਾਰ ਦੇਣੇ ਪੈ ਜਾਂਦੇ ਹਨ। ਅਜਿਹੀ ਸਥਿਤੀ ਵਿਚ ਯੋਗ ਵਿਅਕਤੀਆਂ ਨੂੰ ਆਪਣੀ ਹੱਤਕ ਮਹਿਸੂਸ ਨਹੀਂ ਕਰਨੀ ਚਾਹੀਦੀ ਅਤੇ ਨਾ ਹੀ ਉਨ੍ਹਾਂ ਵਿਅਕਤੀਆਂ ਨੂੰ ਹੱਤਕ ਮਹਿਸੂਸ ਕਰਨੀ ਚਾਹੀਦੀ ਹੈ ਜਿਹੜੇ ਪੁਰਸਕਾਰ ਦੇ ਯੋਗ ਹੋਣ ਦੇ ਬਾਵਜੂਦ ਵੀ ਰਹਿ ਜਾਂਦੇ ਹਨ। ਪੰਜਾਬ ਵਿਚ ਬਹੁਤ ਸਾਰੇ ਅਜੇਹੇ ਯੋਗ ਵਿਅਕਤੀ ਮਿਲ ਜਾਣਗੇ ਜਿਹੜੇ ਪੁਰਸਕਾਰ ਸਥਾਪਤ ਹੋਣ ਦੇ ਪਹਿਲੇ ਦਿਨ ਹੀ ਸਨਮਾਨੇ ਜਾਣੇ ਚਾਹੀਦੇ ਸਨ ਪਰ ਅਜੇ ਤੱਕ ਨਹੀਂ ਸਨਮਾਨੇ ਗਏ ਸ਼ਾਇਦ ਨਹੀਂ ਵੀ ਸਨਮਾਨੇ ਜਾਣਗੇ।

ਜਿਨ੍ਹਾਂ ਵੀ ਵਿਅਕਤੀਆਂ ਨੇ ਸੁਰਜੀਤ ਪਾਤਰ ਨੂੰ ਪੁਰਸਕਾਰ ਠੁਕਰਾਉਣ ਲਈ ਮਜਬੂਰ ਕੀਤਾ ਜਾਂ ਉਕਸਾਇਆ ਹੈ ਉਨ੍ਹਾਂ ਨੂੰ ਚਾਹੀਦਾ ਸੀ ਕਿ ਉਹ ਉਨ੍ਹਾਂ ਵਿਅਕਤੀਆਂ ਬਾਰੇ ਚਰਚਾ ਕਰਦੇ ਜਿਹੜੇ ਪੁਰਸਕਾਰਾਂ ਦੇ ਹੱਕਦਾਰ ਨਾ ਹੋਣ ਦੀ ਸੂਰਤ ਵਿਚ ਪੁਰਸਕਾਰ ਲੈ ਗਏ ਹਨ। ਸੁਰਜੀਤ ਪਾਤਰ ਦੇ 'ਸ਼ੁਭਚਿੰਤਕਾਂ' ਨੇ ਗਲਤ ਪੈਂਤੜੇ ਤੋਂ ਵਾਰ ਕੀਤਾ ਹੈ। ਉਨ੍ਹਾਂ 'ਸ਼ੁਭਚਿੰਤਕਾਂ' ਨੇ 'ਨਾਕਾਬਲ' ਵਿਅਕਤੀਆਂ ਦਾ ਨਾਮ ਨਾ ਲੈ ਸਕਣ ਦੀ ਆਪਣੀ ਬੁਜ਼ਦਿਲੀ ਸੁਰਜੀਤ ਪਾਤਰ ਉੱਤੇ ਲੱਦ ਦਿੱਤੀ ਹੈ। ਚਰਚਾ ਪੁਰਸਕਾਰ ਪ੍ਰਦਾਨ ਕਰਨ ਦੀਆਂ ਨੀਤੀਆਂ ਤੇ ਹੋਣੀ ਚਾਹੀਦੀ ਸੀ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਪੰਜਾਬ ਸਰਕਾਰ ਦੇ ਇਹ ਪੁਰਸਕਾਰ ਆਪਣਾ ਮਾਨਸਨਮਾਨ ਗੁਆ ਚੁੱਕੇ ਹਨ। ਜੇਕਰ ਸਿਲਸਿਲਾ ਇੰਝ ਹੀ ਜਾਰੀ ਰਿਹਾ ਤਾਂ ਉਹ ਦਿਨ ਦੂਰ ਨਹੀਂ ਜਦੋਂ ਪੁਰਸਕਾਰ ਪ੍ਰਾਪਤ ਕਰਨ ਵਾਲੇ ਨੂੰ ਸਬੰਧਤ ਸਰਕਲਾਂ ਵਿਚ ਘਿਰਨਾ ਦੀ ਨਜ਼ਰ ਨਾਲ ਦੇਖਿਆ ਜਾਇਆ ਕਰੇਗਾ। ਉਸਨੂੰ ਸਤਿਕਾਰਤ ਚਾਪਲੂਸ ਕਿਹਾ ਜਾਇਆ ਕਰੇਗਾ। ਇਨ੍ਹਾਂ ਮੰਦੇ ਦਿਨਾਂ ਨੂੰ ਆਉਣ ਤੋਂ ਰੋਕਣਾ ਚਾਹੀਦਾ ਹੈ ਪ੍ਰੰਤੂ ਕਿਸੇ ਕਾਰਗਰ ਅਤੇ ਅਰਥ ਭਰਪੂਰ ਤਰੀਕੇ ਨਾਲ ਨਾ ਕਿ ਕਿਸੇ ਇਕ ਵਿਅਕਤੀ ਨੂੰ ਦਾਅ ਉਪਰ ਲਾ ਕੇ। ਕੀ ਸਾਰੇ ਹੀ ਖੇਤਰਾਂ ਦੇ ਸਮਰੱਥ ਵਿਅਕਤੀ ਅਗਾਊਂ ਹੀ ਅਜੇਹਾ ਐਲਾਨ ਕਰਨ ਲਈ ਤਿਆਰ ਹਨ ਕਿ ਭਵਿੱਖ ਵਿਚ ਜੇਕਰ ਪੁਰਸਕਾਰਾਂ ਦੀ ਵਰਤਮਾਨ ਪਿਰਤ ਜਾਰੀ ਰੱਖੀ ਗਈ ਜਾਂ ਜੇ ਉਨ੍ਹਾਂ ਨੂੰ ਅਯੋਗ ਵਿਅਕਤੀਆਂ ਦੀ ਕਤਾਰ ਵਿਚ ਖੜ੍ਹਾ ਕੀਤਾ ਗਿਆ ਤਾਂ ਉਹ ਪੁਰਸਕਾਰ ਠੁਕਰਾ ਦੇਣਗੇ ? ਜੇਕਰ ਉਹ ਆਪ ਅਜੇਹਾ ਨਹੀਂ ਕਰ ਸਕਦੇ ਤਾ ਉਨ੍ਹਾਂ ਲਈ ਇਹ ਭੀ ਸ਼ੋਭਾ ਨਹੀਂ ਦਿੰਦਾ ਕਿ ਉਹ ਕਿਸੇ ਹੋਰ ਨੂੰ ਦਾਅ ਉਤੇ ਲਾ ਦੇਣ।

ਇਸ ਸੰਦਰਭ ਵਿਚ ਡਾਕਟਰ ਦਰਸ਼ਨ ਸਿੰਘ ਦਾ ਪ੍ਰਤੀਕਰਮ ਵਧੇਰੇ ਇਮਾਨਦਾਰੀ ਵਾਲਾ ਹੈ ਜਿਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਅਸਲ ਵਿਚ ਇਹ ਪੁਰਸਕਾਰ ਉਨ੍ਹਾਂ ਨੇ ਆਪਣੇ ਲਈ ਰੱਖੇ ਸਨ। ਉਨ੍ਹਾਂ ਨੇ ਪੁਰਸਕਾਰਾਂ ਦੀ ਅਸਲੀ ਭਾਵਨਾ ਦਾ ਤਰਜਮਾ ਕੀਤਾ ਹੈ ਜਿਹੜਾ ਸਮਰੱਥ ਵਿਅਕਤੀਆਂ ਦੇ ਮਨੋਰਥਾਂ ਨਾਲ ਮੇਲ ਨਹੀਂ ਖਾਂਦਾ। ਸਰਕਾਰਾਂ ਦੇ ਪੁਰਸਕਾਰ ਉਨ੍ਹਾਂ ਲਈ ਹੁੰਦੇ ਹਨ ਜੋ ਸਰਕਾਰੀ ਦਰਸ਼ਨ ਨੂੰ ਅਗੇ ਵਧਾਉਣ ਵਿਚ ਮਿਸਾਲੀ ਭੂਮਿਕਾ ਨਿਭਾਉਣ। ਡਾਕਟਰ ਦਰਸ਼ਨ ਸਿੰਘ ਅਨੁਸਾਰ ਤਾਂ ਗਲਤ ਵਿਅਕਤੀ ਉਹ ਹਨ ਜਿਨ੍ਹਾਂ ਨੂੰ ਪਹਿਲਾਂ ਯੋਗ ਸਮਝਕੇ ਪੁਰਸਕਾਰ ਦਿੱਤੇ ਜਾਂਦੇ ਰਹੇ ਸਨ। ਜਿਨ੍ਹਾਂ ਨੂੰ ਸ਼ਾਇਦ ਦੱਬੀ ਜ਼ਬਾਨ ਨਾਲ ਕਮਿਊਨਿਸਟ ਵੀ ਕਿਹਾ ਜਾ ਰਿਹਾ ਹੈ। ਜੇਕਰ ਅਜਿਹੀਆਂ ਰੁਚੀਆਂ ਜਿਨ੍ਹਾਂ ਦੀ ਪ੍ਰਤੀਨਿਧਤਾ ਡਾਕਟਰ ਸਾਹਿਬ ਨੇ ਕੀਤੀ ਹੈ ਹੋਰ



Sri Satguru Jagjit Singh Ji eLibrary NamdhariElibrary@gmail.com

ਪਰਬਲ ਹੁੰਦੀਆਂ ਗਈਆਂ ਤਾਂ ਉਹ ਦਿਨ ਦੂਰ ਨਹੀਂ ਜਦੋਂ ਸੁਰਜੀਤ ਪਾਤਰ ਵਰਗੇ ਸਮਰੱਥ ਸਾਹਿਤਕਾਰ ਨੂੰ ਪੁਰਸਕਾਰ ਦਿੱਤੇ ਜਾਣ ਉਤੇ ਦੂਜੇ (ਨਾਕਾਬਲ) ਵਿਅਕਤੀ ਆਪਣੇ ਪੁਰਸਕਾਰ ਵਾਪਿਸ ਕਰ ਦਿਆ ਕਰਨਗੇ ਕਿਉਂਕਿ ਪੁਰਸਕਾਰ ਪ੍ਰਦਾਨ ਕਰਨ ਦਾ ਦਰਸ਼ਨ ਤਬਦੀਲ ਹੋ ਰਿਹਾ ਹੈ। ਜਦੋਂ ਦਰਸ਼ਨ ਹੀ ਤਬਦੀਲ ਹੋ ਰਿਹਾ ਹੈ ਤਾਂ ਇਸ ਉਪਰ ਨਰਾਜ਼ਗੀ ਪ੍ਰਗਟ ਕਰਨ ਦਾ ਕੋਈ ਅਧਾਰ ਨਹੀਂ ਬਣਦਾ। ਕਿਉਂਕਿ ਹਰ ਦਰਸ਼ਨ ਦਾ ਆਪਣਾ ਆਪਣਾ ਗਜ਼ ਹੈ, ਪੈਮਾਨਾ ਹੈ। ਜੇਕਰ ਕਮਿਊਨਿਸਟਾਂ ਨੂੰ ਸੋਲਜ਼ੇਨਿਤਸਨ ਦੀ ਪੱਤ ਰੋਲਣ ਦਾ ਅਧਿਕਾਰ ਹੈ ਤਾਂ ਦੂਜੇ ਵੀ ਇਸ ਨਜ਼ਰੀਏ ਤੋਂ ਉਤਸ਼ਾਹ ਲੈਣ ਦਾ ਅਧਿਕਾਰ ਰਖਦੇ ਹਨ ਅਤੇ ਵਿਰੋਧੀ ਵਿਚਾਰਧਾਰਾ ਨੂੰ ਨਕਾਰ ਸਕਦੇ ਹਨ। ਲਗਦਾ ਹੈ ਕਿ ਇਸ ਪਾਸੇ ਵਲ ਤਬਦੀਲੀ ਦਾ ਵਿਚਕਾਰਲਾ ਦੌਰ ਚਲ ਰਿਹਾ ਹੈ।

ਫੇਰ ਵੀ ਇਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਪੰਜਾਬ ਸਰਕਾਰ (ਕਾਂਗਰਸ ਹੋਵੇ ਜਾਂ ਅਕਾਲੀ) ਦਾ ਪੁਰਸਕਾਰ ਰੁਪੈਆਂ ਵਿਚ ਭਾਵੇਂ ਇਕਵੰਜਾ ਹਜ਼ਾਰ ਦਾ ਹੋਵੇ ਜਾਂ ਇੱਕੀ ਹਜ਼ਾਰ ਦਾ ਸਮਾਜ ਵਿਚ ਅਥਵਾ ਦੂਜੇ ਵਰਗਾਂ ਲਈ ਇਕ ਧੇਲਾ ਕੀਮਤ ਨਹੀਂ ਰੱਖਦਾ। ਨਾ ਹੀ ਸਰਕਾਰੀ ਦਫਤਰਾਂ ਵਿਚ ਉਸਦੀ ਕੋਈ ਕੀਮਤ ਹੈ ਅਤੇ ਨਾ ਹੀ ਗੈਰਸਰਕਾਰੀ। ਏਥੋਂ ਤੱਕ ਕਿ ਸਰਕਾਰ ਦੇ ਆਪਣੇ ਸਮਾਗਮਾਂ ਵਿਚ ਵੀ ਇਨ੍ਹਾਂ ਪੁਰਸਕਾਰ ਹੋਲਡਰਾਂ ਦੀ ਕੋਈ ਪੁਛ ਪ੍ਰਤੀਤ ਨਹੀਂ ਹੁੰਦੀ। ਪੁਰਸਕਾਰ ਪ੍ਰਦਾਨ ਕਰਨ ਤੋਂ ਬਾਦ ਪੁਰਸਕਾਰ ਪ੍ਰਾਪਤ ਕਰਤਾ ਨਾਲ ਕੀ ਬੀਤਦੀ ਹੈ ਇਸ ਬਾਰੇ ਕਦੇ ਕਿਸੇ ਨੇ ਨਹੀਂ ਸੋਚਿਆ। ਪੁਰਸਕਾਰ ਹੋਲਡਰਾਂ ਦੀ ਭਾਸ਼ਾ ਵਿਭਾਗ ਦੇ ਆਪਣੇ ਸਮਾਗਮਾਂ ਵਿਚ ਬੇਪਤੀ ਹੁੰਦੀ ਵੇਖੀ ਗਈ ਹੈ। ਕਿਸੇ ਵੀ ਸਧਾਰਨ ਨਾਗਰਿਕ ਨਾਲੋਂ ਉਸਦਾ ਕੋਈ ਵਖਰੇਵਾਂ ਨਹੀਂ। ਹਰ ਦਫਤਰ ਦਾ ਚਪੜਾਸੀ ਉਸ ਨਾਲ ਉਹੀ ਦੁਰਵਿਹਾਰ ਕਰਦਾ ਹੈ ਜਿਹੜਾ ਆਮ ਵਿਅਕਤੀ ਨਾਲ। ਪੁਲਿਸ ਦਾ ਹੌਲਦਾਰ ਪੁਰਸਕਾਰ ਹੋਲਡਰ ਨੂੰ ਓਨੀਆਂ ਹੀ ਗਾਲ੍ਹਾਂ ਕਢਦਾ ਹੈ ਜਿੰਨੀਆਂ ਕਿਸੇ ਰਿਕਸ਼ਾ ਵਾਲੇ ਨੂੰ। ਜੇਕਰ ਉਹ ਦੱਸ ਬੈਠੇ ਕਿ ਉਸਨੂੰ ਪੁਰਸਕਾਰ ਮਿਲਿਆ ਹੋਇਆ ਹੈ ਤਾਂ ਦੋ ਗਾਲ੍ਹਾਂ ਵਧੇਰੇ ਵੀ ਖਾ ਸਕਦਾ ਹੈ।

ਪੁਰਸਕਾਰ ਇਸ ਤਰ੍ਹਾਂ ਦੇ ਨਹੀਂ ਹੁੰਦੇ। ਜਿਸ ਨੂੰ ਅਸੀਂ ਪੁਰਸਕਾਰ ਕਹਿ ਰਹੇ ਹਾਂ ਇਹ ਪੁਰਸਕਾਰ ਦਾ ਮਜ਼ਾਕ ਹੈ। ਇਨ੍ਹਾਂ ਸਤਰਾਂ ਦੇ ਲੇਖਕ ਨੂੰ ਇਕ ਪੁਰਸਕਾਰ ਦਾ ਤਜਰਬਾ ਹੋਇਆ ਹੈ ਸਦੋਂ ਬੁਲਗਾਰੀਆ ਦੇ ਨੈਸ਼ਨਲ ਫਰੰਟ ਨੇ ਸੱਫੀਆ ਬੁਲਾ ਕੇ ਇਸ ਲੇਖਕ ਨੂੰ ਇਕ ਪੁਰਸਕਾਰ ਦਿਤਾ ਸੀ। ਫਰੰਟ ਦੇ ਜਿਸ ਆਗੂ ਨੇ ਪੁਰਸਕਾਰ ਦਿਤਾ ਉਸਨੇ ਇਕ ਮੈਡਲ ਲੇਖਕ ਨੂੰ ਦਿੰਦਿਆਂ ਕਿਹਾ ਕਿ ਜੇਕਰ ਤੁਸੀਂ ਇਹ ਮੈਡਲ ਲਾ ਕੇ ਦਿੱਲੀ ਵਿਚ ਸਥਿਤ ਬੁਲਗਾਰੀਅਨ ਅੰਬੈਸੀ ਵਿਚ ਜਾਉਗੇ ਤਾਂ ਸਾਡਾ ਅੰਬੈਸਡਰ ਤੁਹਾਨੂੰ ਰਿਸੈਪਸ਼ਨ ਤੋਂ ਲੈਣ ਆਏਗਾ।

ਕੀ ਪੰਜਾਬ ਸਰਕਾਰ ਦਾ ਪੁਰਸਕਾਰਤ ਵਿਅਕਤੀ ਜੇਕਰ ਪੰਜਾਬ ਦੇ ਮੁੱਖ ਮੰਤਰੀ ਦੀ ਕੋਠੀ ਜਾਵੇ ਤਾਂ ਇਕ ਸਧਾਰਨ ਸਿਪਾਹੀ ਉਸਨੂੰ ਗੇਟ ਤੋਂ ਅੰਦਰ ਜਾਣ ਦੇਵੇਗਾ? ਕਿਸੇ ਅਫ਼ਸਰ ਵਲੋਂ ਉਸਦਾ ਸਵਾਗਤ ਕਰਨਾ ਤੇ ਅੰਦਰ ਲਿਜਾਣਾ ਤਾਂ ਇਕ ਪਾਸੇ ਰਿਹਾ।

ਪੁਰਸਕਾਰ ਦੀ ਇਹ ਬੇਪਤੀ ਪੁਰਸਕਾਰ ਪ੍ਰਦਾਨ ਕਰਨ ਦੀਆਂ ਨੀਤੀਆਂ ਕਾਰਨ ਹੋਈ ਹੈ। ਤੇ ਏਸੇ ਹੀ ਪੁਰਸਕਾਰ ਦੇ ਨਾਮ ਉਤੇ ਸ਼ੁਰੂ ਹੋਈ ਚੁੰਝਾਖੋਹੀ ਨੂੰ ਸਿਧਾਂਤਕ ਬੁਰਕਾ ਪਹਿਨਾਉਣ ਦਾ ਉਪਰਾਲਾ ਹੋ ਰਿਹਾ ਹੈ। ਇਸ ਦੀ ਥੋੜੀ ਬਹੁਤ ਬਚੀਖੁੱਚੀ ਇੱਜ਼ਤ ਦਾ ਘਾਣ ਹੋਣ ਤੋਂ ਰੋਕਣ ਲਈ ਪਾਤਰ ਨੂੰ ਇਹ ਪੁਰਸਕਾਰ ਲੈ ਲੈਣਾ ਚਾਹੀਦਾ ਹੈ। ਸ਼ੁਭਚਿੰਤਕ ਲੜਾਈ ਕਿਸੇ ਹੋਰ ਵਿਧੀ ਨਾਲ ਲੜਨ।


ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Turn Turn : 220010

**Makhan Singh Saggu**

**TECHNO INDUSTRIES**

**ਟੈਕਨੋ ਇੰਡਸਟਰੀਜ਼**

Manufacturers, Fabricators & Exporters
Industrial Chain Sprockets & Sugar Mill
Spares All Types of Graded Casting
& Machinery Parts

E.D. 311, Old Railway Road,
JALANDHAR-144001.





Sri Satguru Jagjit Singh Ji eLibrary NamdhariElibrary@gmail.com

# ਮਾਲੇਰਕੋਟਲੇ ਦਾ ਸ਼ਹੀਦੀ ਕਾਂਡ

—ਸੰਤ ਨਿਧਾਨ ਸਿੰਘ 'ਆਲਿਮ'

## ਸੰਪਾਦਕ ਵਲੋਂ ਨੋਟ

੧੭ ਅਤੇ ੧੮ ਜਨਵਰੀ ਦੇ ਦਿਨ ਬਲੀਦਾਨਾਂ ਦੇ ਇਤਿਹਾਸ ਵਿਚ ਉਚੇਚੀ ਮਹੱਤਤਾ ਰੱਖਦੇ ਹਨ। ਇਹਨਾਂ ਦਿਨਾਂ ਵਿਚ ੬੬ ਨਾਮਧਾਰੀ ਸਿੰਘਾਂ ਨੇ ਮਲੇਰਕੋਟਲੇ ਵਿਚ ਤੋਪਾਂ ਦੇ ਸਾਹਮਣੇ ਖੜ੍ਹ ਕੇ ਸ਼ਹੀਦੀਆਂ ਪਾਈਆਂ ਸਨ। ਇਹਨਾਂ ਸ਼ਹੀਦਾਂ ਵਲੋਂ ਦਿਖਾਈ ਸਿਖਰ ਦੀ ਜੁਰੱਅਤ, ਤਿਆਗ ਅਤੇ ਕੁਰਬਾਨੀ ਦੀ ਮਿਸਾਲ ਨਹੀਂ ਮਿਲਦੀ। ਜਦੋਂ ਅੰਗਰੇਜ਼ ਹਕੂਮਤ ਦੇ ਵਿਰੁਧ ਕਿਸੇ ਗੱਲ ਦਾ ਹੁੰਗਾਰਾ ਭਰਨ ਦਾ ਵੀ ਕਿਸੇ ਵਿਚ ਹੌਂਸਲਾ ਨਹੀਂ ਸੀ। ਜਦੋਂ ਅੰਗਰੇਜ਼ੀ ਰਾਜ ਦੀਆਂ ਬਰਕਤਾਂ ਦੇ ਸੋਹਲੇ ਗਾਉਣ ਵਿਚ ਦੇਸ ਦੇ ਰਾਜੇ ਪੁਜਾਰੀ ਅਤੇ ਧਾਰਮਕ ਲੋਕ ਇਕ ਦੂਜੇ ਨੂੰ ਮਾਤ ਪਾਉਂਦੇ ਸਨ ਤਾਂ ਉਦੋਂ ਸਤਿਗੁਰੂ ਰਾਮ ਸਿੰਘ ਜੀ ਉੱਚੀ-ਸੁੱਚੀ ਸ਼ਖ਼ਸੀਅਤ ਨੇ ਪੰਜਾਬੀਆਂ ਦੀ ਸੁੱਤੀ ਹੋਈ ਆਤਮਾ ਨੂੰ ਜ਼ਬਾਨ ਬਖਸ਼ੀ। ਸਤਿਗੁਰੂ ਰਾਮ ਸਿੰਘ ਜੀ ਦੇ ਪੈਰੋਕਾਰ ਨਾਮਧਾਰੀਆਂ ਜਾਂ ਕੂਕਿਆਂ ਨੇ ਅੰਗਰੇਜ਼ ਦੇ ਝੂਠੇ ਇਨਸਾਫ ਦੇ ਪ੍ਰਚਾਰ ਦੀ ਮਿੱਟੀ ਪਲੀਤ ਕਰਕੇ ਰਖ ਦਿਤੀ ਅਤੇ ਜਿਸ ਸ਼ਾਨ ਨਾਲ ਉਹਨਾਂ ਅੰਮ੍ਰਿਤਸਰ, ਰਾਏਕੋਟ, ਲੁਧਿਆਣਾ ਅਤੇ ਮਾਲੇਰਕੋਟਲਾ ਵਿਚ ਸ਼ਹੀਦੀਆਂ ਪ੍ਰਾਪਤ ਕੀਤੀਆਂ ਉਸ ਨੇ ਲੋਕਾਂ ਦਿਲਾਂ ਵਿਚੋਂ ਅੰਗਰੇਜ਼ੀ ਰਾਜ ਦਾ ਡਰ ਉੱਕਾ-ਪੁੱਕਾ ਹੀ ਮਿਟਾ ਦਿਤਾ।

ਸਵਰਗੀ ਸੰਤ ਨਿਧਾਨ ਸਿੰਘ 'ਆਲਿਮ' "ਨਾਮਧਾਰੀ ਕੂਕਾ ਤਹਿਰੀਕ" ਦੇ ਨਾਮਵਰ ਲੇਖਕ ਹਨ। ਆਲਿਮ—ਲੇਖਕ, ਇਤਿਹਾਸਕਾਰ, ਕਵੀ, ਗੀਤਕਾਰ, ਸੰਗੀਤਕਾਰ, ਪ੍ਰਬੁੱਧ ਵਕਤਾ ਸਮਾਜੀ ਅਤੇ ਸਿਆਸੀ ਲੀਡਰ ਵੀ ਸਨ। ਉਹਨਾਂ ਦੀ "ਜੁਗ ਪਲਟਾਉ ਸਤਿਗੁਰੂ" ਇਤਿਹਾਸਕ ਪੁਸਤਕ ਅੱਜ ਤੋਂ ਅੱਧੀ ਸਦੀ ਪਹਿਲਾਂ ਲਿਖੀ ਗਈ ਸੀ। ਉਸ ਵੇਲੇ ਜ਼ਿਆਦਾ ਸਰਕਾਰੀ ਰਿਕਾਰਡ ਵੀ ਉਪਲਭਧ ਨਹੀਂ ਸੀ। ਉਸ ਸਮੇਂ ਦੇ ਵਿਚਾਰ, ਸ਼ੈਲੀ ਸ਼ਬਦ ਜੋੜ ਅਤੇ ਪੇਸ਼ਕਾਰੀ ਨੂੰ ਉਵੇਂ ਹੀ ਰੱਖਦਿਆਂ ਅਸੀਂ ਇਸ ਪੁਸਤਕ ਵਿਚੋਂ ਇਕ ਕਾਂਡ 'ਵਰਿਆਮ' ਦੇ ਪੰਨਿਆਂ ਤੇ ਛਾਪਿਆ ਹੈ। ਇਹ ਜਿਥੇ ਸ਼ਹੀਦਾਂ ਨੂੰ ਸ਼ਰਧਾਂਜਲੀ ਹੈ, ਉਥੇ ਸੰਤ ਨਿਧਾਨ ਸਿੰਘ 'ਆਲਿਮ' ਦੀ ਕਿਰਤ ਨੂੰ ਵੀ ਨਮਸਕਾਰ ਹੈ।

—ਜਗਦੀਸ਼ ਸਿੰਘ

ਮਾਲੇਰ ਕੋਟਲੇ ਦਾ ਸਾਕਾ ਕੂਕਾ ਇਤਿਹਾਸ ਦਾ ਉਹ ਪੱਤ੍ਰਾ ਹੈ, ਜੋ ਦੇਸ਼ ਦੀ ਸੁਤੰਤ੍ਰਤਾ ਅਤੇ ਗਊ ਗਰੀਬ ਦੀ ਰੱਖਯਾ ਦੇ ਉਦੇਸ਼ ਨੂੰ ਮੁਖ ਰਖਕੇ ਸ਼ਹੀਦ ਹੋਣ ਵਾਲੇ ਕੂਕੇ ਸ਼ਹੀਦਾਂ ਦੇ ਲਹੂ ਨਾਲ ਲਿਖਿਆ ਗਿਆ ਹੈ। ਇਹ ਸਾਕਾ ਸਤਿਗੁਰੂ ਰਾਮ ਸਿੰਘ ਜੀ ਅਤੇ ਉਨ੍ਹਾਂ ਦੇ ਜਾਨ ਬਾਜ਼ ਸਿੱਖਾਂ ਦੀਆਂ ਮਹਾਨ ਮੁਸੀਬਤਾਂ ਤੇ ਔਕੜਾਂ ਦਾ ਮੁੱਢ ਹੈ। ਅਸਲ ਵਿਚ ਇਹ ਸਾਕਾ ਕੂਕਾ ਇਤਿਹਾਸ ਦੀ ਰੀੜ੍ਹ ਦੀ ਹੱਡੀ ਹੈ। ਅਜੇਹੇ ਸਾਕੇ ਹੀ (ਜੇ ਉਨਾਂ ਵਿਚ ਸਫਲਤਾ ਹੋ ਜਾਵੇ) ਕੌਮਾਂ ਦੀਆਂ ਤਕਦੀਰਾਂ ਪਲਟਣ ਦਾ ਕਾਰਨ ਹੋਇਆ ਕਰਦੇ ਹਨ। ਏਸ ਸਚਾਈ ਤੋਂ ਕੋਈ ਨਿਰਪੱਖ ਸੱਜਨ ਨਾਂਹ ਨਹੀਂ ਕਰ ਸਕਦਾ ਕਿ ਦੇਸ਼ ਅਤੇ ਕੌਮ ਦੀ ਸੁਤੰਤ੍ਰਤਾ ਬਦਲੇ ਖੇਲੇ ਗਏ ਇਸ ਖੂਨੀ ਡਰਾਮੇ ਵਿਚ ਜੇ ਸਿਖਾਂ ਦਾ ਅਮੀਰ ਤਬਕਾ (ਅਰ ਉਸਦੇ ਨਾਲ ਹੀ ਗੁਰਦੁਆਰਿਆਂ ਦਾ ਪੁਜਾਰੀ ਅਤੇ ਡੇਰਿਆਂ ਦਾ ਮਹੰਤ ਸਮਾਜ) ਅੰਗ੍ਰੇਜ਼ ਦੇ ਪੱਖ ਵਿਚ ਕੂਕਿਆਂ ਦੇ ਵਿਰੁਧ ਨਾਚ ਨਾ ਨਚਦਾ ਤਾਂ ਅੱਵਲ ਤਾਂ ਸਾਰੇ ਹਿੰਦੁਸਤਾਨ, ਨਹੀਂ ਤਾਂ ਘਟ ਤੋਂ ਘਟ ਪੰਜਾਬ ਦਾ ਮਾਨ ਚਿਤ੍ਰ (ਨਕਸ਼ਾ) ਤਾਂ ਗੁਲਾਮੀ ਦੇ ਲਾਲ ਰੰਗ ਦੀ ਉਲੀਕ ਤੋਂ ਜ਼ਰੂਰ ਰਹਿਤ ਹੁੰਦਾ, ਅਤੇ ਅਜ ਤੋਂ ਲਗ ਭਗ ਅੱਧੀ ਸਦੀ ਪਹਿਲੋਂ ਹੀ ਲਾਹੌਰ ਦੇ ਸ਼ਾਹੀ ਕਿਲੇ ਤੇ ਆਜ਼ਾਦੀ ਦਾ ਝੰਡਾ ਝੁਲਾਇਆ ਜਾਂਦਾ।

ਮਾਲੇਰ ਕੋਟਲੇ ਦੀ ਹਿਰਦਾ ਵੇਧਕ ਫ਼ਿਲਮ ਅੰਦਰ ਅੱਗ ਨਾਲ ਹੋਲੀ ਖੇਡਣ ਵਾਲੇ ਕੂਕੇ ਬੀਰਾਂ ਦੇ ਸ਼ਹੀਦੀ ਚਿੱਤ੍ਰ ਤਕਕੇ ਪਤਾ ਲਗ ਸਕਦਾ ਹੈ, ਕਿ ਜਿਸ ਸਤਿਗੁਰੂ ਰਾਮ ਸਿੰਘ ਜੀ ਨੂੰ ਖਾਲਸਾ ਪੰਥ ਦੇ ਪ੍ਰਾਣ ਰਹਿਤ ਸਰੀਰ ਅੰਦਰ ਨਵਜੀਵਨ ਦਾ ਸੰਚਾਰ ਕੀਤਾ ਸੀ, ਉਸਨੇ ਦੇਸ਼ ਨੂੰ ਵਿਦੇਸ਼ੀ ਰਾਜ ਦੀ ਅਧੀਨਤਾ ਦੇ ਵਿਰੁੱਧ ਸੁਤੰਤ੍ਰਤਾ ਦੀ ਲੜਾਈ ਲੜਨ ਵਾਲੇ ਕਿਸਤ੍ਰਾਂ ਦੇ ਸਿਰ ਲੱਥ ਯੋਧੇ ਪੈਦਾ ਕੀਤੇ ਹਨ?

## ਘਟਨਾ ਦਾ ਮੁੱਢ

...ਇਸ ਦਿਲ ਦੁਖਾਊ ਸਾਕੇ ਦਾ ਵਰਨਨ ਕਰਨ ਤੋਂ ਪਹਿਲਾਂ ਉਸਦੇ ਕਾਰਨਾਂ ਵਲ ਧਿਆਨ ਦੇਣਾ ਲੋੜੀਂਦੀ ਗਲ ਜਾਪਦੀ ਹੈ। ਸੋ ਭਾਵੇਂ ਹੋਰ ਕੋਈ ਕਾਰਨ ਵੀ ਹੋਵੇ, ਪ੍ਰੰਤੂ ਪ੍ਰਗਟ ਰੂਪ ਵਿਚ ਇਹ ੬ ਕਾਰਨ ਭਾਸਦੇ ਹਨ:—

(੧) ਅੰਮ੍ਰਿਤਸਰ ਅਤੇ ਰਾਏ ਕੋਟ ਦੇ ਸਾਕਿਆਂ ਬਾਬਤ ਕੂਕਿਆਂ ਨੂੰ ਮੌਤ ਅਤੇ ਕਾਲੇ ਪਾਣੀ ਦੀਆਂ ਸਜ਼ਾਵਾਂ,

(੨) ਮੁਰੰਡਾ ਗਊ ਵਧ ਰੋਕਣ ਦੇ ਦੋਸ਼ ਵਿਚ



Sri Satguru Jagjit Singh Ji eLibrary NamdhariElibrary@gmail.com

ਨਾਮਧਾਰੀਆਂ ਦੀਆਂ ਸਖ਼ਤ ਸਜ਼ਾਵਾਂ,

(੩) ਨਿਰਦੋਸ਼ ਸੂਬਾ ਗਿਆਨੀ ਸਿੰਘ ਜੀ ਅਤੇ ਸੰਤ ਰਤਨ ਸਿੰਘ ਜੀ ਨਾਈਵਾਲ ਦਾ ੨੬-੧੧-੧੮੭੧ ਨੂੰ ਲੁਧਿਆਣਾ ਜੇਲ ਵਿਚ ਫਾਂਸੀ ਦਿਤਾ ਜਾਣਾ,

(੪) ਮਾਲੇਰ ਕੋਟਲੇ ਦੇ ਜੰਗਲ ਵਿਚ ਚਰਨ ਵਾਲੀਆਂ ਰਾਮ ਗਊਆਂ ਦੀ ਹੱਤਿਆ,

(੫) ਮਾਲੇਰ ਕੋਟਲੇ ਦੇ ਹਿੰਦੂਆਂ ਵਲੋਂ ਗਊਆਂ ਦੀ ਰਖਿਆ ਕਰਨ ਵਾਸਤੇ ਸ੍ਰਦਾਰ ਹੀਰਾ ਸਿੰਘ ਜੀ ਸਕ੍ਰੌਂਦੀ ਪਾਸ ਹਿਰਦਾ ਵਿੰਨ੍ਹ ਪੁਕਾਰ,

(੬) ਰਿਆਸਤ ਮਲੇਰ ਕੋਟਲਾ ਦੇ ਪਿੰਡ ਫ਼ਰਵਾਹੀ ਦੇ ਨੰਬਰਦਾਰ ਸੰਤ ਗੁਰਮੁਖ ਸਿੰਘ ਦੇ ਸਾਹਮਣੇ ਕੋਟਲੇ ਦੀ ਕੁਤਵਾਲੀ ਵਿਚ ਇਕ ਬਲਦ ਦਾ ਕਤਲ ਕੀਤਾ ਜਾਣਾ, ਅਤੇ ਗੁਰਮੁਖ ਸਿੰਘ ਦਾ ਅਨਾਦਰ।

ਉਤੇ ਲਿਖਿਆਂ ਕਾਰਨਾਂ ਵਿਚੋਂ ਕੇਵਲ ਛੇਵਾਂ ਹੀ ਵਿਆਖਿਯਾ ਦਾ ਮੁਥਾਜ ਹੈ, ਜਿਸਨੇ ਪਹਿਲੇ ਪੰਜਾਂ ਕਾਰਨਾਂ ਦੀਆਂ ਦੱਬੀਆਂ ਹੋਈਆਂ ਚੰਗਿਆੜੀਆਂ ਨੂੰ ਫੂਕ ਮਾਰਕੇ ਪ੍ਰਚੰਡ ਕੀਤਾ। ਵਿੱਥਿਆ ਇਉਂ ਹੈ ਕਿ ਫ਼ਰਵਾਹੀ ਪਿੰਡ ਰਿਆਸਤ ਮਾਲੇਰ ਕੋਟਲੇ ਦਾ ਇਕ ਗੁਰਮੁਖ ਸਿੰਘ ਨੰਬਰਦਾਰ (ਜੋ ਕੂਕਾ ਸੀ) ਮਾਮਲਾ ਤਾਰਨ ਲਈ ਕੋਟਲੇ ਨੂੰ ਜਾ ਰਿਹਾ ਸੀ। ਮਲੇਰ ਕੋਟਲੇ ਦੇ ਬਜ਼ਾਰ ਵਿਚ ਦੀ ਲੰਘਦਿਆਂ ਹੋਇਆਂ ਉਸਨੇ ਇਕ ਕਰੂੰਜੜੇ ਨੂੰ ਦੇਖਿਆ ਜੋ ਇਕ ਬਲਦ ਉਤੇ ਮੂਲੀਆਂ ਲੱਦਕੇ ਆਪ ਵੀ ਉਸ ਤੇ ਚੜ੍ਹਿਆ ਜਾ ਰਿਹਾ ਸੀ। ਗੁਰਮੁਖ ਸਿੰਘ ਨੇ ਪਿਆਰ ਨਾਲ ਉਸ ਕਰੂੰਜੜੇ ਨੂੰ ਬਲਦ ਉਤੇ ਤਰਸ ਕਰਨ ਬਾਬਤ ਬੇਨਤੀ ਕੀਤੀ, ਪ੍ਰੰਤੂ ਉਸਨੇ ਸਿੰਘ ਨੂੰ ਉਲਟਾ ਗਾਲਾਂ ਕਢਣੀਆਂ ਸ਼ੁਰੂ ਕਰ ਦਿਤੀਆਂ, ਰੌਲਾ ਸੁਣਕੇ ਕਰੂੰਜੜੇ ਦੇ ਕੁਛ ਹੋਰ ਹਮੈਤੀ ਇਕੱਠੇ ਹੋ ਗਏ, ਜਿਨਾਂ ਨੇ ਨੰਬਰਦਾਰ ਨੂੰ ਧੌਲ ਧੱਫਾ ਵੀ ਕੀਤਾ, ਤੇ ਉਸਨੂੰ ਫੜਕੇ ਕੁਤਵਾਲੀ ਲੈ ਗਏ। ਕੁਤਵਾਲ ਨੇ ਇਹ ਨਿਆਂ ਕੀਤਾ ਕਿ ਉਹ ਬੈਲ ਉਸ ਸਿਖ ਦੇ ਸਾਹਮਣੇ ਮਰਵਾਕੇ ਉਸਦਾ ਦਿਲ ਦੁਖੀ ਕੀਤਾ। ਗੁਰਮੁਖ ਸਿੰਘ ਨੂੰ ਕੁਛ ਮਾਰ ਕੁਟਾਈ ਕਰਕੇ ਧੱਕੇ ਮਾਰ ਕੁਤਵਾਲੀਓਂ ਬਾਹਰ ਕਢ ਦਿਤਾ ਗਿਆ। ਉਹ ਵਿਚਾਰਾ ਗੁੱਸੇ ਭਰੇ ਦਿਲ ਨਾਲ ਭਰਿਆ ਪੀਤਾ ਮਾਮਲਾ ਤਾਰਨ ਤੋਂ ਬਿਨਾਂ ਹੀ ਸਿੱਧਾ ਭੈਣੀ ਸਾਹਿਬ ਪੁਜਾ।

## ਮਾਤਾ ਜੱਸਾਂ ਜੀ ਦਾ ਮੇਲਾ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਮਹਿਲ ਮਾਤਾ ਜੱਸਾਂ ਜੀ ਨਵੰਬਰ ੧੮੭੧ ਵਿਚ ਚੜ੍ਹਾਈ ਕਰ ਚੁਕੇ ਸਨ। ਉਨ੍ਹਾਂ ਦੇ ਨਿਮਿਤ ੧੦੧ ਪਾਠਾਂ ਦੇ ਭੋਗ ਪਾਣ ਦੇ ਉਦੇਸ਼ ਨਾਲ ਸ੍ਰੀ ਭੈਣੀ ਸਾਹਿਬ ਵਿਖੇ ੨੯ ਪੋਹ - ੧ ਮਾਘ ਸੰਮਤ ੧੯੨੮ ਮੁਤਾਬਕ ੧੧-੧੨ ਜਨਵਰੀ ੧੮੭੨ ਈ: ਨੂੰ ਮੇਲਾ ਮਿਥਿਆ ਹੋਇਆ ਸੀ। ਮੁਰੰਡੇ, ਅੰਮ੍ਰਿਤਸਰ ਅਤੇ ਰਾਏ ਕੋਟ ਦੀਆਂ ਘਟਨਾਵਾਂ ਦੇ ਅਪ੍ਰਾਧ ਵਿਚ ਸਿੰਘਾਂ ਦੀਆਂ ਸ਼ਹੀਦੀਆਂ ਦੇ ਕਾਰਣ ਸੰਗਤਾਂ ਵਿਚ ਕਾਫ਼ੀ ਜੋਸ਼ ਸੀ। ਖਾਸ ਕਰਕੇ ਸੂਬਾ ਗਿਆਨੀ ਸਿੰਘ ਅਤੇ ਰਤਨ ਸਿੰਘ ਨਾਈਵਾਲੇ ਦੇ ਬਿਨਾਂ ਦੋਸ਼ ਫ਼ਾਂਸੀ ਦਿਤੇ ਜਾਣ ਬਾਬਤ ਤਾਂ ਬੜਾ ਭਾਰੀ ਖੇਦ ਪ੍ਰਗਟ ਕੀਤਾ ਜਾ ਰਿਹਾ ਸੀ। ੧੧ ਜਨਵਰੀ ਨੂੰ ਲੋਹੜੀ, ਤੇ ੧੨ ਨੂੰ ਮਾਘੀ ਸੀ। ਮਾਘੀ ਵਾਲੇ ਦਿਨ ਮੇਲੇ ਦਾ ਭੋਗ ਪੈਣ ਪਿਛੋਂ ਸੰਗਤਾਂ ਅਪਣੇ ਅਪਣੇ ਨੱਗਰਾਂ ਤੇ ਸ਼ਹਿਰਾਂ ਨੂੰ ਤੁਰੀਆਂ ਜਾ ਰਹੀਆਂ ਸ਼ਨ।

## ਅਕਾਲ ਬੁੰਗੇ ਸਿੰਘਾਂ ਦਾ ਕੱਠ

ਸ੍ਰੀ ਅਕਾਲ ਬੁੰਗਾ ਭੈਣੀ ਸਾਹਿਬ ਦੇ ਡੇਰੇ ਤੋਂ ਬਾਹਰ ਦੱਖਣ ਵੱਲ ਨੂੰ ਲਗ ਭਗ ੧੦੦ ਕਰਮਾਂ ਦੇ ਫ਼ਾਸਲੇ ਤੇ ਇਕ ਸਥਾਨ ਹੈ, ਜਿਥੇ ਸਤਿਗੁਰੂ ਰਾਮ ਸਿੰਘ ਜੀ ਇਕਾਂਤ ਵਿਚ ਭਜਨ ਕੀਤਾ ਕਰਦੇ ਸਨ। ਏਥੇ ਸ੍ਰਦਾਰ ਹੀਰਾ ਸਿੰਘ ਅਤੇ ਸ੍ਰ. ਲਹਿਣਾ ਸਿੰਘ ਸਕਰੌਂਦੀ ਰਿਆਸਤ—ਪਟਿਆਲਾ ਵਾਲਿਆਂ ਦੀ ਅਗਵਾਈ ਵਿਚ ਕੁਛ ਸਿੰਘ ਮਲੇਰ-ਕੋਟਲੇ ਵਿਖੇ ਹੋ ਰਹੇ ਗਊ ਘਾਤ ਅਤੇ ਸ੍ਰਕਾਰ ਵੱਲੋਂ ਕੂਕਾ ਆਗੂਆਂ—ਗਿਆਨੀ ਸਿੰਘ ਜੀ ਅਤੇ ਰਤਨ ਸਿੰਘ ਜੀ ਦੇ ਬਿਨਾਂ ਕਸੂਰੋਂ ਫਾਹੇ ਦਿਤੇ ਜਾਣ ਬਾਬਤ ਵਿਚਾਰ ਕਰ ਰਹੇ ਸਨ। ਉਨ੍ਹਾਂ ਨੇ ਫੈਸਲਾ ਕੀਤਾ ਕਿ ਗਊਆਂ ਨੂੰ ਬਚਾਣ ਅਤੇ ਗੁਰਮੁਖ ਸਿੰਘ ਦੀ ਹੱਕ ਰਸੀ ਕਰਨ ਵਾਸਤੇ ਮਲੇਰ ਕੋਟਲੇ ਤੇ ਧਾਈ ਕੀਤੀ ਜਾਵੇ, ਅਰ ਇਸ ਕੰਮ ਨੂੰ ਸਿਰੇ ਚਾੜ੍ਹਨ ਲਈ ਮਲੌਦ ਦੇ ਸ੍ਰਦਾਰ ਕੋਲੋਂ ਹਥਿਆਰ ਪ੍ਰਾਪਤ ਕੀਤੇ ਜਾਣ। ਹਡਿਆਇਆ ਤੇ ਦਿੱਤੂਪੁਰਾ ਰਿਆਸਤ ਮਾਲੇਰ ਕੋਟਲਾ ਦੀਆਂ ਮਾਈਆਂ ਇੰਦ ਕੌਰ ਤੇ ਖੇਮ ਕੌਰ ਅਪਣੇ ਹੱਥਾਂ ਵਿਚ ਸ਼ਹੀਦੀ ਝੰਡੇ ਲੈ ਕੇ ਲਲਕਾਰ ਰਹੀਆਂ ਸਨ ਕਿ—''ਜਿਨ੍ਹਾਂ ਸਿੰਘਾਂ ਧਰਮ ਵਾਸਤੇ ਸੀਸ ਵਾਰਨੇ ਨੇ ਕਮਰਕਸੇ ਕਰ ਲੈਣ।'' ਰੀਠਿਆਂ ਦੀਆਂ ਛਿੱਲਾਂ ਰਗੜਕੇ ਸਰਦਾਈ ਤਿਆਰ ਕੀਤੀ ਗਈ। ਜੇਹੜਾ ਸਿੰਘ ਸ਼ਹੀਦੀ ਦਲ ਵਾਸਤੇ ਅਪਨਾ ਨਾਉਂ ਪੇਸ਼ ਕਰਦਾ ਉਸ ਨੂੰ ਰੀਠਿਆਂ ਦਾ ਬਾਟਾ ਛਕਾ ਕੇ ਇਕ ਬੰਨੇ ਬਿਠਾ ਦਿਤਾ ਜਾਂਦਾ।



Sri Satguru Jagjit Singh Ji eLibrary NamdhariElibrary@gmail.com

### ਥਾਣੇਦਾਰ ਵਲੋਂ ਬੇਨਤੀ

੧੩ ਜਨਵਰੀ (੨ ਮਾਘ) ਨੂੰ ਸਵੇਰੇ ਹੀ ਡਿਪਟੀ ਇਨਸਪੈਕਟਰ ਪੁਲੀਸ ਸਰਫ਼ਰਾਜ਼ ਖ਼ਾਨ ਭੈਣੀ ਸਾਹਿਬ ਪੁਜ ਚੁਕਾ ਸੀ। ਉਸ ਨੇ ਸਤਿਗੁਰੂ ਜੀ ਦੀ ਸੇਵਾ ਵਿਚ ਉਨ੍ਹਾਂ ਸਿਖਾਂ ਨੂੰ ਘਰੋ-ਘਰੀ ਜਾਣ ਦੀ ਹਦੈਤ ਕਰਨ ਲਈ ਬੇਨਤੀ ਕੀਤੀ। ਸਤਿਗੁਰਾਂ ਨੇ ਇਸ ਕੰਮ ਲਈ ਸੂਬਾ ਸਾਹਿਬ ਸਿੰਘ ਜੀ ਨੂੰ ਅਕਾਲ ਬੁੰਗੇ ਭੇਜਿਆ, ਪਰ ਮਸਤਾਨੇ ਆਖੇ ਨਾ ਲਗੇ। ਉਪ੍ਰੰਤ ਸੱਚੇ ਪਾਤਸ਼ਾਹ ਨੇ ਆਪ ਜਾ ਕੇ ਪ੍ਰੇਰਨਾ ਕੀਤੀ ਕਿ ਸਭ ਨੂੰ ਆਪੋ ਆਪਣੇ ਘਰੀਂ ਟੁਰ ਜਾਣਾ ਚਾਹੀਦਾ ਹੈ। ਪਰ ਸ੍ਰ: ਹੀਰਾ ਸਿੰਘ ਨੇ ਅਰਜ਼ ਕੀਤੀ ਕਿ ਉਨ੍ਹਾਂ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਦਰਸ਼ਨ ਦੇ ਕੇ ਆਗਯਾ ਕੀਤੀ ਹੈ ਕਿ ਮਲੇਰ ਕੋਟਲੇ ਜਾ ਕੇ ਗਊਆਂ ਵਾਸਤੇ ਅਪਣੇ ਸੀਸ ਬਲੀਦਾਨ ਕਰੋ! ਸਤਿਗੁਰੂ ਜੀ ਨੇ ਕਿਹਾ ਕਿ ਜੇ ਇਕ ਵਰ੍ਹਾ ਹੋਰ ਸ਼ਾਂਤੀ ਕਰਦੇ ਤਾਂ ਜੇਹੜਾ ਕੰਮ ਉਹ ਤਲਵਾਰ ਨਾਲ ਕਰਨਾ ਚਾਹੁੰਦੇ ਹਨ, ਘਰ ਬੈਠਿਆਂ ਮਾਲਾ ਨਾਲ ਹੀ ਹੋ ਜਾਣਾ ਸੀ। ਪਨੀਰੀ ਵੀ ਅਜੇ ਛੋਟੀ ਹੈ ਪਰ—"ਗੁਰੂ ਤੇਗ ਬਹਾਦਰ ਜੀ ਦੇ ਹੁਕਮ ਨੂੰ ਮੈਂ ਵੀ ਨਹੀਂ ਮੋੜ ਸਕਦਾ।"

ਹੁਣ ਸ੍ਰ: ਹੀਰਾ ਸਿੰਘ ਨੇ ਸਤਿਗੁਰਾਂ ਦੇ ਚਰਨਾਂ ਵਿਚ ਬੇਨਤੀ ਕੀਤੀ—ਗਰੀਬ-ਨਿਵਾਜ! ਪਤਾ ਨਹੀਂ ਸਾਡੇ ਵਿਚੋਂ ਮੁੜ ਕਿਸੇ ਨੇ ਭੈਣੀ ਸਾਹਿਬ ਦੇ ਦਰਸ਼ਨ ਕਰਨੇ ਹਨ ਕਿ ਨਹੀਂ ਇਸ ਕਰਕੇ ਅਜ ਆਪ ਜੀ ਦੇ ਪਾਵਨ ਹਸਤ ਕਮਲਾਂ ਤੋਂ ਲੰਗਰ ਛਕਣ ਨੂੰ ਚਿਤ ਲੋਚਦਾ ਹੈ। ਸਤਿਗੁਰੂ ਜੀ ਨੇ ਸੂਬਾ ਲੱਖਾ ਸਿੰਘ ਜੀ ਨੂੰ ਲੰਗਰ ਤਿਆਰ ਕਰਵਾਣ ਦਾ ਹੁਕਮ ਕੀਤਾ। ਲੰਗਰ ਤਿਆਰ ਹੋ ਗਿਆ ਤੇ ਸੱਚੇ ਪਾਤ-ਸ਼ਾਹ ਜੀ ਨੇ ਆਪਣੇ ਪਵਿਤਰ ਹੱਥਾਂ ਨਾਲ ਆਪਣੇ ਲਾਡਲੇ ਮਸਤਾਨਿਆਂ ਨੂੰ ਪ੍ਰਸ਼ਾਦ ਛਕਾਇਆ। ਇਸ ਵੇਲੇ ਸਤਿਗੁਰੂ ਜੀ ਵਾਤਸੱਲਯ ਪ੍ਰੇਮ ਦੀ ਮੂਰਤੀ ਬਣੇ ਹੋਏ ਸਨ।

### ਸ੍ਰ: ਹੀਰਾ ਸਿੰਘ ਨੇ ਕ੍ਰਿਪਾਨ ਨਾਲ ਲਕੀਰ ਖਿਚਣੀ ਤੇ ਕਹਿਣਾ

ਮਸਤਾਨੇ ਪ੍ਰਸ਼ਾਦ ਛਕਣ ਉਪ੍ਰੰਤ ਅਕਾਲ ਬੁੰਗੇ ਪਹੁੰਚ ਗਏ। ਇਸ ਵੇਲੇ ਤਕ ਉਹਨਾਂ ਦੀ ਗਿਣਤੀ ਢਾਈ ਸੌ ਤਕ ਪੁਜ ਚੁਕੀ ਸੀ। ਸ੍ਰ. ਹੀਰਾ ਸਿੰਘ ਜੀ ਨੇ ਅਕਾਲ ਬੁੰਗੇ ਦੇ ਦਰਵੱਜੇ ਤੋਂ ਬਾਹਰ ਨਿਕਲਕੇ ਕ੍ਰਿਪਾਨ ਨਾਲ ਧਰਤੀ ਤੇ ਲਕੀਰ ਖਿੱਚੀ ਅਤੇ ਗਰਜਵੀਂ ਅਵਾਜ਼ ਨਾਲ ਕਿਹਾ ਕਿ "ਜਿਸ ਨੇ ਸੀਸ ਦੇਣਾ ਹੈ, ਉਹ ਲੀਕ ਤੋਂ ਪਾਰ ਹੋ ਜਾਏ।" ਓਧਰ ਕੁਛ ਸਿੰਘਾਂ ਨੇ ਕੋਠੇ ਚੜ੍ਹਕੇ ਅਵਾਜ਼ ਦਿਤੀ ਕਿ "ਧਰਮ ਜਹਾਜ਼ ਤਿਆਰ ਹੈ...ਆਓ ਜੇ ਕਿਸੇ ਨੇ ਚੜ੍ਹਨਾ ਹੈ ਤਾਂ ਚੜ੍ਹ ਜਾਓ।" ੨੫੦ ਵਿਚੋਂ ੧੪੦ ਸਿੰਘਾਂ ਲੀਕ ਟੱਪੀ। ਏਨ੍ਹਾਂ ਵਿਚ ਦੋ ਸਿੰਘ ਉਤਮ ਸਿੰਘ ਤੇ ਚੜ੍ਹਤ ਸਿੰਘ ਰੁੜਕਾ ਜ਼ਿਲਾ ਲੁਧਿਆਣਾ ਦੇ ਸਨ ਜੋ ਧਰਮ ਜਹਾਜ਼ ਦੀ ਤਿਆਰੀ ਦਾ ਬੋਲਾ ਸੁਣਕੇ ਲੰਗਰ ਵਿਚੋਂ ਆਟਾ ਗੁੰਨਦੇ ਗੁੰਨਦੇ ਦੌੜ ਆਏ ਸਨ।

### ਧਰਮ ਯੁੱਧ ਲਈ ਅਰਦਾਸਾ

ਹੁਣ ਸ੍ਰ. ਹੀਰਾ ਸਿੰਘ ਜੀ ਨੇ ਧਰਮ ਯੁੱਧ ਲਈ ਕਮਰ ਕਸੇ ਲੈਣ ਦਾ ਅਰਦਾਸ ਕੀਤਾ, ਅਤੇ ਵਿਦਾ ਹੋਣ ਲਗਿਆਂ ਸਤਿਗੁਰੂ ਜੀ ਤੋਂ ਪੁੱਛਿਆ 'ਪਾਤਸ਼ਾਹ! ਪਹਿਲਾ ਪੜਾ ਕਿਥੇ ਕੀਤਾ ਜਾਵੇ?' ਸਤਿਗੁਰੂ ਜੀ ਨੇ ਕਿਹਾ ਕਿ—"ਰੱਬ ਹੀ ਰੱਬ।" ਇਸਦਾ ਅਰਥ ਮਸਤਾਨਿਆਂ ਨੇ ਰੱਬੋਂ... ਪਿੰਡ ਸਮਝਿਆ।

੨ ਮਾਘ (੧੩ ਜਨਵਰੀ ੧੯੭੨) ਨੂੰ ਦਿਨ ਦੇ ੨ ਬਜੇ ਮਸਤਾਨਿਆਂ ਨੇ ਮਾਲੇਰਕੋਟਲੇ ਨੂੰ ਚਾਲੇ ਪਾਏ। ਉਹ ਰਾਤ ਦੇ ੧੦ ਬਜੇ ਰੱਬੋਂ ਪਹੁੰਚੇ। ਏਥੇ ਪਿੰਡੋਂ ਬਾਹਰਵਾਰ ਇਕ ਖੂਹ ਤੇ ਡੇਰਾ ਲਾਇਆ। ੧੩ ਜਨਵਰੀ ਦੀ ਰਾਤ ਤੇ ੧੪ ਦੀ ਦੁਪਹਿਰ ਤਕ ਏਥੇ ਹੀ ਟਿਕੇ ਰਹੇ। ਸੂਕਾਰੀ ਬਿਆਨਾਂ ਅਨੁਸਾਰ ਇਸ ਵੇਲੇ ਤਕ ਉਨ੍ਹਾਂ ਦੀ ਗਿਣਤੀ ਵਧ ਤੋਂ ਵਧ ੧੨੫ ਸੀ।

### ਸੂਬਾ ਲੱਖਾ ਸਿੰਘ ਜੀ ਦੀ ਗ੍ਰਿਫ਼ਤਾਰੀ

ਭਾਵੇਂ ਸਿੰਘਾਂ ਦੀ ਰਵਾਨਗੀ ਦੇ ਸਮੇਂ ਡਿਪਟੀ ਇਨਸਪੈਕਟਰ ਸਰਫ਼ਰਾਜ਼ ਖਾਨ ਓਥੇ ਹੀ ਸੀ ਅਤੇ ਉਸਨੇ ਸਾਰੇ ਹਾਲ ਆਪਣੀ ਅੱਖੀਂ ਵੇਖੇ ਸਨ ਅਤੇ ਸਤਿਗੁਰਾਂ ਨੇ ਵੀ ਉਸਨੂੰ ਕਹਿ ਦਿਤਾ ਸੀ ਕਿ ਮਸਤਾਨੇ ਉਨ੍ਹਾਂ ਤੋਂ ਬਾਵਰੇ ਹੋ ਗਏ ਹਨ। ਪਰ ਫੇਰ ਵੀ ਸਤਿਗੁਰੂ ਜੀ ਨੇ ਸੂਬਾ ਲੱਖਾ ਸਿੰਘ ਨੂੰ ਆਗਯਾ ਕੀਤੀ, ਕਿ ਉਹ ਲੁਧਿਆਣੇ ਜਾ ਕੇ ਡਿਪਟੀ ਕਮਿਸ਼ਨਰ ਨੂੰ ਆਖ ਦੇਵੇ, ਕਿ ਮਸਤਾਨੇ ਉਨ੍ਹਾਂ ਤੋਂ ਬਿਵਸੇ ਹੋਕੇ ਮਲੇਰਕੋਟਲੇ ਵਲ ਨੂੰ ਤੁਰ ਗਏ ਹਨ। ਥਾਣੇਦਾਰ ਨੂੰ ਉਨ੍ਹਾਂ ਵਲੋਂ ਮੌਕਿਆਂ ਤੇ ਇਤਲਾ ਦਿਤੀ ਗਈ ਪਰ ਉਸਨੇ ਉਨ੍ਹਾਂ ਦੇ ਰੋਕਣ ਦਾ ਕੋਈ ਪ੍ਰਬੰਧ ਨਾ ਕੀਤਾ। ਇਸ ਲਈ ਹੁਣ ਫੇਰ ਇਤਲਾ ਦਿਤੀ ਜਾਂਦੀ ਹੈ, ਕਿ ਸੂਕਾਰ ਉਨ੍ਹਾਂ ਨੂੰ ਚਾਹੁੰਦੀ ਹੈ ਤਾਂ ਰੋਕ ਲਵੇ। ਬਾਬਾ ਲੱਖਾ ਸਿੰਘ ਜੀ ਨੇ ਆਗਯਾ ਅਨੁਸਾਰ ਲੁਧਿਆਣੇ ਪੁਜਕੇ ਡਿਪਟੀ ਕਮਿਸ਼ਨਰ



Sri Satguru Jagjit Singh Ji eLibrary NamdhariElibrary@gmail.com

ਨਾਲ ਸਾਰੀ ਗੱਲ ਕੀਤੀ, ਜਿਸਦਾ ਨਤੀਜਾ ਸਗੋਂ ਇਹ ਹੋਇਆ ਕਿ ਬਾਬਾ ਲੱਖਾ ਸਿੰਘ ਜੀ ਨੂੰ ਉਸੇ ਵੇਲੇ ਗ੍ਰਿਫ਼ਤਾਰ ਕਰਕੇ ਹਵਾਲਾਤ ਵਿਚ ਬੰਦ ਕਰ ਦਿਤਾ ਗਿਆ।

ਸਰਫ਼ਰਾਜ਼ਖਾਂ ਥਾਣੇਦਾਰ ਨੇ ੧੩ ਜਨਵਰੀ ਨੂੰ ਰਾਤ ਦੇ ੮ ਵਜੇ ਡਿਪਟੀ ਕਮਿਸ਼ਨਰ ਲੁਧਿਆਣਾ ਪਾਸ ਪੁਜਕੇ ਆਪਣੀ ਲਿਖਤੀ ਰਪੋਟ ਪੇਸ਼ ਕਰ ਦਿਤੀ ਤੇ ਜ਼ਬਾਨੀ ਵੀ ਸਾਰੇ ਹਾਲ ਦੱਸੇ। ਡਿਪਟੀ ਕਮਿਸ਼ਨਰ ਨੇ ਮਸਤਾਨਿਆਂ ਨੂੰ ਰੋਕਣ ਦਾ ਪ੍ਰਬੰਧ ਕਰਨ ਦੀ ਥਾਂ ਨਾਭਾ, ਪਟਿਆਲਾ, ਜੀਂਦ ਤੇ ਮਲੇਰਕੋਟਲੇ ਦੇ ਵਕੀਲਾਂ ਨੂੰ ਬੁਲਾਕੇ (ਜੋ ਲੁਧਿਆਨਾਂ ਵਿਚ ਹੀ ਸਨ) ਰਿਆਸਤਾਂ ਨੂੰ ਖਵਰ ਕਰ ਦਿਤੀ ਕਿ ਉਹ ਤਕੜੇ ਹੋ ਜਾਣ ਕਿਉਂਕਿ ਕੂਕੇ ਉਨ੍ਹਾਂ ਤੇ ਹਮਲਾ ਕਰਨ ਵਾਲੇ ਹਨ।

## ਮਸਤਾਨਿਆਂ ਦੀ ਮਲੌਦ ਨੂੰ ਰਵਾਨਗੀ

ਇਕ ਵਾਰ ਮਲੌਦ ਦੇ ਸ੍ਰਦਾਰ ਬਦਨ ਸਿੰਘ ਨੇ ਸਤਿਗੁਰਾਂ ਦੇ ਚਰਨਾਂ ਵਿਚ ਭੈਣੀ ਸਾਹਿਬ ਪੁਜਕੇ ਅਰਜ ਕੀਤੀ ਸੀ, ਕਿ—"ਮੈਨੂੰ ਕੋਈ ਸੇਵਾ ਦੱਸੋ" ਕੋਲ ਬੈਠੇ ਸ੍ਰ. ਹੀਰਾ ਸਿੰਘ ਨੇ ਉੱਤ੍ਰ ਦਿੱਤਾ ਸੀ, ਕਿ "ਚੰਗਾ ਜਦ ਲੋੜ ਪਈ, ਆਪਨੂੰ ਸੇਵਾ ਦੱਸੀ ਜਾਏਗੀ" ਇਹ ਬਚਨ ਸ੍ਰ. ਹੀਰਾ ਸਿੰਘ ਨੂੰ ਯਾਦ ਸੀ। ਉਨ੍ਹਾਂ ਨੇ ਖ਼ਿਆਲ ਕੀਤਾ ਕਿ ਮਾਲੇਰ ਕੋਟਲੇ ਤੇ ਚੜ੍ਹਾਈ ਕਰਨ ਤੋਂ ਪਹਿਲੋਂ ਉਨ੍ਹਾਂ ਨੂੰ ਘੋੜਿਆਂ ਤੇ ਸ਼ਸਤ੍ਰਾਂ ਦੀ ਲੋੜ ਹੈ, ਜੋ ਮਲੌਦੀਏ ਸ੍ਰਦਾਰ ਕੋਲੋਂ ਪ੍ਰਾਪਤ ਕਰਨੇ ਚਾਹੀਦੇ ਹਨ। ਇਹ ਤਜਵੀਜ਼ ਸਾਰਿਆਂ ਨੇ ਪਸੰਦ ਕੀਤੀ ਅਤੇ ਦੁਪਹਿਰ ਤੋਂ ਪਿਛੋਂ ਉਹਨਾਂ ਨੇ ੧੪ ਤ੍ਰੀਕ ਵਾਲੇ ਦਿਨ ਮਲੌਦ ਵਲ ਮੂੰਹ ਕੀਤਾ। ਉਹ ਪਿਛਲੇ ਪਹਿਰ ਮਲੌਦ ਦੇ ਕਿਲੇ ਵਿਚ ਪੁਜੇ ਤੇ ਸ੍ਰਦਾਰ ਨੂੰ ਉਸਦਾ ਇਕਰਾਰ ਯਾਦ ਕਰਵਾਂਦਿਆਂ ਹੋਇਆਂ ਆਪਣਾ ਪ੍ਰਯੋਜਨ ਦੱਸਿਆ। ਸ੍ਰਦਾਰ ਕੁਛ ਘਬਰਾ ਗਿਆ, ਅਤੇ ਘੋੜੇ ਅਰ ਸ਼ਸਤ੍ਰ ਦੇਣ ਤੋਂ ਨਾਂਹ ਕਰ ਦਿਤੀ। ਸ੍ਰ: ਹੀਰਾ ਸਿੰਘ ਹੁਰਾਂ ਨੇ ਕਿਹਾ ਕਿ 'ਭਾਂਵੇਂ ਹੁਣ ਤੂੰ ਮੰਨ ਤੇ ਭਾਵੇਂ ਨਾਂ ਮੰਨ ਅਸੀਂ ਤਾਂ ਖ਼ਾਲੀ ਨਹੀਂ ਜਾਂਵਾਂਗੇ'। ਉਨ੍ਹਾਂ ਨੇ ਆਪਣੀ ਮਰਜ਼ੀ ਨਾਲ ਕੁਝ ਘੋੜੇ ਤੇ ਸ਼ਸਤ੍ਰ ਪ੍ਰਾਪਤ ਕਰ ਲਏ। ਇਹ ਵੇਖ ਕੇ ਸ੍ਰਦਾਰ ਦੇ ਨੌਕਰਾਂ ਨੇ ਰੌਲਾ ਪਾ ਦਿਤਾ, ਜਿਸਨੂੰ ਸੁਣਕੇ ਨੱਗਰ ਦੇ ਬਹੁਤ ਸਾਰੇ ਲੋਕ ਸਿੰਘਾਂ ਨੂੰ ਡਾਕੂ ਸਮਝਕੇ ਮੁਕਾਬਲੇ ਵਾਸਤੇ ਚੜ੍ਹ ਆਏ। ਕਿਲੇ ਦੇ ਦਰਵਾਜੇ ਅੱਗੇ ਸਿੰਘਾਂ ਤੇ ਨਗਰ ਨਿਵਾਸੀਆਂ ਦਾ ਟਾਕਰਾ ਹੋ ਗਿਆ। ਸਿੰਘ ਪਿੰਡ-ਵਾਲਿਆਂ ਨੂੰ ਮਾਰਨਾ ਨਹੀਂ ਚਾਹੁੰਦੇ ਸਨ, ਪਰ ਆਪਣਾ ਬਚਾਉ ਕਰਦਿਆਂ ਹੋਇਆਂ ਉਨ੍ਹਾਂ ਦੇ ਹੱਥੋਂ ਦੋ ਮਾਰੇ ਗਏ ਤੇ ੨ ਡਾਢੇ ਫੱਟੜ ਹੋਏ। ਉਨ੍ਹਾਂ ਦੇ ਆਪਣੇ ੨ ਮਾਰੇ ਗਏ, ਤੇ ੪ ਬਹੁਤੇ ਫੱਟੜ ਹੋਣ ਦੇ ਕਾਰਨ ਸਾਥੀਆਂ ਨਾਲ ਨਾ ਜਾ ਸਕੇ ਅਤੇ ਓਥੇ ਹੀ ਫੜੇ ਗਏ।

## ਮਲੇਰ ਕੋਟਲੇ ਤੇ ਹਮਲਾ

ਮਲੌਦ ਤੋਂ ਮਲੇਰ ਕੋਟਲਾ ਕੇਵਲ ੯ ਮੀਲਾਂ ਦੇ ਫ਼ਾਸਲੇ ਤੇ ਹੈ, ਰਿਆਸਤ ਦੇ ਜ਼ਿਮੇਵਾਰ ਅਫ਼ਸਰਾਂ ਨੂੰ ੧੪ ਜਨਵਰੀ (੩ ਮਾਘ) ਦੀ ਰਾਤ ਨੂੰ ਹੀ ਖਬਰ ਪੁਜ ਚੁਕੀ ਸੀ, ਜਿਸ ਕਰਕੇ ਉਨ੍ਹਾਂ ਨੇ ਮੁਕਾਬਲੇ ਵਾਸਤੇ ਪ੍ਰਬੰਧ ਕਰ ਰਖਿਆ ਸੀ, ਇਸ ਦੇ ਨਾਲ ਹੀ ਉਨ੍ਹਾਂ ਨੂੰ ਗਵਾਂਢੀ ਰਿਆਸਤਾਂ ਵਲੋਂ ਵੀ ਪੁਲਸ ਅਰ ਫ਼ੌਜ ਦੀ ਮਦਤ ਪ੍ਰਾਪਤ ਹੋ ਚੁਕੀ ਸੀ, ਕੂਕੇ ਸਿੰਘਾਂ ਨੇ ੪ ਮਾਘ (੧੫ ਜਨਵਰੀ) ਨੂੰ ਸਵੇਰ ਦੇ ੭ ਵਜੇ ਹੀ ਮਲੇਰ ਕੋਟਲੇ ਦੇ ਮਹੱਲਾ ਚਿੜੀਮਾਰਾਂ ਤੇ ਹਮਲਾ ਕਰ ਦਿਤਾ। ਇਹ ਓਹੀ ਮਹੱਲਾ ਸੀ, ਜਿਸ ਵਿਚ ਗਊ ਘਾਤਕਾਂ ਦੀ ਖਾਸੀ ਗਿਣਤੀ ਅਬਾਦ ਸੀ। ਹਮਲੇ ਦਾ ਪਤਾ ਲਗਣ ਸਾਰ ਪੁਲਸ ਫ਼ੌਜ ਅਤੇ ਹੋਰ ਬਹੁਤ ਸਾਰੇ ਲੋਕ ਸਿੰਘਾਂ ਦੇ ਮੁਕਾਬਲੇ ਤੇ ਜਾ ਟੱਕਰੇ। ਸਿੰਘਾਂ ਦੇ ਟਾਕਰੇ ਤੇ ੯-੧੦ ਗੁਣਾਂ ਵਧੇਰੇ ਤਾਕਤ ਸੀ, ਜਿਸ ਦੇ ਪਾਸ ਤਲਵਾਰਾਂ ਤੇ ਬੰਦੂਕਾਂ ਆਦਿਕ ਸ਼ਸਤਰਾਂ ਦੀ ਕਮੀ ਨਹੀਂ ਸੀ, ਪਰ ਇਹ ਗਾਂਦਵੀਂ ਧਾੜ ਸੀ, ਤੇ ਕੂਕੇ ਬੀਰ ਘਰੋਂ ਹੀ ਸਿਰਾਂ ਤੇ ਖੱਫਣ ਬੰਨ੍ਹਕੇ ਸ਼ਹੀਦ ਹੋਣ ਵਾਸਤੇ ਤੁਰੇ ਸਨ। ਡਾਢੇ ਘਸਮਾਣ ਦੀ ਲੜਾਈ ਹੋਈ ਸਿੰਘਾਂ ਨੇ ਬੀਰਤਾ ਦੇ ਉਹ ਹੱਥ ਵਖਾਏ ਕਿ ਸਫ਼ਾ ਜੰਗਾਂ ਅਤੇ ਲਾਠੀਆਂ ਨਾਲ ਹੀ ਵਿਰੋਧੀ ਦਲ ਨੂੰ ਭਾਂਜ ਪਾ ਦਿਤੀ। ਜਦ ਸਿੰਘ ਵੇਹਲੇ ਹੋ ਕੇ ਆਪਣੇ ਫੱਟੜਾਂ ਨੂੰ ਸਾਂਭਣ ਲਗੇ ਤਾਂ ਰਿਆਸਤੀ ਦਲ ਵਲੋਂ ਫੇਰ ਹਮਲਾ ਕਰ ਦਿਤਾ ਗਿਆ। ਸਿੰਘਾਂ ਨੇ ਫੇਰ ਹੱਲਾ ਬੋਲਕੇ ਉਨ੍ਹਾਂ ਨੂੰ ਘਰੀਂ ਵਾੜ ਦਿਤਾ, ਪਰ ਜਦ ਉਹ ਤੀਜੀ ਵਾਰ ਚੜ੍ਹਾਈ ਕਰਕੇ ਆਏ ਤਾਂ ਸਿੰਘਾਂ ਨੇ ਐਸੇ ਦੰਦ ਖਟੇ ਕੀਤੇ ਕਿ ਉਹ ਇਸ ਵਾਰ ਨੱਸ ਕੇ ਮੁੜ ਹਮਲਾ ਕਰਨ ਦੀ ਦਲੇਰੀ ਨਾ ਕਰ ਸਕੇ। ਏਥੇ ਦੋਹਾਂ ਧਿਰਾਂ ਦਾ ਹੇਠ ਲਿਖੇ ਅਨੁਸਾਰ ਨੁਕਸਾਨ ਹੋਇਆ:

ਸਿੰਘ—੭ ਸ਼ਹੀਦ ਤੇ ੨ ਫੱਟੜ ਹੋਏ।

ਵਿਰੋਧੀ—੮ ਮਾਰੇ ਗਏ, ਵਧੀਕ ਫੱਟੜ ੪ ਤੇ ਮਾਮੂਲੀ ਜ਼ਖਮੀ ੯।[1] ਇਨ੍ਹਾਂ ਵਿਚ ਉਹ ਕੁਤਵਾਲ ਵੀ ਮਾਰਿਆ ਗਿਆ, ਜਿਸ ਨੇ ਗੁਰਮੁਖ ਸਿੰਘ ਦੇ ਸਾਹਮਣੇ ਬੈਲ ਕਤਲ ਕਰਾਇਆ ਸੀ।



Sri Satguru Jagjit Singh Ji eLibrary NamdhariElibrary@gmail.com

ਹੁਣ ਜਦ ਸਿੰਘਾਂ ਨੇ ਦੇਖਿਆ ਕਿ ਕੋਈ ਮੁਕਾਬਲੇ ਤੇ ਨਹੀਂ ਰਹਿ ਗਿਆ, ਤਾਂ ਉਨ੍ਹਾਂ ਨੇ ਬੜੇ ਧੀਰਜ ਨਾਲ ਅਪਣੇ ਫੱਟੜ ਸਾਥੀਆਂ ਨੂੰ ਉਠਾਇਆ ਤੇ ਕੋਟਲੇ ਤੋਂ ਬਾਹਰ ਨੂੰ ਤੁਰ ਪਏ।

## ਸ੍ਰ: ਹੀਰਾ ਸਿੰਘ ਤੇ ਸਮੁੰਦ ਖਾਂ ਪਠਾਣ ਦਾ ਦੂੰਦ ਯੁਧ

ਮਲੇਰ ਕੋਟਲੇ ਦਾ ਸਮੁੰਦ ਖ਼ਾਂ ਪਠਾਣ ਜੋ ਬੜਾ ਸੂਰਬੀਰ ਤੇ ਮੰਨਿਆ ਪ੍ਰਮੰਨਿਆ ਯੋਧਾ ਸੀ, ਉਪ੍ਰੋਕਤ ਲੜਾਈ ਦੇ ਵੇਲੇ ਕੋਟਲੇ ਵਿਚ ਮਜੂਦ ਨਹੀਂ ਸੀ। ਕੁਛ ਚਿਰ ਪਿਛੋਂ ਜਦ ਉਸ ਨੇ ਆਕੇ ਸੁਣਿਆ ਤਾਂ ਬੜੇ ਜੋਸ਼ ਵਿਚ ਆ ਕੇ ਅਪਣੇ ਕੁਛ ਸਾਥੀਆਂ ਨੂੰ ਕਹਿਣ ਲਗਾ, 'ਚਲੋ ਖਾਂ ਭਲਾ ਕੂਕਿਆਂ ਦੀ ਬਹਾਦਰੀ ਤਾਂ ਵੇਖੀਏ।' ਉਹ ਕੁਛ ਪਠਾਣ ਸਾਥੀਆਂ ਨੂੰ ਨਾਲ ਲੈਕੇ ਸਿੰਘਾਂ ਦੇ ਪਿਛੇ ਨੱਸਿਆ। ਕੋਟਲੇ ਤੋਂ ੩-੪ ਕੋਹਾਂ ਦੇ ਫਾਸਲੇ ਤੇ ਭੁਤਨ ਵਾਲੇ ਬੇਹ ਕੋਲ ਸਿੰਘ ਚਲੇ ਜਾ ਰਹੇ ਸਨ। ਸਮੁੰਦ ਖ਼ਾਨ ਘੋੜੇ ਤੇ ਚੜ੍ਹਿਆ ਹੋਇਆ ਸੀ। ਉਸ ਨੇ ਪਿਛੋਂ ਲਲਕਾਰਕੇ ਕਿਹਾ—"ਸਿੰਘੋ ਖੜੇ ਹੋ ਜਾਓ! ਕਿਧਰ ਜਾ ਰਹੇ ਹੋ? ਹੀਰਾ ਸਿੰਘ ਕਿਥੇ ਹੈ, ਮੇਰੇ ਸਾਹਮਣੇ ਤੇ ਆਵੇ।" ਸ੍ਰ: ਹੀਰਾ ਸਿੰਘ ਵੀ ਘੋੜੇ ਤੇ ਸਵਾਰ ਸੀ। ਘੋੜਾ ਛੇੜਿਆ ਤੇ ਲਲਕਾਰ ਮਾਰ ਕੇ ਸਮੁੰਦ ਖ਼ਾਂ ਦੇ ਸਾਹਮਣੇ ਆ ਗਿਆ। ਪਠਾਣ ਨੂੰ ਕਿਹਾ, "ਪਠਾਣਾਂ ਆਖੀਂ ਨਾ ਖਵਰ ਨਹੀਂ ਹੋਈ...ਤਕੜਾ ਹੋ, ਤੇ ਪਹਿਲਾਂ ਵਾਰ ਕਰ ਲੈ।"

ਸੁਣਦਿਆਂ ਸਾਰ ਪਠਾਣ ਨੇ ਫੁਰਤੀ ਨਾਲ ਸ੍ਰਦਾਰ ਦੇ ਸਿਰ ਤੇ ਤਲਵਾਰ ਦਾ ਵਾਰ ਕੀਤਾ। ਸ੍ਰਦਾਰ ਕੋਲ ਢਾਲ ਨਹੀਂ ਸੀ, ਪਰ ਉਸ ਨੇ ਬੜੀ ਤੇਜ਼ੀ ਨਾਲ ਖੱਬੀ ਬਾਂਹ ਅਗੇ ਕਰਕੇ ਵਾਰ ਰੋਕ ਲਿਆ, ਜਿਸ ਕਰਕੇ ਸਿਰ ਤਾਂ ਬਚ ਗਿਆ ਪਰ ਗੁੱਟ ਕੱਟਿਆ ਗਿਆ। ਗੁੱਟ ਕੱਟਦਿਆਂ ਸਾਰ ਹੀ ਸ੍ਰਦਾਰ ਜੀ ਨੇ ਸਮੁੰਦ ਖਾਂ ਤੇ ਤਲਵਾਰ ਦਾ ਅਜੇਹਾ ਵਾਰ ਕੀਤਾ ਕਿ ਸਿਰ ਧੜ ਤੋਂ ਜੁਦਾ ਹੋ ਕੇ ਖੋਨੂੰ ਵਾਂਗ ਧਰਤੀ ਤੇ ਜਾ ਡਿੱਗਾ। ਪਠਾਣ ਦਾ ਕੰਮ ਹੁੰਦਿਆਂ ਹੀ ਨਾਲ ਦੇ ਸਾਥੀ ਤੌਬਾ ਤੌਬਾ ਕਰਕੇ ਵਾਪਸ ਦੌੜੇ—ਤੇ ਪਿਛਾਂਹ ਵਲ ਤਕਿਆ ਵੀ ਨਾ।

## ਸਿੰਘਾਂ ਦਾ ਰੜ ਵਿਚ ਡੇਰਾ ਤੇ ਧੋਖੇ ਨਾਲ ਗ੍ਰਿਫਤਾਰੀਆਂ

ਸਾਰੇ ਸਿੰਘ ਸ੍ਰ: ਹੀਰਾ ਸਿੰਘ ਜੀ ਦੀ ਅਗਵਾਈ ਵਿਚ ਰੜ ਪਿੰਡ ਰਿਆਸਤ ਪਟਿਆਲਾ ਦੀ ਜੂਹ ਵਿਚ ਪੁਜੇ ਜਿਥੇ ਉਨ੍ਹਾਂ ਨੇ ਡੇਰਾ ਲਾ ਦਿਤਾ। ਕੜਾਹੀ ਵਿਚ ਤੇਲ ਤਾਕੇ ਸ੍ਰ: ਹੀਰਾ ਸਿੰਘ ਜੀ ਨੇ ਆਪਣਾ ਟੁੰਡ ਤਲਿਆਂ, ਜਿਸ ਕਰਕੇ ਖ਼ੂਨ ਵਗਣੋਂ ਬੰਦ ਹੋ ਗਿਆ। ਹੁਣ ਸ੍ਰਦਾਰ ਜੀ ਨੇ ਸਾਰਿਆਂ ਨੂੰ ਕਿਹਾ, ਕਿ ਜਿਨਾਂ ਕੰਮ ਕਰਨ ਦਾ ਉਨ੍ਹਾਂ ਨੂੰ ਹੁਕਮ ਸੀ, ਉਹ ਹੋ ਚੁਕਾ ਹੈ। ਹੁਣ ਉਹ ਕੁਛ ਹੋਰ ਨਹੀਂ ਕਰਨਾ ਚਾਹੁੰਦੇ ਹਾਂ ਉਹ ਇਸ ਗੱਲ ਦੇ ਉਡੀਕਵਾਨ ਜ਼ਰੂਰ ਹਨ, ਕਿ ਇਸ ਕੰਮ ਦਾ ਨਤੀਜਾ ਛੇਤੀ ਤੋਂ ਛੇਤੀ ਭੁਗਤਿਆ ਜਾਏ ਤਾਕਿ ਉਨ੍ਹਾਂ ਦੀ ਥਾਂ ਬੇ-ਗੁਨਾਹ ਲੋਕ ਨਾ ਮਾਰੇ ਜਾਣ। ਇਸ ਲਈ ਜੇਹੜੇ ਜਾਣਾ ਚਾਹੁੰਦੇ ਹਨ, ਉਣ ਪ੍ਰਸੰਨਤਾ ਨਾਲ ਜਾ ਸਕਦੇ ਹਨ, ਤੇ ਜਿਨ੍ਹਾਂ ਦੀ ਇੱਛਾ ਸ਼ਹੀਦ ਹੋਣ ਦੀ ਹੈ, ਉਹ ਟਿਕੇ ਰਹਿਣ। ਇਹ ਸੁਣਕੇ ਕੁਛ ਤਾਂ ਚਲੇ ਗਏ, ਪਰ ਬਹੁਤਿਆਂ ਨੇ ਸ਼ਹੀਦ ਹੋਣ ਦੀ ਇੱਛਾ ਪ੍ਰਗਟ ਕੀਤੀ। ਉਨ੍ਹਾਂ ਦੀ ਗਿਣਤੀ ੬੮ ਸੀ।

ਕੁਛ ਚਿਰ ਪਿਛੋਂ ਸ਼ੇਰ ਪੁਰ ਦਾ ਥਾਣੇਦਾਰ ਉਤਮ ਸਿੰਘ ਨਾਮਧਾਰੀ ਲਿਬਾਸ ਵਿਚ ਉਨ੍ਹਾਂ ਕੋਲ ਆਇਆ ਤੇ ਬੜੀ ਅਧੀਨਗੀ ਨਾਲ ਲੰਗਰ ਵਾਸਤੇ ਅਰਜ ਕੀਤੀ। ਸ੍ਰ: ਹੀਰਾ ਸਿੰਘ ਜੀ ਉਸਦੇ ਕਪਟ ਨੂੰ ਤਾੜ ਤਾਂ ਗਏ ਪਰ ਆਪਣਾ ਪੰਧ ਛੇਤੀ ਨਿਬੇੜਨ ਦੇ ਵਿਚਾਰ ਨਾਲ ਉਨ੍ਹਾਂ ਨੇ ਬੇਨਤੀ ਪ੍ਰਵਾਨ ਕਰ ਲਈ। ਥਾਣੇਦਾਰ ਉਨ੍ਹਾਂ ਨੂੰ ਘਰ ਲੈ ਗਿਆ ਤੇ ਸਭ ਨੂੰ ਗ੍ਰਿਫ਼ਤਾਰ ਕਰਵਾ ਦਿਤਾ। ਅਮਰਗੜ੍ਹ ਰਿ: ਪਟਿਆਲਾ ਦੇ ਨਾਇਬ ਨਾਜ਼ਮ ਨਿਆਜ਼ ਅਲੀ ਨੇ ਇਨ੍ਹਾਂ ੬੮ ਸਿੰਘਾਂ ਨੂੰ ਸ਼ੇਰਪੁਰ ਦੇ ਕਿਲੇ ਵਿਚ ਬੰਦ ਕਰ ਦਿਤਾ। ਸ੍ਰਕਾਰੀ ਰਪੋਟ ਅਨੁਸਾਰ ਏਨ੍ਹਾਂ ਵਿਚ ੨੯ ਫੱਟੜ ਸਨ।

## ਰਿਆਸਤਾਂ ਵਲੋਂ ਕੂਕਿਆਂ ਵਿਰੁਧ ਸਰਕਾਰ ਦੀ ਸਹੈਤਾ

੧੭ ਜਨਵਰੀ (੬ ਮਾਘ) ਤਕ ਨਾਭੇ, ਪਟਿਆਲੇ ਅਤੇ ਜੀਂਦ ਦੀਆਂ ਸਿਖ ਰਿਆਸਤਾਂ ਵਲੋਂ ਰਸਾਲੇ ਤੇ ਤੋਪਾਂ ਮਲੇਰ ਕੋਟਲੇ ਵਿਚ ਪਹੁੰਚ ਗਈਆਂ ਸਨ ਇਸਦੀ ਪੁਸ਼ਟੀ ਡਿਪਟੀ ਕਮਿਸ਼ਨਰ ਕਾਵਨ ਦੀ ਉਸ ਤਾਰ ਤੋਂ ਹੁੰਦੀ ਹੈ, ਜੋ ਉਸ ਨੇ ੧੭ ਜਨਵਰੀ ਨੂੰ ਹੀ ਹੋਮ ਸਕੱਤ੍ਰ ਕਲਕੱਤਾ ਦੇ



Sri Satguru Jagjit Singh Ji eLibrary NamdhariElibrary@gmail.com

ਨਾਉਂ ਭੇਜੀ ਸ਼ੀ। ਤਾਰ ਵਿਚ ਲਿਖਿਆ ਹੈ :—"ਸ਼ਾਂਤੀ ਸਥਿਰ ਹੋ ਗਈ ਹੈ। ੧੦੦ ਕੂਕੇ ਮਾਰੇ ਗਏ, ਤੇ ਫੱਟੜ ਹੋਏ ਹਨ। ਪਟਿਆਲਾ ਨਾਭਾ ਤੇ ਜੀਂਦ ਤਕੜੀ ਮਦਤ ਦੇ ਰਹੇ ਹਨ।"[2]

## ਕੂਕਿਆਂ ਜੇ ਮੁਕਾਬਲੇ ਤੇ ਤੋਪਖ਼ਾਨੇ ਛੇ ਰਸਾਲੇ

ਕਾਵਨ ਡਿਪਟੀ ਕਮਿਸ਼ਨਰ ਲੁਧਿਆਨਾਂ ੧੬ ਜਨਵਰੀ (੫ ਮਾਘ) ਨੂੰ ਕੋਟਲੇ ਪਹੁੰਚ ਚੁਕਾ ਸੀ। ਉਸਨੇ ੧੫ ਤ੍ਰੀਕ ਨੂੰ ਹੀ ਕਮਿਸ਼ਨਰ ਅੰਬਾਲਾ ਨੂੰ ਤਾਰ ਦੇ ਦਿਤੀ ਸੀ ਕਿ ੫੦੦ ਕੂਕਿਆਂ ਨੇ ਮਲੇਰ ਕੋਟਲੇ ਤੇ ਹਮਲਾ ਕਰ ਦਿਤਾ ਹੈ, ਇਸ ਲਈ ਬਹੁਤ ਛੇਤੀ ਫ਼ੌਜਾਂ ਦਾ ਪ੍ਰਬੰਧ ਕਰੋ।"[3]

ਪੰਜਾਬ ਲਾਟ ਦੇ ਹੁਕਮ ਨਾਲ ਕਮਾਂਡਰ-ਇਨ-ਚੀਫ ਨੇ ਹੇਠ ਲਿਖੇ ਅਨੁਸਾਰ ਫੌਜਾਂ ਰਸਾਲੇ ਤੇ ਤੋਪਖਾਨੇ ਜਨਰਲ ਟਿਟਲਰ ਦੀ ਕਮਾਨ ਹੇਠ ਭੇਜ ਦਿਤੇ :—

ਗੋਰਖਾ ਪਲਟਣ-ਫਸਟ ਇਕ ਹਿੱਸਾ ਰਜਮੈਂਟ ਨੰ: ੭੨ ਦਾ ਅਤੇ ਇਕ ਖੱਚਰ-ਪਾਤੀ ਤੋਪਖ਼ਾਨਾ ਦਿੱਲੀ ਤੇ ਅੰਬਾਲੇ ਤੋਂ।

੧੨ ਬੈਂਗਾਲ ਕੇਵੇਲਰੀ ਇਹ ਸਭ ਮਲੇਰਕੋਟਲੇ ਲਈ। ਚੂੰਕੇ ਡਰ ਹੋ ਗਿਆ ਸੀ, ਕਿ ਮਤਾਂ ਕੂਕੇ ਲੁਧਿਆਣੇ ਦੇ ਕਿਲੇ ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕਰਨ, ਇਸ ਲਈ ਉਸਦੀ ਰਾਖੀ ਵਾਸਤੇ ੫੩ ਨੰਬਰ ਪੈਦਲ ਦੀਆਂ ੩ ਕੰਪਨੀਆਂ ਅਤੇ ਸ਼ਾਹੀ ਤੋਪਖ਼ਾਨੇ ਦੀ ਅੱਧੀ ਬੈਟਰੀ ਜਲੰਧਰ ਤੋਂ ਭੇਜੀ ਗਈ।[4]

## ਮਹਾਰਾਜਾ ਪਟਿਆਲਾ ਵਲੋਂ ਉਚੇਚੀ ਸਹੈਤਾ

ਮਹਾਰਾਜਾ ਮਹਿੰਦਰ ਸਿੰਘ ਪਟਿਆਲੀਆ ਨਾਮਧਾਰੀ ਸਿੱਖਾਂ ਦੇ ਏਨਾਂ ਵਿਰੁੱਧ ਸੀ ਕਿ ਉਹ ਹਰ ਸਮੇਂ ਇਸ ਮਾਮਲੇ ਵਿਚ ਸੂਕਾਰ ਦੀ ਮਦਦ ਕਰਨ ਲਈ ਉਤਸ਼ਾਹੀ ਰਹਿੰਦਾ ਸੀ। ਇਹ ਗੱਲ ਉਸਦੀ ਉਸ ਤਾਰ ਤੋਂ ਪ੍ਰਗਟ ਹੁੰਦੀ ਹੈ ਜੋ ਉਸਨੇ ੧੭-੧-੧੮੭੨ ਨੂੰ ਪੰਜਾਬ ਗਵਰਮੈਂਟ ਦੇ ਸਕੱਤ੍ਰ ਨੂੰ ਦਿੱਲੀ ਵਿਖੇ ਭੇਜੀ ਸੀ। ਤਾਰ ਦਾ ਉਲਥਾ ਇਉਂ ਹੈ—"੨੦੦ ਊਠ ਤੇ ੦ ਹਾਥੀ ਜੋ ਇਸ ਸਮੇਂ ਮੇਰੀ ਰਾਜਧਾਨੀ ਵਿਚ ਮੌਜੂਦ ਹਨ, ਉਨ੍ਹਾਂ ਬਾਬਤ ਮੈਂ ਹੁਕਮ ਦਿੰਦਾ ਹਾਂ, ਕਿ ਇਕ ਦਮ ਖੰਨੇ ਨੂੰ ਭੇਜ ਦਿਤੇ ਜਾਣ। ਨਾਇਬ ਨਾਜ਼ਮ ਬਸੀ ਨੂੰ ਹੁਕਮ ਦਿਤਾ ਗਿਆ ਹੈ ਕਿ ਹੋਰ ਜਿਨੇ ਊਠਾ ਤੇ ਗੱਡੀਆਂ ਦੀ ਲੋੜ ਪਵੇ, ਬਿਨਾਂ ਢਿੱਲ ਤੋਂ ਭੇਜ ਦੇਵੇ। ਨਾਭੇ ਦੇ ਰਾਜੇ ਨੂੰ ਸਾਰੇ ਮਾਮਲੇ ਬਾਬਤ ਖਵਰ ਭੇਜ ਦਿਤੀ ਗਈ ਹੈ[5]।

## ਸਿੰਘਾਂ ਨੂੰ ਮਲੇਰ ਕੋਟਲੇ ਵਿਖੇ ਲਿਆਉਣਾ

੧੭ ਜਨਵਰੀ (੬ ਮਾਘ) ਨੂੰ ਹੀ ਨਾਇਬ ਨਾਜ਼ਿਮ ਨਿਆਜ਼ ਅਲੀ ਗ੍ਰਿਫ਼ਤਾਰ ਕੀਤੇ ਗਏ ਕੂਕੇ ਬੀਰਾਂ ਨੂੰ ਲੈਕੇ ਕੋਟਲੇ ਪੁਜ ਗਿਆ। ਰਿਆਸਤਾਂ ਦੀ ਮਦਤ ਫ਼ੌਜਾਂ, ਰਸਾਲਿਆਂ ਤੇ ਤੋਪਖ਼ਾਨਿਆਂ ਦੇ ਰੂਪ ਵਿਚ ਮੌਜੂਦ ਸੀ। ਜਲੰਧਰੋਂ, ਦਿੱਲੀ ਤੇ ਅੰਬਾਲੇ ਤੋਂ ਵੀ ਫੌਜਾਂ ਦੇ ਪੁੱਜਣ ਦੀ ਉਡੀਕ ਸੀ।

## ਸਿੰਘਾਂ ਨੂੰ ਤੋਪਾਂ ਨਾਲ ਉਡਾਉਣਾ

ਅੱਜ ੧੭ ਜਨਵਰੀ ਨੂੰ ਹੀ ਏਨ੍ਹਾਂ ਕੂਕੇ ਬੀਰਾਂ ਦੀ ਕਿਸਮਤ ਦਾ ਫੈਸਲਾ ਕਰਨ ਵਾਸਤੇ ਇਨ੍ਹਾਂ ਨੂੰ ਮਲੇਰ ਕੋਟਲੇ ਦੇ ਬਾਹਰ ਜਮਾਲ ਪੁਰ ਪਿੰਡ ਕੋਲ ਉਸ ਰੱਕੜ ਵਿਚ ਲਿਜਾਇਆ ਗਿਆ ਜੋ ਓਦੋਂ ਤੋਂ ਲੈਕੇ ਅੱਜ ਤਕ "ਕੂਕਿਆਂ ਦਾ ਰੱਕੜ" ਕਹਿਕੇ ਪੁਕਾਰਿਆ ਜਾਂਦਾ ਹੈ, ਇਕ ਬੰਨੇ ਕੂਕੇ ਕਤਾਰ ਵਿਚ ਖੜੇ ਸਨ ਤਾਂ ਦੂਜੇ ਬੰਨੇ ਨਾਲ ਹੀ ਰਸਾਲਿਆਂ ਤੇ ਫੌਜਾਂ ਦੇ ਸੂਦਾਰ ਅਫਸਰ ਤੇ ਸਿਪਾਹੀ ਵਰਦੀਆਂ ਤੇ ਹਥਿਆਰਾਂ ਨਾਲ ਤਿਆਰ-ਬਰ-ਤਿਆਰ ਫ਼ਾਲਨ ਹੋਏ ਹੋਏ ਸਨ।[6] ਇਕ ਬੰਨੇ ਕਾਵਨ ਦੇ ਹੁਕਮ ਨਾਲ ੭ ਤੋਪਾਂ ਵਖੋ ਵਖ ਬੀੜੀਆਂ ਗਈਆਂ। ਕਾਵਨ ਨੇ ਕਿਸੇ ਤ੍ਰਾਂ ਦਾ ਮੁਕੱਦਮਾ ਚਲਾਣ ਅਤੇ ਸਿੰਘਾਂ ਨੂੰ ਸਫਾਈ ਦੇਣ ਦਾ ਮੌਕਾ ਦੇਣ ਤੋਂ ਬਿਨਾਂ, ਉਨ੍ਹਾਂ ਨੂੰ ਤੋਪਾਂ ਨਾਲ ਉਡਾ ਦੇਣ ਦਾ ਫੈਸਲਾ ਕੀਤਾ। ਭਾਵੇਂ ਅਜੇਹਾ ਕਰਨਾ ਉਸ ਦੇ ਅਧਿਕਾਰਾਂ ਦੇ ਉਕਾ ਹੀ ਉਲਟ ਸੀ, ਅਤੇ ਉਸਦੇ ਅਫਸਰ ਕਮਿਸ਼ਨਰ ਅੰਬਾਲਾ ਨੇ ਵੀ ਉਸ ਨੂੰ ਅਪਣੀ ਇਕ ਚਿੱਠੀ ਰਾਹੀਂ ਕੂਕਿਆਂ ਨੂੰ ਮੌਤ ਦੀ ਸਜ਼ਾ ਦੇਣ ਤੋਂ ਰੋਕਦਿਆਂ ਹੋਇਆਂ ਲਿਖਿਆ ਸੀ ਕਿ ਉਹ ਮੌਕੇ ਤੇ ਪੁਜ ਰਿਹਾ ਹੈ, ਇਸ ਲਈ ਉਸ ਦੇ ਔਣ ਤੋਂ ਪਹਿਲਾਂ ਕਿਸੇ ਨੂੰ ਮੌਤ ਦੀ ਸਜ਼ਾ ਨਾ ਦੇਣੀ। ਪਰ ਕਾਵਨ ਨੇ ਇਸ ਗੱਲ ਦੀ ਰਤਾ ਪ੍ਰਵਾਹ ਨਾ ਕੀਤੀ ਤੇ ਸਿੰਘਾਂ ਨੂੰ ਤੋਪਾਂ ਅਗੇ ਉਡਾਣ ਲਈ ਤਿਆਰ ਹੋ ਗਿਆ। ਏਧਰ ਆਸ਼ਕ ਵੀ ਤੋਪਾਂ ਨੂੰ ਵੇਖ ਵੇਖ ਮੁਸਕਰਾ ਰਹੇ ਸਨ, ਦਰਸ਼ਕ ਹਜ਼ਾਰਾਂ ਦੀ ਗਿਣਤੀ ਵਿਚ ਇਹ ਨਜ਼ਾਰਾ ਤੱਕਣ ਲਈ ਖੜੇ ਸਨ, ਕਿ ਕੂਕੇ ਕਿਸ ਤਰ੍ਹਾਂ ਮੌਤ ਨੂੰ ਟਿਚਕਰਾਂ ਕਰਨ ਦੇ ਆਦੀ ਹਨ। ਕਾਵਨ ਤੇ ਉਸ ਦੀ ਮੇਮ ਕੁਰਸੀਆਂ ਡਾਹੀ ਬੈਠੇ ਸਨ। ਸੂਕਾਰੀ ਕਾਗਤਾਂ ਵਿਚ ਲਿਖਿਆ ਹੈ ਕਿ ਕੂਕਿਆਂ ਨੂੰ



Sri Satguru Jagjit Singh Ji eLibrary NamdhariElibrary@gmail.com

ਤੋਪਾਂ ਦੇ ਮੂੰਹਾਂ ਨਾਲ ਬੰਨ੍ਹਕੇ ਉਡਾਇਆ ਜਾਂਦਾ ਸੀ, ਪਰ ਇਹ ਉਕਾ ਹੀ ਝੂਠ ਹੈ ; ਕਿਉਂਕਿ ਮਾਈ ਇੰਦ ਕੌਰ ਅਤੇ ਮਾਈ ਖੇਮ ਕੌਰ ਜੋ ਹਮਲੇ ਅਤੇ ਗ੍ਰਿਫਤਾਰੀ ਦੇ ਸਮੇਂ ਵੀ ਨਾਲ ਸਨ, ਅਤੇ ਉਨ੍ਹਾਂ ਨੂੰ ਕਾਵਨ ਨੇ ਬਦੋਬਦੀ ਛਡ ਦਿਤਾ ਸੀ। ਪਰ ਉਨ੍ਹਾਂ ਨੇ ਸਿੰਘਾਂ ਦੀਆਂ ਸ਼ਹੀਦੀਆਂ ਅਪਣੇ ਨੇਤ੍ਰਾਂ ਸਉਂਹੇ ਤੱਕੀਆਂ ਸਨ। ਉਨ੍ਹਾਂ ਦਾ ਬਿਆਨ ਹੈ ਕਿ ਸਿੰਘਾਂ ਨੇ ਬੱਝਣ ਤੋਂ ਨਾਂਹ ਕਰ ਦਿਤੀ ਸੀ, ਅਤੇ ਉਹ ਛਾਲਾਂ ਮਾਰ ਮਾਰ ਕੇ ਇਕ ਦੂਜੇ ਤੋਂ ਮੂਹਰੇ ਸ਼ਹੀਦ ਹੋਣ ਲਈ ਤੋਪਾਂ ਅਗੇ ਜਾ ਖਲੋਂਦੇ ਸਨ। ਹੁਕਮ ਸੀ ਕਿ ਤੋਪ ਵਲ ਪਿੱਠ ਕਰਕੇ ਖਲੋਤਾ ਜਾਏ, ਪ੍ਰੰਤੂ ਉਨ੍ਹਾਂ ਨੇ ਇਹ ਕਹਿਕੇ ਇਸ ਹੁਕਮ ਨੂੰ ਮੰਨਣ ਤੋਂ ਨਾਂਹ ਕਰ ਦਿਤੀ ਸੀ ਕਿ ਸੂਰਬੀਰ ਸਿਖ ਪਿੱਠ ਵਿਚ ਨਹੀਂ ਛਾਤੀ ਵਿਚ ਗੋਲਾ ਖਾਕੇ ਖੁਸ਼ ਹੁੰਦੇ ਹਨ। ਮੌਤ ਵਲ ਕੰਡ ਕਰਨਾ ਕਾਇਰਾਂ ਦਾ ਕੰਮ ਹੈ।

ਉਸ ਵੇਲੇ ਦੇ ਦ੍ਰਿਸ਼ਯ ਤੋਂ ਐਉਂ ਜਾਪਦਾ ਸੀ ਕਿ ਮਾਤ-ਭੂਮੀ ਦੇ ਸਿਤਾਰੇ ਕੂਕੇ ਬੀਰ, ਗਊ ਗਰੀਬ ਦੇ ਗਲ ਤੋਂ ਛੁਰੀ ਲਾਹੁਣ ਅਤੇ ਮਾਤ-ਭੂਮੀ ਦਿਆਂ ਚਰਨਾਂ ਵਿਚੋਂ ਅੰਗਰੇਜ਼ ਅਧੀਨਤਾ ਦੀਆਂ ਬੇੜੀਆਂ ਕੱਟਣ ਦੇ ਮਨੋਰਥ ਨਾਲ ਸ਼ਹੀਦੀ ਦੇ ਲਬਾਲਬ ਜਾਮ ਪਾਨ ਕਰਨ ਲਈ ਉਤਾਵਲੇ ਹੋ ਰਹੇ ਸਨ।

### ਫ਼ਾਇਰ ਦਾ ਹੁਕਮ

ਕਾਵਨ ਨੇ ੭ ਮਸਤਾਨਿਆਂ ਨੂੰ ਤੋਪ ਅਗੇ ਖੜ੍ਹੇ ਹੋਣ ਦਾ ਹੁਕਮ ਦਿਤਾ। ਇਸ ਪਹਿਲੇ ਗਰੁਪ ਵਿਚ ਸ੍ਰ: ਹੀਰਾ ਸਿੰਘ ਜੀ ਅਤੇ ਸ੍ਰ: ਲਹਿਣਾ ਸਿੰਘ ਜੀ ਵੀ ਸਨ। ਤੋਪਚੀ ਨੇ ੩ ਵਾਰ ਪਲੀਤਾ ਦਾਗਿਆ, ਪਰ ਮਿਸ ਹੋ ਜਾਂਦਾ ਰਿਹਾ। ਸ੍ਰ: ਹੀਰਾ ਸਿੰਘ ਜੀ ਨੇ ਮੁਸਕ੍ਰਾਂਦਿਆਂ ਹੋਇਆ ਕਿਹਾ— "ਕਾਵਨ! ਤੁਹਾਡਾ ਕਾਨੂੰਨ ਵੇਖਣਾ ਸੀ। ਹੁਣ ਮੇਰੇ ਸਤਿਗੁਰੂ ਜੀ ਦਾ ਹੁਕਮ ਹੋ ਗਿਆ ਹੈ। ਚਲਾਓ ਤੋਪ।" ਤੋਪਚੀ ਨੇ ਫੈਰ ਕੀਤਾ। ਬਸ ਫੇਰ ਕੀ ਸੀ, ਮਸਤਾਨੇ ਸਿੰਘਾਂ ਦੇ ਪੰਜ ਭੂਤਕ ਸਰੀਰ ਛਿਨ ਮਾਤਰ ਵਿਚ ਹੀ ਫੀਤੀ ਫੀਤੀ ਹੋਕੇ ਅਕਾਸ਼ ਵਿਚ ਉਡ ਰਹੇ ਪ੍ਰਮਾਣੂਆਂ ਵਿਚ ਲੀਨ ਹੋ ਗਏ। ਮਾਈਆਂ ਦੇ ਲਾਲ ਵਾਰੀ ਵਾਰੀ ਤੋਪਾਂ ਅਗੇ ਜਾਂਦੇ ਹੋਏ ਗੱਜ ਕੇ ਜੈਕਾਰਾ ਗਜਾਂਦੇ ਇਹ ਗੀਤ ਗਾਉਂਦੇ ਸਨ— "ਬਿੱਲਿਆ ਡੇਰ ਨਾ ਲਾ ਓਏ ਮੇਰਾ ਸਾਥ ਜਾਂਦਾ ਹੈ।"

### ਅਦੁੱਤੀ ਸ਼ਹੀਦੀ

੪੯ ਸਿੰਘ ਸ਼ਹੀਦ ਹੋ ਚੁਕੇ ਸਨ। ਮਾਈ ਖੇਮ ਕੌਰ (ਰੜ) ਦੇ ਇਕਲੌਤੇ ਲਾਲ ਬਿਸ਼ਨ ਸਿੰਘ ਦੀ ਵਾਰੀ ਆਈ। ਇਸ ਦੀ ਉਮਰ ਕੇਵਲ ੧੨ ਸਾਲ ਸੀ। ਇਸਦੀ ਭੋਲੀਭਾਲੀ ਸੂਰਤ ਤੇ ਬਚਪਨ ਦੀ ਉਮਰ ਵੇਖ ਕੇ ਕਾਵਨ ਦੀ ਮੇਮ ਨੇ ਕਿਹਾ, "ਮਾਈ ਡੀਅਰ! ਇਸੇ ਮਾਫ ਕੀਆ ਜਾਏ।" ਕਾਵਨ ਨੇ ਕਿਹਾ, "ਐਸਾ ਹੋ ਸਕਦਾ ਹੈ, ਪਰ ਜੇ ਉਹ ਕਹਿ ਦਵੇ ਕਿ ਮੈਂ ਸਤਿਗੁਰੂ ਰਾਮ ਸਿੰਘ ਦਾ ਸਿੱਖ ਨਹੀਂ।" ਇਹ ਗੱਲ ਕਾਵਨ ਦੇ ਮੂੰਹੋਂ ਨਿਕਲਣ ਦੀ ਦੇਰ ਸੀ ਕਿ ਉਹ ਬੱਚਾ ਜੋਸ਼ ਵਿਚ ਆਇਆ ਤੇ ਇਕ ਛਾਲ ਮਾਰਕੇ ਕਾਵਨ ਤੇ ਝਪਟਿਆ। ਉਸ ਨੂੰ ਦਾੜ੍ਹੀ ਤੋਂ ਫੜ ਲਿਆ[7] ਤੇ ਧਰਤੀ ਤੇ ਸਿਟਦਿਆਂ ਹੋਇਆਂ ਕਿਹਾ, "ਬਿੱਲਿਆ! ਫੇਰ ਕਹੇਂਗਾ ਕਿ ਬਿਸ਼ਨ ਸਿੰਘ ਸਤਿਗੁਰੂ ਰਾਮ ਸਿੰਘ ਜੀ ਦਾ ਸਿਖ ਨਹੀਂ?" ਬੀਰ ਬਿਸ਼ਨ ਸਿੰਘ ਨੇ ਤਦ ਤਕ ਕਾਵਨ ਦੀ ਦਾੜ੍ਹੀ ਨਾ ਛੱਡੀ ਜਦ ਤਕ ਕੋਲ ਖੜ੍ਹੇ ਅਹਿਲਕਾਰਾਂ ਨੇ ਤਲਵਾਰਾਂ ਨਾਲ ਟੋਟੇ ਕਰਕੇ ਉਸ ਨੂੰ ਸ਼ਹੀਦ ਨਾ ਕਰ ਦਿਤਾ। ਮਾਈ ਖੇਮ ਕੌਰ ਤੇ ਇੰਦ ਕੌਰ ਭਾਵੇਂ ਬੜੇ ਤਰਲੇ ਕੀਤੇ ਕਿ ਉਨ੍ਹਾਂ ਨੂੰ ਵੀ ਤੋਪਾਂ ਅਗੇ ਉਡਾਕੇ ਸ਼ਹੀਦ ਬੀਰਾਂ ਦੀ ਫਰਿਸਤ ਵਿਚ ਸ਼ਾਮਿਲ ਕੀਤਾ ਜਾਵੇ, ਪਰ ਕਾਵਨ ਨੇ ਉਨ੍ਹਾਂ ਨੂੰ ਪਟਿਆਲਾ ਫੌਜਾਂ ਦੇ ਕਮਾਨ ਅਫਸਰ ਦੇ ਸਪੁਰਦ ਕਰ ਦਿਤਾ, ਜਿਨ੍ਹਾਂ ਨੂੰ ਪਟਿਆਲਾ ਰਿਆਸਤ ਦੀ ਹੱਦ ਵਿਚ ਲੈ ਜਾ ਕੇ ਛੱਡ ਦਿਤਾ ਗਿਆ।

ਕਾਵਨ ਅਪਣੀ ਇਕ ਚਿੱਠੀ ਵਿਚ, ਜੋ ਉਸ ਨੇ ੧੭ ਜਨਵਰੀ ਨੂੰ ਕਮਿਸ਼ਨਰ ਅੰਬਾਲਾ ਵਲ ਲਿਖੀ, ਲਿਖਦਾ ਹੈ ਕਿ—"ਦੋ ਇਸਤ੍ਰੀਆਂ ਪਟਿਆਲਾ ਰਿਆਸਤ ਦੀਆਂ ਵਸਨੀਕ ਸਨ, ਮੈਂ ਉਨ੍ਹਾਂ ਨੂੰ ਪਟਿਆਲੇ ਜਾਣ ਲਈ ਪਟਿਆਲਾ ਫੌਜ ਦੇ ਕਮਾਨ ਅਫਸਰ ਦੇ ਸਪੁਰਦ ਕਰ ਦਿਤਾ। ਬਾਗੀਆਂ ਵਿਚੋਂ ਮੈਂ ੪ ਆਦਮੀ ਅੱਜ ਦੁਪਹਿਰੇ ਕੋਟਲੇ ਦੀ ਪਰੇਡ ਗਰਾਊਂਡ ਵਿਚ ਪਟਿਆਲਾ, ਨਾਭਾ, ਜੀਂਦ ਅਤੇ ਕੋਟਲਾ ਰਿਆਸਤ ਦੀਆਂ ਫੌਜਾਂ ਦੀ ਮੌਜੂਦਗੀ ਵਿਚ ਤੋਪਾਂ ਨਾਲ ਉਡਾ ਦਿਤੇ। ਮੇਰਾ ਇਰਾਦਾ ੫੦ ਆਦਮੀਆਂ ਨੂੰ ਉਡਾਣ ਦਾ ਅਤੇ ਬਾਕੀ ੧੬ ਨੂੰ ਅਗਲੇ ਦਿਨ ਫਾਂਸੀ ਦੇਣ ਲਈ ਮਲੇਰ ਭੇਜਣ ਦਾ ਸੀ। ਪਰ ਇਕ ਆਦਮੀ ਨੇ ਗਾਰਦ ਕੋਲੋਂ ਬਚਕੇ ਮੇਰੇ ਉਤੇ ਇਕ ਭਿਆਨਕ ਹਮਲਾ ਕਰ ਦਿਤਾ ਅਤੇ ਮੈਨੂੰ ਦਾੜ੍ਹੀ ਤੋਂ ਫੜ ਕੇ ਉਸ ਨੇ ਮੇਰਾ ਸਾਹ ਘੁਟਣ ਦੀ ਕੋਸ਼ਿਸ਼ ਕੀਤੀ। ਜਿਵੇਂ ਕੋਈ ਬੜੀ ਤਾਕਤ ਵਾਲਾ ਆਦਮੀ ਹੁੰਦਾ ਹੈ, ਮੈਂ ਆਪਣੇ ਆਪ ਨੂੰ



Sri Satguru Jagjit Singh Ji eLibrary NamdhariElibrary@gmail.com

ਉਸ ਤੋਂ ਬੜੀ ਮੁਸ਼ਕਲ ਨਾਲ ਛੁਡਾਇਆ । ਫੇਰ ਉਸ ਨੇ ਮੇਰੇ ਕੋਲ ਖਲੋਤੇ ਦੇਸੀ ਰਿਆਸਤਾਂ ਦੇ ਅਫਸਰਾਂ ਤੇ ਇਕ ਗਜ਼ਬ ਦਾ ਹਮਲਾ ਕੀਤਾ, ਜਿਸ ਦਾ ਨਤੀਜਾ ਇਹ ਹੋਇਆ ਕਿ ਉਨ੍ਹਾਂ ਅਫਸਰਾਂ ਨੇ ਆਪਣੀਆਂ ਤਲਵਾਰਾਂ ਖਿੱਚੀਆਂ ਤੇ ਉਸ ਨੂੰ ਕਤਲ ਕਰ ਦਿਤਾ ।

## ਫਾਰਸਿਥ ਵਲੋਂ ਕਾਵਨ ਨੂੰ ਚਿੱਠੀ

ਇਥੇ ਇਹ ਗੱਲ ਯਾਦ ਰੱਖਣ ਯੋਗ ਹੈ ਕਿ ਜਿਸ ਵੇਲੇ ਕਾਵਨ ਸਿੰਘਾਂ ਨੂੰ ਤੋਪਾਂ ਨਾਲ ਉਡਾ ਰਿਹਾ ਸੀ, ਤੇ ਸੱਤਾਂ ਆਦਮੀਆਂ ਦਾ ਛੇਕੜਲਾ ਜਥਾ ਤੋਪਾਂ ਅਗੇ ਖੜ੍ਹਾ ਕੀਤਾ ਜਾ ਚੁਕਾ ਸੀ, ਉਸ ਨੂੰ ਕਮਿਸ਼ਨਰ ਫਾਰਸਿਥ ਵਲੋਂ ਇਕ ਚਿੱਠੀ ਮਿਲੀ ਜਿਸ ਵਿਚ ਲਿਖਿਆ ਹੋਇਆ ਸੀ ਕਿ "ਮੈਂ ਖੁਦ ਮੌਕਿਆ ਤੇ ਆ ਰਿਹਾ ਹਾਂ । ਮੇਰੇ ਪੁਜਣ ਤੋਂ ਪਹਿਲਾਂ ਕਿਸੇ ਨੂੰ ਮੌਤ ਦੀ ਸਜ਼ਾ ਨਹੀਂ ਦੇਣੀ ਤੇ ਬਾਗੀਆਂ ਦਾ ਮੁਕੱਦਮਾ ਸੁਣਨਾ । ਕਾਵਨ ਨੇ ਚਿੱਠੀ ਪੜ੍ਹਕੇ ਖੀਸੇ ਵਿਚ ਪਾ ਲਈ ਤੇ ਆਪਣੇ ਵਡੇ ਅਫਸਰ ਦੇ ਹੁਕਮ ਦੀ ਕੋਈ ਪ੍ਰਵਾਹ ਨਾ ਕਰਦਿਆਂ ਹੋਇਆਂ ਆਪਣੀ ਕਾਰਵਾਈ ਜਾਰੀ ਰਖੀ[9] ਅਤੇ ੭ ਆਦਮੀਆਂ ਦੇ ਉਸ ਅੰਤਲੇ ਜਥੇ ਨੂੰ ਸ਼ਹੀਦ ਕਰ ਦਿਤਾ, ਜੋ ਸਰਕਾਰੀ ਬਿਆਨਾਂ ਅਨੁਸਾਰ ਕਮਿਸ਼ਨਰ ਦੇ ਹੁਕਮ ਮੰਨਣ ਨਾਲ ਬਚ ਸਕਦਾ ਸੀ ।[10]

ਜਦ ਫਾਰਸਿਥ ਨੂੰ ਇਸ ਗੱਲ ਦਾ ਪਤਾ ਲਗਾ ਕਿ ਕਾਵਨ ਨੇ ਉਸਦੇ ਹੁਕਮ ਦੀ ਕੱਖ ਜਿਨੀਂ ਵੀ ਪ੍ਰਵਾਹ ਨਾ ਕਰਦਿਆਂ ਹੋਇਆਂ ਸਿਖਾਂ ਨੂੰ ਤੋਪਾਂ ਨਾਲ ਉਡਾ ਦੇਣ ਦੀ ਕਾਰਵਾਈ ਕੀਤੀ ਹੈ, ਤਾਂ ਉਸਨੇ ਇਸ ਅਯੋਗ ਕਾਨੂੰਨ ਵਿਰੁਧ ਅਤੇ ਵਹਿਸ਼ਯਾਨਾਂ ਕਾਰਵਾਈ ਦੀ ਕੇਵਲ ਇਸ ਨੁਕਤਾ ਨਿਗਾਹ ਨਾਲ ਤਸਦੀਕ ਕਰ ਦਿੱਤੀ ਕਿ ਅਫਸਰਾਨਾ ਮਤਭੇਦ ਤੋਂ ਦੇਸੀ ਲੋਕ ਲਾਭ ਨਾ ਉਠਾ ਸਕਣ । ਇਸ ਬਾਬਤ ਫ਼ਾਰਸਿਥ ਅਪਨੀ ਕਲਮ ਨਾਲ ਲਿਖਦਾ ਹੈ ਕਿ —"ਮੈਂ ਉਸਨੂੰ ਲੁਧਿਆਣੇ ਤੋਂ ਲਿਖਤੀ ਹੁਕਮ ਭੇਜਿਆ ਕਿ ਜਦ ਤਕ ਮੈਂ ਉਸ ਨਾਲ ਸ਼ਾਮਿਲ ਨਾ ਹੋ ਜਾਵਾਂ ਤਦ ਤਕ ਉਹ ਬਾਗੀਆਂ ਦਾ ਮੁਕੱਦਮਾਂ ਕਰੇ, ਅਤੇ ਕਿਸੇ ਨੂੰ ਵੀ ਮੌਤ ਦੀ ਸਜ਼ਾ ਨਾ ਦਵੇ, ਪ੍ਰੰਤੂ ਕਾਵਨ ਨੇ ਕਨੂੰਨ ਅਪਨੇ ਹੱਥਾਂ ਵਿਚ ਲੈ ਲਿਆ, ਅਤੇ ਮੇਰੀ ਚਿਠੀ ਨੂੰ ਅਪਣੇ ਬੋਝੇ ਵਿਚ ਪਾਕੇ ਉਸਤੇ ਅਮਲ ਕਰਨ ਤੋਂ ਇਨਕਾਰ ਕਰਦਿਆਂ ਹੋਇਆਂ ਆਦਮੀਆਂ ਨੂੰ ਮੌਤ ਦੇ ਘਾਟ ਪਾਰ ਉਤਾਰ ਦਿਤਾ[11] । ਜਦ ਮੈਂ ਇਹ ਸੁਣਿਆ, ਤਾਂ ਮੈਂ ਅਪਣੇ ਆਪ ਨੂੰ ਪ੍ਰੇਸ਼ਾਨੀ ਅਤੇ ਨਾਜ਼ਿਕ ਹਾਲਿਤ ਵਿਚ ਦੇਖਿਆ । ਮੈਂ ਸਮਝਿਆ ਕਿ ਇਹ ਸਮਾਂ ਬੜਾ ਜ਼ਰੂਰੀ ਤੇ ਨਾਜ਼ਕ ਸੀ । ਜੇ ਮੈਂ ਉਸਦੇ ਕੰਮ ਨੂੰ ਰੱਦ ਕਰਦਿਆਂ ਹੋਇਆਂ ਇਹ ਪ੍ਰਗਟ ਕੀਤਾ, ਕਿ ਸ੍ਰਕਾਰੀ ਹਾਕਮਾਂ ਵਿਚਕਾਰ ਫੁਟ ਹੈ, ਤਾਂ ਦੇਸੀ ਲੋਕ ਇਸ ਤੋਂ ਲਾਭ ਉਠਾਣਗੇ......ਇਸ ਲਈ ਮੈਂ ਫੈਸਲਾ ਕੀਤਾ, ਕਿ ਕਾਵਨ ਦੀ ਕਾਰਵਾਈ ਦਾ ਭਾਰ ਅਪਨੇ ਸਿਰ ਤੇ ਲੈ ਲਵਾਂ । ਮੈਂ ਉਸਨੂੰ ਚਿਠੀ ਭੇਜੀ, ਜਿਸ ਵਿਚ ਹਾਲਾਤ ਦੇ ਅਧੀਨ ਉਸਦੀ ਕਾਰਵਾਈ ਦੀ ਤਸਦੀਕ ਕਰ ਦਿਤੀ[12] ।

---

## ਫੁੱਟ ਨੋਟ ਤੇ ਹਵਾਲੇ :

1. ਇਹ ਗਿਣਤੀ ਡਾਕਟਰ ਜੋਨਇੰਨਸਨ ਐਮ. ਡੀ. ਸਿਵਲ ਸਰਜਨ ਲੁਧਯਾਨਾਂ ਦੀ ਰਪੋਟ ੧੫ ਜਨਵਰੀ ੧੮੭੨ ਅਨੁਸਾਰ ਹੈ । ਕੂਕੇ ਫੱਟੜਾਂ ਵਿਚੋਂ ੭ ਉਨ੍ਹਾਂ ਦੀ ਗਿਣਤੀ ਹੈ, ਜੋ ਰਣ-ਭੂਮੀ ਵਿਚ ਹੀ ਰਹਿ ਗਏ, ਅਤੇ ੨੯ ਫੱਟੜਾਂ ਨੂੰ ਸਿੰਘ ਉਠਾ ਕੇ ਲੈ ਗਏ ਸਨ ।
2. ਕੂਕਾ ਆਊਟ ਬ੍ਰੇਕ ਪੰਨਾਂ ੭
3. ਕੂਕਾ ਆਊਟ ਬ੍ਰੇਕ ਪੰਨਾਂ ੭
4. ਕੂਕਾ ਆਊਟ ਬ੍ਰੇਕ ਪੰਨਾ ੮
5. ਕੂਕਾ ਆਊਟ ਬ੍ਰੇਕ ਪੰਨਾ ੯
6. ਸ੍ਰਕਾਰ ਦੇ ਕੇਂਦਰੀ ਫਾਈਲ ਵਿਖੇ ਅੰਕਿਤ ਇਕ ਰਿਪੋਟ ਵਿਚ ਲਿਖਿਆ ਹੈ ਕਿ ਮਹਾਰਾਜਾ ਪਟਿਆਲਾ, ਨਾਭਾ ਤੇ ਜੀਂਦ ਵਲੋਂ ਕੂਕੇ ਸਿਖਾਂ ਨੂੰ ਉਡਾਣ ਲਈ ੯ ਤੋਪਾਂ ਭੇਜੀਆਂ ਗਈਆਂ ਸਨ । (ਕੂਕਾ ਫਾਈਲ ਕੇਂਦਰੀ)
7. ਕਾਵਨ ਪਾਦਰੀ ਸੀ, ਜਿਸ ਕਰਕੇ ਉਹ ਦਾੜ੍ਹੀ ਰੱਖਦਾ ਸੀ ।
8. ਕੂਕਾ ਆਊਟ ਬ੍ਰੇਕ ਪੰਨਾ ੨੯
9. ਕੂਕਾ ਆਊਟ ਬ੍ਰੇਕ ਪੰਨਾ ੨੯
10. ਇਹ ਵੀ ਹੋ ਸਕਦਾ ਹੈ ਕਿ ਚਿੱਠੀ ਤਾਂ ਪਹਿਲੋਂ ਹੀ ਮਿਲ ਗਈ ਹੋਵੇ, ਪਰ ਕਾਵਨ ਨੇ ਆਪਣੇ ਆਪ ਨੂੰ ਬਹੁਤ ਸਾਰੇ ਭਾਰ ਦੀ ਜ਼ਿੰਮੇਵਾਰੀ ਤੋਂ ਬਚਾਣ ਲਈ ਇਹ ਲਿਖ ਦਿਤਾ ਹੋਵੇ ਕਿ ਚਿੱਠੀ ਉਸ ਨੂੰ ਉਸ ਵਕਤ ਮਿਲੀ ਜਦ ਕਿ ਅਖੀਰਲਾ ਜਥਾ ਹੀ ਉਡਾਣ ਵਾਲਾ ਬਾਕੀ ਸੀ ।
11. ਫਾਰਸਿਥ ਦਾ ਅਪਣੇ ਹਥੀਂ ਲਿਖਿਆ ਜੀਵਨ ਅਧਯਾ ੩ ।
12. ਇਸ ਲਿਖਤ ਤੋਂ ਵੀ ਇਹ ਸਿੱਧ ਹੁੰਦਾ ਹੈ, ਕਿ ਕਾਵਨ ਨੇ ਫ਼ਾਰਸਿਥ ਦੀ ਚਿੱਠੀ ਪੁਜਣ ਤੋਂ ਪਹਿਲੋਂ ਕਿਸੇ ਨੂੰ ਵੀ ਤੋਪ ਨਾਲ ਨਹੀਂ ਉਡਾਇਆ ਸੀ ।



Sri Satguru Jagjit Singh Ji eLibrary NamdhariElibrary@gmail.com

# ਖੰਡਾ

—ਅਮਰ ਭਾਰਤੀ

ਗੁਰੂ ਗੋਬਿੰਦ ਸਿੰਘ ਜੀ ਨੇ ਪਰਮੇਸ਼ਵਰ ਵੱਲੋਂ ਸੰਸਾਰ ਦੀ ਰਚਨਾ ਬਾਰੇ ਦੱਸਦਿਆਂ ਸਭ ਤੋਂ ਪਹਿਲਾਂ 'ਖੰਡਾ' ਸਾਜਨ ਦੀ ਗੱਲ ਕੀਤੀ ਹੈ—

'ਖੰਡਾ ਪ੍ਰਿਥਮੈ ਸਾਜਿ ਕੈ
ਜਿਨਿ ਸਭ ਸੈਸਾਰੁ ਉਪਾਇਆ।
ਬ੍ਰਹਮਾ ਬਿਸਨੁ ਮਹੇਸ ਸਾਜਿ
ਕੁਦਰਤਿ ਦਾ ਖੇਲੁ ਰਚਾਇ ਬਣਾਇਆ...।'

'ਖੰਡਾ' ਦਾ ਜ਼ਿਕਰ ਆਉਂਦਿਆਂ ਹੀ ਸੁਤੇ ਸਿਧ ਜਿਸ ਵਸਤੂ ਦਾ ਧਿਆਨ ਆਉਂਦਾ ਏ ਉਹ ਇਕ ਸ਼ਸਤਰ ਹੈ, ਜੋ ਦੋ ਧਾਰਾ ਹੈ ਤੇ ਜਿਸ ਦੇ ਦੋਵੇਂ ਸਿਰੇ ਤਿਕੋਨੇ ਨੇ। 'ਖੰਡਾ' ਦਾ ਇਹ ਸਰੂਪ ਸਥੂਲ ਹੈ।

ਖੰਡਾ ਇਕ ਸ਼ਸਤਰ ਹੋਣ ਦੇ ਨਾਲ ਨਾਲ ਇਕ ਧਾਰਮਕ ਚਿੰਨ੍ਹ ਵਜੋਂ ਵੀ ਜਾਣਿਆ-ਪਛਾਣਿਆ ਜਾਂਦਾ ਹੈ। ਅਤੇ ਜਦੋਂ ਖੰਡਾ ਇਕ ਧਾਰਮਕ ਚਿੰਨ੍ਹ ਵਜੋਂ ਲੋਕਾਂ ਦੇ ਮਨ-ਮਸਤਕ ਵਿਚ ਸਥਾਪਤ ਹੈ ਤਾਂ ਨਿਸਚੇ ਹੀ ਇਹ ਕਿਸੇ ਬੁਨਿਆਦੀ ਤੱਤ ਦਾ ਲਖਾਇਕ ਹੋਣਾ ਚਾਹੀਦਾ ਹੈ।

ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਨਾਭੇ ਵਾਲਿਆਂ ਨੇ ਕੋਈ ਛੇ ਦਹਾਕੇ ਪਹਿਲਾਂ 'ਚੰਡੀ ਦੀ ਵਾਰ' ਰੂਪੀ ਉਸ ਬਾਣੀ ਦਾ ਟੀਕਾ ਕੀਤਾ ਸੀ ਜਿਸ ਬਾਣੀ ਦੀ ਰਚਨਾ ਕਰਦਿਆਂ ਗੁਰੂ ਗੋਬਿੰਦ ਸਿੰਘ ਜੀ ਨੇ ਮੰਗਲ ਰੂਪ ਵਿਚ ਭਗਉਤੀ ਦਾ ਤੇ ਫਿਰ ਪਹਿਲੇ ਨੌਂ ਸਤਿਗੁਰੂ ਸਾਹਿਬਾਨ ਦਾ ਸਿਮਰਨ ਕੀਤਾ। ਉਹ ਮੰਗਲ ਰੂਪ ਬਾਣੀ ਅਜ ਤਕ ਸਿੱਖ ਸਮਾਜ ਦੀ ਅਰਦਾਸ ਵਜੋਂ ਪਰਚਲਤ ਹੈ। ਮੰਗਲ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ ਜਗਤ ਦੀ ਉਤਪਤੀ ਬਾਰੇ ਉਸ ਪਉੜੀ ਦੀ ਰਚਨਾ ਕੀਤੀ ਜਿਸਦਾ ਅਰੰਭ ਇੰਜ ਕੀਤਾ ਹੈ—

'ਖੰਡਾ ਪ੍ਰਿਥਮੈ ਸਾਜਿ ਕੈ
ਜਿਨਿ ਸਭ ਸੈਸਾਰੁ ਉਪਾਇਆ...।'

ਚੰਡੀ ਦੀ ਵਾਰ ਦੇ ਉਸ ਟੀਕੇ ਵਿਚ, 'ਖੰਡਾ' ਸ਼ਬਦ ਵਾਲੀਆਂ ਤੁਕਾਂ ਬਾਰੇ ਭਾਈ ਕਾਨ੍ਹ ਸਿੰਘ ਜੀ ਨੇ ਇੰਜ ਲਿਖਿਆ ਹੈ—

"ਜਿਸ ਨੇ ਮਹਾ ਮਾਯਾ ਨੂੰ ਪਹਿਲਾਂ ਰਚ ਕੇ, ਸਾਰਾ ਜਗਤ ਉਤਪੰਨ ਕੀਤਾ, ਬ੍ਰਹਮਾ ਵਿਸ਼ਨੂੰ ਅਤੇ ਸ਼ਿਵ ਨੂੰ ਬਣਾਕੇ ਕੁਦਰਤਿ ਦਾ ਖੇਡ ਸੁੰਦਰਤਾ ਨਾਲ ਜ਼ਹੂਰ ਵਿਚ ਲਿਆਂਦਾ...

ਫਿਰ ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਨੇ ਆਪਣੇ ਉਪਰੋਕਤ ਕਥਨ ਨੂੰ ਸਪਸ਼ਟ ਕਰਦਿਆਂ ਲਿਖਿਆ—

"ਮਹਾ ਮਾਯਾ ਦਾ ਨਾਮ 'ਖੰਡਾ' ਇਸ ਲਈ ਹੈ ਕਿ ਇਸੇ ਤੋਂ ਸਾਰੇ ਖੰਡ (ਭੇਦ) ਉਤਪੰਨ ਹੋਏ ਹਨ, ਇਹੀ ਦਵੈਤ (ਦ੍ਵੰਦ) ਰਚਨਾ ਦਾ ਕਾਰਨ ਹੈ।"*

ਭਾਈ ਕਾਨ੍ਹ ਸਿੰਘ ਜੀ ਨੇ ਹੀ ਗੁਰੂ ਸ਼ਬਦ ਰਤਨਾਕਰ (ਮਹਾਨ ਕੋਸ਼) ਦੇ ਪੰਨਾ ੨੯੦ ਉਪਰ ਵੀ 'ਖੰਡਾ' ਸ਼ਬਦ ਦਾ ਅਰਥ ਦੱਸਦਿਆਂ ਲਿਖਿਆ ਹੈ—"ਦੋ ਧਾਰਾ ਖੜਗ, ਦੋਹਾਂ ਪਾਸਿਆਂ ਤੋਂ ਖੰਡਨ ਕਰਨ ਵਾਲਾ ਸ਼ਸਤ੍ਰ—'ਤ੍ਰੈ ਸੈ ਹੱਥ ਉਤੰਗੀ ਖੰਡਾ ਧੂਹਿਆ'—(ਕਲਕੀ) ਦੇਖੋ, ਸਸਤ੍ਰ। (੨) ਮਾਇਆ, ਜੋ ਖੰਡ (ਦਵੰਦ ਪਦਾਰਥ) ਰਚਨ ਵਾਲੀ ਹੈ, 'ਖੰਡਾ ਪ੍ਰਿਥਮੈ ਸਾਜਿ ਕੈ ਜਿਨਿ ਸਭ ਸੈਸਾਰੁ ਉਪਾਇਆ', (ਚੰਡੀ ੩)"

ਸੋ ਖੰਡਾ 'ਮਹਾ ਮਾਇਆ' ਦਾ ਲਖਾਇਕ ਹੈ। ਪਰਮੇਸ਼ਵਰ ਨੇ ਜਦੋਂ ਜਗਤ ਦੀ ਰਚਨਾ ਕੀਤੀ ਤਾਂ ਸਭ ਤੋਂ ਪਹਿਲ ਮਹਾ ਮਾਯਾ ਰੂਪੀ 'ਖੰਡਾ' ਦੀ ਸਾਜਨਾ ਕੀਤੀ।

ਸਤਿਗੁਰੂ ਨਾਨਕ ਦੇਵ ਜੀ ਨੇ ਵੀ ਜਗਤ ਦੀ ਰਚਨਾ, ਪਾਲਣਾ ਤੇ ਸੰਘਾਰ ਦੇ ਸਿਲਸਿਲੇ ਦੀ ਗੱਲ ਦੱਸਦਿਆਂ ਜਪੁਜੀ ਸਾਹਿਬ ਵਿਚ ਫ਼ੁਰਮਾਇਆ ਹੈ—

'ਏਕਾ ਮਾਈ ਜੁਗਤਿ ਵਿਆਈ,
ਤਿਨਿ ਚੇਲੇ ਪਰਵਾਣੁ।
ਇਕੁ ਸੰਸਾਰੀ ਇਕੁ ਭੰਡਾਰੀ
ਇਕ ਲਾਏ ਦੀਬਾਣੁ...।'

ਇਹ 'ਏਕਾ ਮਾਈ' ਤੇ 'ਖੰਡਾ' ਇਕੋ ਮੂਲ ਤੱਤ ਦੇ ਲਖਾਇਕ ਦੋ ਸ਼ਬਦ ਹਨ ਅਤੇ ਸਤਿਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਾਲੇ ਬ੍ਰਹਮਾ, ਵਿਸ਼ਨੁ, ਸ਼ਿਵ—ਸਤਿਗੁਰੂ ਨਾਨਕ ਦੀ ਬਾਣੀ ਵਾਲੇ ਸੰਸਾਰੀ, ਭੰਡਾਰੀ ਤੇ ਲਯ ਕਰਤਾ—ਸ਼ਬਦ ਭੇਦ ਨਾਲ ਇਕੋ ਹਨ।

ਮਨੁੱਖ, ਜੋ ਸੋਚਣ-ਸਮਝਣ ਤੇ ਮਨ-ਬੁਧੀ ਵਲੋਂ

---

*ਚੰਡੀ ਦੀ ਵਾਰ ਸਟੀਕ, ਟੀਕਾਕਾਰ ਭਾਈ ਸਾਹਿਬ ਕਾਨ੍ਹ ਸਿੰਘ ਨਾਭਾ, ਕਰਤਾ ਮਹਾਨ ਕੋਸ਼
ਪ੍ਰਕਾਸ਼ਕ : ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ



Sri Satguru Jagjit Singh Ji eLibrary NamdhariElibrary@gmail.com

ਨਿਰੰਤਰ ਵਿਕਸਿਤ ਹੋਣ ਵਾਲਾ ਪ੍ਰਾਣੀ ਹੈ, ਉਸ ਦੇ ਮਨ-ਮਸਤਕ ਨੂੰ ਇਸ ਸਵਾਲ ਨੇ ਹਮੇਸ਼ਾ ਮਥਿਆ, ਝੰਝੋੜਿਆ ਤੇ ਉਕਸਾਇਆ ਹੈ ਕਿ ਉਹ ਕੌਣ ਹੈ ? ਕਿਉਂ ਹੈ ? ਕਿਥੋਂ ਆਇਆ ਹੈ ? ਕਿਥੇ ਜਾਣਾ ਹੈ ? ਇਹ ਜਗਤ ਕੀ ਹੈ ? ਇਸ ਦੀ ਰਚਨਾ ਕਿਸ ਨੇ ਕੀਤੀ ਹੈ ? ਕਿਉਂ ਕੀਤੀ ਤੇ ਕਿਵੇਂ ਕੀਤੀ ?

ਇਸ ਸਵਾਲ ਦਾ ਜਵਾਬ ਲੱਭਣ ਦੀ ਕੋਸ਼ਿਸ਼ ਪਦਾਰਥ ਵਿਗਿਆਨੀ ਆਪਣੇ ਢੰਗ ਦੀ ਸਾਧਨਾ ਨਾਲ ਕਰਦੇ ਆ ਰਹੇ ਨੇ ਅਤੇ ਅਧਿਆਤਮਕ ਗੁਰੂ-ਰਹਿਬਰ, ਜੋਗੀ, ਰਿਸ਼ੀ-ਮੁਨੀ ਆਪਣੇ ਢੰਗ ਦੀ ਸਾਧਨਾ ਨਾਲ। ਸਾਡੇ ਸਤਿਗੁਰੂ ਸਾਹਿਬਾਨ ਨੇ ਇਸ ਸਵਾਲ ਨੂੰ ਆਪਣੇ ਢੰਗ ਨਾਲ ਉਠਾਇਆ ਤੇ ਆਪਣੀ ਬਾਣੀ ਵਿਚ ਸੰਕੇਤਕ ਸ਼ਬਦਾਂ ਦਵਾਰਾ ਇਸ ਦੀ ਚਰਚਾ ਕੀਤੀ ਹੈ।

'ਮਹਾ ਮਾਯਾ' ਨੂੰ 'ਖੰਡਾ' ਸ਼ਬਦ ਆਖਣ ਅਤੇ 'ਖੰਡਾ' ਸ਼ਸਤਰ ਦੀ ਸਥੂਲ ਰੂਪ ਵਿਚ ਪੇਸ਼ਕਾਰੀ—ਸ਼ਾਇਦ ਸਤਿਗੁਰੂ ਗੋਬਿੰਦ ਸਿੰਘ ਜੀ ਦੀ ਮੌਲਿਕ ਦੇਣ ਹੈ ਤੇ ਇਹ ਆਪਣੇ ਆਪ ਵਿਚ ਅਦੁੱਤੀ ਹੈ।

## ਸ਼ਸਤਰ ਹੀ ਕਿਉਂ ?

'ਖੜਗ' ਭਾਰਤੀ ਸਾਹਿਤ ਵਿਚ ਸ਼ਸਤਰਾਂ ਦਾ ਪ੍ਰਤੀਕ ਹੈ। ਤਲਵਾਰ, ਕਿਰਪਾਨ ਤੇ ਸਿਰੀ ਸਾਹਿਬ ਤਾਂ ਹਰ ਸਮੇਂ ਹਰ ਕਿਸੇ ਦੇ ਧਿਆਨ ਵਿਚ ਆ ਸਕਦੇ ਨੇ ਪਰ 'ਖੰਡਾ' ਬਾਰੇ ਇਹ ਗੱਲ ਨਹੀਂ। 'ਖੰਡਾ' ਆਪਣੇ ਆਪ ਵਿਚ ਬਿਲਕੁਲ ਨਿਵੇਕਲੇ ਤੌਰ ਵਜੋਂ ਦਿਸਦਾ ਹੈ। 'ਖੰਡਾ' ਬਾਰੇ ਇਹ ਸਵਾਲ ਵੀ ਸੁਭਾਵਿਕ ਹੀ ਸਾਹਮਣੇ ਆ ਜਾਂਦਾ ਹੈ ਕਿ 'ਇਹ ਤਾਂ ਸ਼ਸਤਰ ਹੈ, ਫਿਰ ਇਸਦਾ ਜਗਤ ਰਚਨਾ ਨਾਲ ਸੰਬੰਧ ਕਿਵੇਂ ਜੁੜ ਸਕਦਾ ਏ ?' ਇਸ ਸਵਾਲ ਦਾ ਜਵਾਬ ਸਾਨੂੰ ਆਦਿ ਬਾਣੀ ਵਿਚੋਂ ਵੀ ਮਿਲਦਾ ਹੈ ਤੇ 'ਕਾਲੀ' ਜਾਂ 'ਕਾਲਿਕਾ' ਬਾਰੇ ਪੁਰਾਤਨ ਰਿਸ਼ੀ-ਸਾਧਨਾ ਦੇ ਵੇਰਵੇ ਵਿਚੋਂ ਵੀ।

'ਕਾਲੀ' ਜਾਂ 'ਕਾਲਿਕਾ' ਦੇ ਪਰਸੰਗ ਵਿਚ ਕਾਲੀ ਦੇ ਚੌਂਹ ਹੱਥਾਂ ਵਿਚੋਂ ਦੋ ਹੱਥ 'ਵਰ' ਅਤੇ 'ਅਭੈ' ਮੁਦ੍ਰਾ ਵਿਚ ਹਨ। ਦੂਜੇ ਦੋ ਹੱਥਾਂ ਵਿਚੋਂ ਇਕ ਹੱਥ ਵਿਚ ਰਾਖ਼ਸ਼ਸ ਦਾ ਸੱਜਰਾ ਸੱਜਰਾ ਵੱਢਿਆ ਸਿਰ ਹੈ ਅਤੇ ਦੂਜੇ ਹੱਥ ਵਿਚ ਉਸ ਸਿਰ ਨੂੰ ਵੱਢਣ ਵਾਲਾ ਖੜਗ। ਜੋ ਸਿਰ ਹੈ—ਉਹ 'ਮਹਾਂ ਮੋਹ' ਰੂਪੀ ਰਾਖ਼ਸ਼ਸ ਦਾ ਸਿਰ ਹੈ ਤੇ ਜੋ ਖੜਗ ਹੈ—ਉਹ ਮਹਾਂ ਮੋਹ ਰੂਪੀ ਰਾਖ਼ਸ਼ਸ ਦਾ ਸਿਰ ਵੱਢਣ ਵਾਲਾ ਗਿਆਨ ਰੂਪੀ ਖੜਗ ਹੈ।

ਸਤਿਗੁਰ ਨਾਨਕ ਨੇ ਵੀ ਆਪਣੀ ਬਾਣੀ ਵਿਚ ਏਸੇ ਤਰ੍ਹਾਂ ਦੇ ਖੜਗ ਦੀ ਵਰਤੋਂ ਦੱਸੀ ਹੈ—

'ਕਾਮੁ ਕ੍ਰੋਧੁ ਅਹੰਕਾਰ ਨਿਵਾਰੇ।
ਤਸਕਰ ਪੰਚ ਸਬਦਿ ਸੰਘਾਰੇ।
ਗਿਆਨ ਖੜਗੁ ਲੈ ਮਨ ਸਿਉ ਲੂਝੈ
ਮਨਸਾ ਮਨਹਿ ਸਮਾਈ ਹੇ।'

ਖੜਗ ਸ਼ਬਦ ਰੂਪ ਵੀ ਹੈ, ਗਿਆਨ-ਰੂਪ ਵੀ ਹੈ—ਜੋ ਕਾਮ ਕਰੋਧ ਅਹੰਕਾਰ ਆਦਿ ਪੰਜ ਤਸਕਰਾਂ ਜਾਂ ਚੋਰਾਂ ਦਾ ਸੰਘਾਰ ਕਰਦਾ ਹੈ ਤੇ ਮਨ ਨਾਲ ਵੀ ਲੁੱਝਦਾ ਹੈ।

ਜੋ ਖੰਡ ਖੰਡ ਕਰਦਾ ਹੈ, ਅਦਵੈਤ ਨੂੰ ਦਵੈਤ ਰੂਪ ਵਿਚ ਦਰਸਾਉਂਦਾ ਹੈ, ਅਖੰਡ ਨੂੰ ਖੰਡਾਂ ਦੇ ਰੂਪ ਵਿਚ ਪੇਸ਼ ਕਰਦਾ ਹੈ—ਉਹ ਖੜਗ ਜਾਂ ਖੰਡਾ ਹੀ ਤਾਂ ਹੋ ਸਕਦਾ ਹੈ। ਅਤੇ ਜੋ ਖੰਡਾਂ ਨੂੰ ਕਣਾਂ ਵਿਚ ਬਦਲ ਕੇ ਤੇ ਫ਼ਿਰ ਉਨ੍ਹਾਂ ਦੇ ਅਤੀ ਸੂਖਮ ਅਣੂ ਪ੍ਰਮਾਣੂ ਬਣਾ ਕੇ ਮੁੜ ਇਕ ਰਸ ਕਰਕੇ ਨਾਦ ਰੂਪ ਵਿਚ ਬਦਲ ਦੇਂਦਾ ਹੈ ਉਸ ਨੂੰ ਖੜਗ ਜਾਂ ਖੰਡਾ ਆਖਣਾ—ਸਹੀ ਆਖਣਾ ਹੈ।

## ਖੰਡਾ ਤਿਕੋਨਾ ਕਿਉਂ ਹੈ ?

ਖੰਡਾ ਜਿਸ ਸਥੂਲ ਸ਼ਸਤਰ ਦੇ ਰੂਪ ਵਿਚ ਸਾਡੇ ਸਾਹਮਣੇ ਹੈ—ਉਹ ਦੋਹਾਂ ਸਿਰਿਆਂ ਵੱਲੋਂ ਤਿਕੋਨਾ ਹੈ। ਖੜਗ ਨਾਲ ਮਿਲਦੇ ਜੁਲਦੇ ਬਾਕੀ ਦੇ ਸ਼ਸਤਰਾਂ ਨਾਲੋਂ 'ਖੰਡਾ' ਦੀ ਇਹ ਵਿਲਖਣਤਾ ਹੈ ਤੇ ਏਹੋ ਵਿਲੱਖਣਤਾ ਹੀ ਧਿਆਨ ਯੋਗ ਹੈ। ਖੰਡਾਂ ਦੇ ਇਸ ਤਿਕੋਨੇ ਸਰੂਪ ਨੂੰ ਸਮਝਣ ਲਈ ਅਸੀਂ ਜੇ 'ਮਹਾ ਮਾਯਾ' ਦੇ ਸਰੂਪ ਨੂੰ ਜਾਣਨ ਦੀ ਕੋਸ਼ਿਸ਼ ਕਰੀਏ—ਤਦ ਹੀ 'ਖੰਡਾ ਪ੍ਰਿਥਮੈ ਸਾਜਣ' ਦੀ ਸਮਝ ਵੱਲ ਵਧ ਸਕਦੇ ਹਾਂ। ਗੁਰਬਾਣੀ ਹੈ—

'ਅਖਰ ਮਹਿ ਤ੍ਰਿਭਵਨ ਪ੍ਰਭਿ ਧਾਰੇ।
ਅਖਰ ਕਰਿ ਕਰਿ ਬੇਦ ਬੀਚਾਰੇ।
ਅਖਰ ਸਾਸਤ੍ਰ ਸਿਮ੍ਰਿਤਿ ਪੁਰਾਨਾ।
ਅਖਰ ਨਾਦ ਕਥਨ ਵਖ੍ਹਿਆਨਾ।
ਅਖਰ ਮੁਕਤਿ ਜੁਗਤਿ ਭੈ ਭਰਮਾ।
ਅਖਰ ਕਰਮ ਕਿਰਤਿ ਸੁਚ ਧਰਮਾ।
ਦ੍ਰਿਸਟਮਾਨ ਅਖਰ ਹੈ ਜੇਤਾ।
ਨਾਨਕ ਪਾਰਬ੍ਰਹਮ ਨਿਰਲੇਪਾ।'

ਭਾਵ ਇਹ ਕਿ ਸਾਰੀ ਸ੍ਰਿਸ਼ਟੀ ਅਖਰਾਂ ਤੋਂ ਹੈ।



Sri Satguru Jagjit Singh Ji eLibrary NamdhariElibrary@gmail.com

ਅੱਖਰਾਂ ਤੋਂ ਹੀ ਤਿੰਨੋਂ ਭਵਨ ਹਨ। ਵੇਦ, ਸ਼ਾਸਤ੍ਰ ਸਿਮ੍ਰਿਤੀਆਂ ਪੁਰਾਨ, ਨਾਦ ਆਦਿ ਦੀ ਰਚਨਾ ਵੀ ਅੱਖਰਾਂ ਤੋਂ ਹੈ ਪਰ ਇਨ੍ਹਾਂ ਅੱਖਰਾਂ ਦੀ ਰਚਨਾ ਕਰਨ ਵਾਲਾ ਪਾਰਬ੍ਰਹਮ ਪਰਮੇਸ਼ਵਰ ਇਨ੍ਹਾਂ ਤੋਂ ਨਿਰਲੇਪ ਹੈ।

ਆਗਮ ਸ਼ਾਸਤਰ ਨੇ ਇਸ ਜਗਤ ਨੂੰ ਦੇਵ ਨਾਗਰੀ ਵਰਨ ਮਾਲਾ ਦੇ ਪੰਜਾਹ ਵਰਨਾ ਜਾਂ ਅੱਖਰਾਂ ਦਾ ਰੂਪ ਅਥਵਾ ਅੱਖਰਾਂ ਤੋਂ ਬਣਦਾ ਸਰੂਪ ਦੱਸਿਆ ਹੈ! ਇਨ੍ਹਾਂ ਅੱਖਰਾਂ ਨੂੰ 'ਵਰਨ ਮਾਲਾ' ਜਾਂ 'ਵਰਨ ਮਾਤ੍ਰਿਕਾ' ਵੀ ਆਖਿਆ ਜਾਂਦਾ ਹੈ।

ਇਹਨਾਂ ਪੰਜਾਹ ਵਰਨਾ ਵਿਚ ਪਹਿਲੇ ਸੋਲਾਂ ਵਰਨ 'ਅ' ਤੋਂ 'ਅ:' ਤਕ (ਅ ਤੋਂ ਅਹ ਤਕ) ਸੂਰ ਵਰਨ ਜਾਂ ਬੀਜ ਮੰਨੇ ਜਾਂਦੇ ਹਨ ਅਤੇ ਬਾਕੀ ਦੇ ਵਰਨ ਜੋ 'ਕ' ਤੋਂ ਸ਼ੁਰੂ ਹੋਕੇ 'ਹ' ਤਕ ਹਨ—ਉਹਨਾਂ ਨੂੰ ਵਿਅੰਜਨ ਜਾਂ ਯੋਨੀ ਆਖਿਆ ਜਾਂਦਾ ਹੈ। ਮੂਲ ਸੂਰ ਬੀਜ ਹੀ ਹਨ ਅਤੇ ਵਿਅੰਜਨਾਂ ਦਾ ਨਿਕਾਸ ਇਹਨਾਂ ਸੂਰ ਵਰਨਾਂ ਵਿਚੋਂ ਹੀ ਹੋਇਆ ਹੈ।

'ਅ' ਵਰਨ ਇਸ ਵਰਨ ਮਾਲਾ ਦਾ ਪ੍ਰਥਮ ਵਰਨ ਹੈ ਅਤੇ 'ਹ' ਵਰਨ ਅੰਤਿਮ। ਇੰਜ ਇਹ ਉਨੰਜਾ ਵਰਨ ਬਣਦੇ ਹਨ। ਪੰਜਾਹਵਾਂ 'ਕ੍ਸ਼' ਹੈ। ਅਖੀਰ ਉਤੇ ਹੋਣ ਤੇ ਵੀ ਇਹ ਅੰਤਿਮ ਵਰਨ ਨਹੀਂ ਮੰਨਿਆ ਜਾਂਦਾਂ। ਇਸ ਨੂੰ ਵਰਨ ਮਾਲਾ ਦਾ ਸੁਮੇਰੂ ਕਿਹਾ ਜਾ ਸਕਦਾ ਹੈ। 'ਕ੍ਸ਼'- 'ਕ'- 'ਸ਼' 'ਅ'- ਦਾ ਮਿਲਵਾਂ ਰੂਪ ਹੋਣ ਕਰਕੇ ਸਾਰੀ ਵਰਨ ਵਾਲਾ ਦਾ ਜੋੜ ਹੈ ਤੇ ਏਸੇ ਕਰਕੇ ਇਹ ਸਾਰੀ ਵਰਨ ਸ੍ਰਿਸ਼ਟੀ ਦਾ ਸੰਘਾਰ ਰੂਪ ਹੈ।

'ਅ' ਕਾਰ ਸ਼ਿਵ ਵਾਚਕ ਹੈ ਅਤੇ 'ਹ' ਕਾਰ ਸ਼ਕਤੀ ਵਾਚਕ।

ਇਹਨਾਂ ਦੋਹਾਂ ਆਦਿ-ਅੰਤ ਵਰਨਾਂ ਦੇ ਸੰਜੋਗ ਨਾਲ ਹੀ ਇਹ ਸਾਰੀ ਜਗਤ ਸ੍ਰਿਸ਼ਟੀ ਹੈ। ਸ਼ਿਵ-ਸ਼ਕਤੀ ਬਾਹਰੀ ਦ੍ਰਿਸ਼ਟੀ ਤੋਂ ਭਾਵੇਂ ਵੱਖ-ਵੱਖ ਨਾਵਾਂ ਵਾਲੇ ਹਨ ਪਰ ਮੂਲ ਰੂਪ ਵਿਚ ਇਹ ਇੱਕੋ ਅਦਵੈਤ ਤੱਤ ਹੈ, ਜੋ 'ਅ' ਸ਼ਿਵ ਤੇ 'ਹ' ਸ਼ਕਤੀ ਦੇ ਰੂਪ ਵਿਚ ਪਛਾਣ ਵਿਚ ਆਉਂਦਾ ਹੈ। 'ਅ' ਤੇ 'ਹ' ਦੇ ਮਿਲਵੇਂ ਰੂਪ ਨੂੰ 'ਅਹੰ' (ਅਹੰ) ਆਖਿਆ ਜਾਂਦਾ ਹੈ ਜਿਸ ਅਹੰ ਰੂਪ ਅੱਖਰ ਮਾਲਾ ਵਿਚ ਸਾਰੀ ਜਗਤ ਸ੍ਰਿਸ਼ਟੀ ਪਰੁੱਚੀ ਹੋਈ ਹੈ।

ਸਤਿਗੁਰੂ ਨਾਨਕ ਦੀ ਬਾਣੀ ਹੈ—

'ਜਹ ਦੇਖਾ ਤਹਿ ਰਵਿ ਰਹੇ
ਸਿਵ ਸਕਤੀ ਕਾ ਮੇਲ।''

ਸਿਰੀ ਰਾਗ ਮਹਲਾ ੧, ਪੰਨਾ ੧

ਪਰ ਜਿਸ ਪ੍ਰਭੂ ਨੇ ਅੱਖਰਾਂ ਰੂਪੀ ਇਸ ਜਗਤ ਦੀ ਰਚਨਾ ਕੀਤੀ ਹੈ, ਉਹ ਇਸ ਜਗਤ ਵਿਚ ਮੌਜੂਦ ਰਹਿੰਦਾ ਹੋਇਆ ਵੀ ਇਸ ਤੋਂ ਨਿਰਲੇਪ ਹੈ, ਇਸ ਵਿਚ ਲਿਪਤ ਨਹੀਂ।

'ਧਰਤ ਉਪਾਇ ਧਰੀ ਧਰਮ ਸਾਲਾ ॥
ਉਤਪਤਿ ਪਰਲੋ ਆਪਿ ਨਿਰਾਲਾ ॥
ਪਵਣੈ ਖੇਲੁ ਕੀਆ ਸਭ ਥਾਈ ॥
ਕਲਾ ਖਿੰਚਿ ਢਹਾਇਦਾ ॥' ਪੰਨਾ ੧੦੩੩

ਜਾਂ

'ਜਿਨਿ ਉਪਾਈ ਰੰਗਿ ਰਵਾਈ
ਬੈਠਾ ਵੇਖੈ ਵਖਿ ਅਕੇਲਾ ॥'

ਤਿਲੰਗ ਮਹਲਾ ੧, ਪੰਨਾ ੭੨੩

## ਸੱਚਿਦਾਨੰਦ—'ਅ' ਕਾਰ

ਸਤਿਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ—ਜਾਪ ਸਾਹਿਬ ਵਿਚ ਆਉਂਦਾ ਹੈ—

'ਸਦਾ ਸਚਿਦਾਨੰਦ।
ਸਰਬੰ ਪ੍ਰਣਾਸੀ
ਅਨੂਪ ਅਰੂਪੇ
ਸਮਸਤੁਲ ਨਿਵਾਸੀ।'

ਸਚਿਦਾਨੰਦ, ਅਰਥਾਤ ਸਤ੍—ਚਿਤ੍—ਆਨੰਦ।

ਸਤ੍ ਨੂੰ ਸ਼ਾਸਤ੍ਰੀ ਭਾਸ਼ਾ ਵਿਚ 'ਸੰਮਾਤ੍ਰ' ਆਖਿਆ ਜਾਂਦਾ ਹੈ। ਗੁਰਬਾਣੀ ਵਿਚ ਪਾਰਬ੍ਰਹਮ ਦੇ ਜਿਸ ਸੁੰਨ ਸਮਾਧ ਸੁਰੂਪ ਦੀ ਧਾਰਨਾ ਦਰਸਾਈ ਗਈ ਹੈ—ਜੋ ਅਰਬ ਨਰਬਦ ਧੁੰਧੂਕਾਰੇ ਦੀ ਸਥਿਤੀ ਵਿਚ ਸੁੰਨ ਸਮਾਧਿ ਰੂਪ ਹੈ। ਬ੍ਰਹਮ ਦੇ ਓਸੇ ਨਿਰੰਕਾਰ ਸਰੂਪ ਦੇ ਸੰਸਾਰਮੁਖੀ ਰੂਪ ਨੂੰ ਏਥੇ 'ਸਤ੍' ਕਿਹਾ ਗਿਆ ਹੈ। ਸਤਿਗੁਰੂ ਅਰਜਨ ਦੇਵ ਜੀ ਦੀ ਬਾਣੀ ਅਨੁਸਾਰ ਉਹ ਸਰੂਪ ਇੰਜ ਹੈ—

'ਸਰਗੁਨ ਨਿਰਗੁਨ ਨਿਰੰਕਾਰ
ਸੁੰਨ ਸਮਾਧੀ ਆਪਿ।
ਆਪਨ ਕੀਆ ਨਾਨਕਾ
ਆਪੇ ਹੀ ਫਿਰਿ ਜਾਪਿ।



Sri Satguru Jagjit Singh Ji eLibrary NamdhariElibrary@gmail.com

ਅਸਟਪਦੀ—

ਜਬ ਅਕਾਰੁ ਇਹੁ ਕਛੁ ਨਾ ਦ੍ਰਿਸਟੇਤਾ।
ਪਾਪ ਪੁੰਨ ਤਬ ਕਹ ਤੇ ਹੋਤਾ।
ਜਬ ਧਾਰੀ ਆਪਨ ਸੁੰਨ ਸਮਾਧਿ।
ਤਬ ਬੈਰ ਬਿਰੋਧ ਕਿਸੁ ਸੰਗਿ ਸਮਾਤਿ।...'

(ਯਾਦ ਰਹੇ ਕਿ ਨਿਰੰਕਾਰ ਰੂਪ ਸ਼ਬਦਾਤੀਤ ਹੈ। ਸ਼ਬਦ ਅਤੇ ਉਸ ਦੀਆਂ ਸ਼ਕਤੀਆਂ ਉਸ ਸਰੂਪ ਵਿਚ ਮੌਜੂਦ ਹਨ—ਪਰ ਅਵਿਅਕਤ ਜਾਂ ਅਪਰਗਟ ਹਨ।

ਬ੍ਰਹਮ ਦੀ ਇਹ ਅਵਿਅਕਤ ਸਥਿਤੀ ਹੈ, ਅਪਰਗਟ ਰੂਪ ਬਾਰੇ ਪੰਜਵੇਂ ਪਾਤਸ਼ਾਹ ਨੇ ਇੰਜ ਦੱਸਿਆ ਹੈ।

"ਜਹ ਆਪਿ ਰਚਿਓ ਪਰਪੰਚ ਅਕਾਰੁ।
ਤਿਹੁ ਗੁਣ ਮਹਿ ਕੀਨੋ ਬਿਸਥਾਰੁ...।'

ਸਤ੍ ਸਰੂਪ ਬ੍ਰਹਮ ਜਦੋਂ ਅਵਿਅਕਤ ਸਥਿਤੀ ਚੋਂ ਵਿਅਕਤ ਸਥਿਤੀ ਵਿਚ ਆਉਣਾ ਚਾਹੁੰਦਾ ਹੈ, ਉਸ ਵੇਲੇ ਉਹ ਆਪਣੇ ਅੰਦਰੋਂ ਆਪਣੀ ਜਿਸ ਕਲਾ ਜਾਂ ਸ਼ਕਤੀ ਦਾ ਪ੍ਰਕਾਸ਼ ਕਰਦਾ ਹੈ—ਉਹ 'ਚਿਤ੍ ਕਲਾ' ਹੈ। ਚਿਤ੍ ਕਲਾ ਦਾ ਅੱਖਰੀ ਰੂਪ 'ਅ' ('अ' कार) ਹੈ। ਇਸ 'ਅ' ਕਾਰ ਨੂੰ ਅਸੀਂ ਗੁਰਬਾਣੀ ਦੀ ਇਸ ਤੁਕ ਰਾਹੀਂ ਸਪਸ਼ਟ ਰੂਪ ਵਿਚ ਸਮਝ ਸਕਦੇ ਹਾ—

'ਜਹ ਆਪਿ ਰਚਿਓ ਪਰਪੰਚੁ ਅਕਾਰੁ।'

ਜਗਤ ਦੇ ਹੋਂਦ ਵਿਚ ਆਉਣ ਸਮੇਂ ਜੋ ਅੱਖਰ ਸਭ ਤੋਂ ਪਹਿਲਾਂ ਪਰਗਟ ਹੋਇਆ, ਉਹ 'ਅ' ਅੱਖਰ ਹੈ। ਸਤ੍ ਪੁਰਖ ਨੇ 'ਅ' ਦੇ ਪ੍ਰਗਟਾਵੇ ਨਾਲ ਆਪਣੀ ਚਿਤ੍ ਸ਼ਕਤੀ ਅਰਥਾਤ ਚੇਤਨ ਸਰੂਪ ਨੂੰ ਪਰਗਟ ਕੀਤਾ।

ਜਗਤ ਰਚਨਾ ਬਾਰੇ ਪਦਾਰਥ ਵਿਗਿਆਨ ਤੇ ਭਾਰਤੀ ਅਧਿਆਤਮ ਚਿੰਤਨ ਦਾ ਮੁੱਢਲਾ ਫਰਕ ਏਥੋਂ ਹੀ ਸ਼ੁਰੂ ਹੋ ਜਾਂਦਾ ਹੈ। ਪਦਾਰਥ ਵਿਗਿਆਨ ਜਗਤ ਦੀ ਰਚਨਾ 'ਜੜ' ਜਾਂ ਅਚੇਤਨਾ ਤੋਂ ਮੰਨਦਾ ਹੈ ਅਤੇ ਭਾਰਤੀ ਅਧਿਆਤਮ ਚਿੰਤਨ-ਜਗਤ ਦਾ ਆਰੰਭ 'ਚਿਤ੍' ਜਾਂ ਚੇਤਨ ਸ਼ਕਤੀ ਤੋਂ।

'ਅ' ਨੂੰ ਸ਼ਾਸਤ੍ਰੀ ਭਾਸ਼ਾ ਵਿਚ ਅਨੁੱਤਰ ਆਖਿਆ ਜਾਂਦਾ ਹੈ। 'ਅ' ਆਪਣੇ ਸੁਭਾਵ ਵਲੋਂ ਅਨੁੱਤਰ ਹੈ। ਅਨੁੱਤਰ ਦਾ ਅਰਥ ਹੈ—ਜਿਸ ਬਾਰੇ ਕੋਈ ਪ੍ਰਸ਼ਨ ਨਹੀਂ, ਜਿਸ ਅੱਗੇ ਕੋਈ ਪ੍ਰਸ਼ਨ ਨਹੀਂ। ਜੋ ਆਪਣੇ ਆਪ ਵਿਚ ਸੁਤੰਤਰ ਹੈ, ਅਖਸ਼ਰ—ਅਰਥਾਤ ਘਟਦਾ-ਵਧਦਾ—ਨਹੀਂ, ਪੂਰਨ ਹੈ ਅਖੁੱਟ ਹੈ। ਉਹ ਸਤ੍ ਪੁਰਖ ਦਾ ਪਹਿਲਾ ਚੇਤਨ ਪ੍ਰਗਟਾਵਾ ਹੈ।

'ਚਿਤ੍' 'ਸਤ੍' ਦਾ ਪਸਾਰ ਹੋਣ ਤੇ ਵੀ ਚਿਤ੍ ਦੀ ਸੇਧ ਬਾਹਰ ਮੁਖੀ ਨਹੀਂ। ਫਿਰ ਵੀ ਪਸਾਰ ਦਾ ਸੁਭਾਵ ਹੈ—ਹੋਰ ਪਸਾਰ। ਹੁਣ ਪਸਾਰ ਦਾ ਅਰਥ ਹੈ ਚਿਤ੍ ਦਾ, ਅਰਥਾਤ 'ਅ' ('अ') ਦਾ ਪਸਾਰ। ਉਸ ਪਸਾਰ ਲਈ ਚਿਤ੍ ਆਪਣੇ ਅੰਦਰੋਂ ਦੂਜੇ ਚਿਤ੍ ਨੂੰ ਅਰਥਾਤ ਇਕ ਹੋਰ 'अ' ਨੂੰ ਪਰਗਟ ਕਰਦਾ ਹੈ। ਪਹਿਲਾ 'अ'—ਦੂਜੇ 'अ' ਨਾਲ ਰਲਕੇ 'ਆ' ਬਣ ਜਾਂਦਾ ਹੈ। ਇਸ 'ਆ' ਨੂੰ ਸ਼ਾਸਤ੍ਰੀ ਭਾਸ਼ਾ ਵਿਚ 'ਆਨੰਦ' ਆਖਿਆ ਜਾਂਦਾ ਹੈ। 'अ' ਅਤੇ 'अ' ਇਕ ਦੂਜੇ ਦੇ ਪੂਰਕ ਹੋਣ ਕਰਕੇ ਇਕੋ ਹਨ—ਪਰ ਹੁਣ ਆਨੰਦ ਸਰੂਪ ਹਨ। ਮਹਾਮਹੋਪਾਧਿਆਏ ਗੋਪੀ ਨਾਥ ਕਵੀਰਾਜ ਜੀ ਨੇ ਇਸ ਸਥਿਤੀ ਦਾ ਵਰਣਨ ਇੰਜ ਕੀਤਾ ਹੈ—

"ਚਿਤ੍ ਸੱਤਾ ਵਿਚ ਇਕ ਹੀ ਇਕ ਹੈ, ਦੂਜਾ ਕੋਈ ਨਹੀਂ। ਪਰ ਆਨੰਦ ਵਿਚ ਇਕ ਹੀ ਦੂਜਾ ਸਜ ਕੇ ਆਪਣੇ ਨਾਲ ਆਪ ਹੀ ਖੇਡਦਾ ਹੈ। ਜਿਸ ਅਵਸਥਾ ਦੀ ਗੱਲ ਕਰ ਰਿਹਾ ਹਾਂ ਉਹ ਸ੍ਰਿਸ਼ਟੀ ਤੋਂ ਪਹਿਲਾਂ ਦੀ ਅਵਸਥਾ ਹੈ। ਸ੍ਰਿਸ਼ਟੀ ਸਾਜਣ ਦੀ ਸਭ ਸਾਮਗਰੀ ਦੇ ਪ੍ਰਗਟਾਵੇ ਤੋਂ ਪਹਿਲਾਂ ਅਵਸਥਾ। ਇਸ ਆਨੰਦ ਤੋਂ ਹੀ ਅਸੀਂ ਜਿਸ ਨੂੰ ਸ੍ਰਿਸ਼ਟੀ ਆਖਦੇ ਹਾਂ ਉਸ ਦਾ ਪ੍ਰਗਟਾਵਾ ਹੁੰਦਾ ਹੈ। ਏਸੇ ਲਈ ਸ਼ਰੁਤੀ ਆਖਦੀ ਹੈ—ਆਨੰਦਾਧਵਯੇਰ ਖਲਵਿਮਾਨੀ ਭੂਤਾਨੀ ਜਾਯੰਤੇ। ਯੁਗਲ ਭਾਵ (ਜੋੜੇ) ਤੋਂ ਬਿਨਾ ਆਨੰਦ ਨਹੀਂ ਹੁੰਦਾ ਅਤੇ ਆਨੰਦ ਭਾਵ ਤੋਂ ਬਿਨਾ ਸ੍ਰਿਸ਼ਟੀ ਨਹੀਂ ਹੁੰਦੀ। ਬ੍ਰਿਹਦਾਰਣਯਕ ਉਪਨਿਸ਼ਦ ਵਿਚ ਲਿਖਿਆ ਹੈ—'ਸ ਏਕਾਕੀ ਨ ਅਰਮਤ। ਤਦਾਤਮਾਨੰ ਦ੍ਵਿਧਾ ਅਕਰੋਤ' ਤਿਆਦਿ। 'अ' ਤੋਂ 'ਆ' ਪ੍ਰਗਟ ਹੋਣਾ ਅਤੇ ਇਕ ਤੋਂ ਦੋ ਦਾ ਪ੍ਰਗਟਾਅ—ਇਕੋ ਗੱਲ ਹੈ। ਏਹੋ ਹੀ ਆਤਮ ਰਮਣ ਹੈ—ਆਤਮਾਰਾਮ ਅਵਸਥਾ ਹੈ, ਜਿਸਦਾ ਸਵਾਦ ਬ੍ਰਹਮਵਿਦ ਲੈਂਦੇ ਹਨ।"*

ਇਸ ਬਾਰੇ ਸਤਿਗੁਰੂ ਸਾਹਿਬ ਫੁਰਮਾਉਂਦੇ ਨੇ—

'ਏਕਸ ਤੇ ਸਭੁ ਦੂਜਾ ਹੂਆ
ਏਕੋ ਵਰਤੈ ਅਵਰੁ ਨ ਬੀਆ।' (੮੪੨)

ਸਾਡੇ ਸਤਿਗੁਰਾਂ ਨੇ ਤਾਂ ਆਨੰਦ ਦੀ ਦੁਨਿਆਵੀ ਰੀਤ (ਵਿਆਹ) ਨੂੰ ਬਾਣੀ ਵਿਚ ਨਾਮ ਹੀ 'ਅਨੰਦ ਕਾਰਜ' ਦੇ ਦਿਤਾ ਹੈ। ਵਿਆਹ, ਇਕ ਤੇ ਇਕ ਦੋਂਹ ਦਾ ਮਿਲਨ ਹੈ ਤੇ

---

*ਤਾਂਤ੍ਰਿਕ ਸਾਧਨਾ ਦੀ ਦ੍ਰਿਸ਼ਟੀ ਭੰਗੀ—ਬੰਗਲਾ



Sri Satguru Jagjit Singh Ji eLibrary NamdhariElibrary@gmail.com

ਉਸ ਅਨੰਦ-ਮਿਲਨ ਤੋਂ ਸੰਤਤੀ ਦੀ ਸ੍ਰਿਸ਼ਟੀ ਹੈ।

ਇੰਜ ਸਤ੍ ਤੋਂ ਚਿਤ੍ ਅਤੇ ਚਿਤ੍ ਤੋਂ ਆਨੰਦ— ਸੱਚਿਦਾ ਨੰਦ ਬ੍ਰਹਮ ਦਾ ਜ਼ਹੂਰ ਹੋ ਜਾਂਦਾ ਹੈ। ਇਹ ਆਪਣੇ ਨਾਲ ਆਪ ਹੀ ਖੇਡਣ ਦੀ ਅਵਸਥਾ ਹੈ। ਸਤ੍ ਦਾ ਪਸਾਰ ਹੋਣ ਤੇ ਵੀ ਚਿਤ੍ ਤੇ ਅਨੰਦ ਬ੍ਰਹਮ ਦੀ ਅੰਤਰੰਗ ਅਵਸਥਾ ਹੈ। ਫਿਰ ਵੀ 'ਬਾਹਰ' ਨਾਮ ਦੀ ਇਕ ਅਖੌਤੀ ਅਵਸਥਾ ਦੀ ਸਿਰਜਨਾ ਹੁੰਦੀ ਹੈ। ਅਖੌਤੀ ਇਸ ਲਈ ਕਿ ਅਸਲ ਵਿਚ ਬ੍ਰਹਮ ਤੋਂ 'ਬਾਹਰ' ਨਾਮ ਦਾ ਕੁਝ ਵੀ ਨਹੀਂ। ਜੋ ਹੈ ਉਹ ਉਸੇ ਦੀ ਅਨੰਤਤਾ ਦੇ ਅੰਦਰ ਹੀ ਹੈ। ਉਹ ਆਪਣੇ ਅੰਦਰੋਂ ਆਪਣੇ ਅੰਦਰ ਆਪਣੀ ਹੀ ਸਿਰਜਨਾ ਕਰਦਾ ਹੈ। ਉਹ ਜੀਵ ਰੂਪ ਵਿਚ ਵੀ ਆਪ ਹੀ ਆਪਣੇ ਵਲੋਂ ਸਿਰਜਿਆ ਜਾਂਦਾ ਹੈ, ਮਾਇਆ ਰੂਪ ਵਿਚ ਵੀ ਆਪ ਹੀ ਅਤੇ ਸ਼ਬਦ ਰੂਪ ਵਿਚ ਵੀ ਆਪ ਹੀ। ਸ੍ਰਿਸ਼ਟੀ ਵਿਚ ਜੋ ਅਨੰਤ ਰੂਪ ਹਨ—ਉਹ ਸਭ ਉਸ ਦੇ ਆਪਣੇ ਵੱਲੋਂ ਸਾਜੇ ਆਪਣੇ ਹੀ ਰੂਪ ਹਨ। ਤਾਂ ਵੀ ਆਖਣ ਨੂੰ ਇਕ ਬਾਹਰ ਮੁਖੀ ਪਸਾਰ ਹੁੰਦਾ। ਉਹ ਇਸ ਤਰ੍ਹਾਂ ਕਿ ਅਨੰਦ ਦੀ ਅਵਸਥਾ ਉਛਾਲ ਦੀ, ਉਮਾਹ ਦੀ ਅਵਸਥਾ ਹੁੰਦੀ ਹੈ। ਜਿਵੇਂ ਫ਼ੁਹਾਰੇ ਵਿਚੋਂ ਪਾਣੀ ਦੇ ਕਣ ਉਮ੍ਹਲ ਕੇ ਬਾਹਰ ਖਿਲਰਦੇ ਤੇ ਖਿਲਰ ਕੇ ਗਵਾਚ ਜਾਂਦੇ ਨੇ, ਇਹੋ ਅਵਸਥਾ ਅਨੰਦ ਦੀ ਹੈ। ਆਨੰਦ ਕਣਾਂ ਦੇ ਓਹਲੇ ਹੋ ਜਾਣ ਤੋਂ ਅਨਹੋਂਦ ਦਾ ਇਕ ਅਹਿਸਾਸ ਜਾਗਦਾ ਹੈ ਤੇ ਉਹ ਅਹਿਸਾਸ ਆਨੰਦ ਦੀ ਮੁੜ ਪ੍ਰਾਪਤੀ ਦੀ ਇੱਛਾ ਦੇ ਰੂਪ ਵਿਚ ਪਰਗਟ ਹੁੰਦਾ ਹੈ। 'ਇੱਛਾ' ਦਾ ਅੱਖਰੀ ਰੂਪ 'ਇ' (इ) ਹੈ। ਜਦੋਂ ਆਨੰਦ ਦੀ ਪ੍ਰਾਪਤੀ ਲਈ 'ਇੱਛਾ' ਜਾਗਦੀ ਹੈ ਓਦੋਂ ਉਸ ਆਨੰਦ ਦੀ ਭਾਲ ਦੀ ਇੱਛਾ ਹੋਰ ਪਰਬਲ ਹੋ ਜਾਂਦੀ ਹੈ। ਉਸ ਪਰਬਲ ਇੱਛਾ ਦੇ ਫਲਸਰੂਪ ਵੱਡੀ 'ਈ' (ई) ਵਰਨ ਪਰਗਟ ਹੁੰਦਾ ਹੈ। 'ਈ' (ई) ਦਾ ਸ਼ਾਸਤ੍ਰੀ ਨਾਮ ਈਖਸ਼ਣ ਹੈ। ਈਖਸ਼ਣ ਖੋਜ ਭਰਪੂਰ 'ਇੱਛਾ' ਦਾ ਹੀ ਗੂੜ੍ਹ ਰੂਪ ਤੇ ਪਸਾਰ ਹੈ।

ਸਵਾਲ ਹੈ ਕਿ ਇਹ ਸਾਰਾ ਪਸਾਰ ਕਿਸ ਦਾ ਹੈ? ਇਹ ਪਸਾਰ ਆਨੰਦ ਦਾ ਹੀ ਹੈ। ਇਹ ਪਸਾਰ ਹੋ ਵੀ ਰਿਹਾ ਹੈ, ਪਰ ਉਸ ਦਾ ਅਹਿਸਾਸ ਨਹੀਂ ਹੋ ਪਾ ਰਿਹਾ। ਇਸ ਅਹਿਸਾਸ ਦੀ ਅਜੇ ਅਨਹੋਂਦ ਹੈ ਕਿ ਮੈਂ ਹੀ ਆਨੰਦ ਹਾਂ, ਅਨੰਦ ਸਰੂਪ ਹਾਂ। ਉਸ ਅਹਿਸਾਸ ਦੀ ਅਨਹੋਂਦ ਵਿਚੋਂ 'ਉ' (उ) ਵਰਨ ਪਰਗਟ ਹੁੰਦਾ ਹੈ। 'ਉ' ਦਾ ਅੱਖਰੀ ਅਰਥ 'ਗਿਆਨ' ਹੈ। ਅਤੇ ਇਸ ਗਿਆਨ ਦਾ ਸ਼ਾਸਤ੍ਰੀ ਨਾਮ ਹੈ 'ਉਨਮੇਸ਼'। ਉਨਮੇਸ਼ ਮਾਅਣੇ 'ਉਮੰਗ'—ਆਨੰਦ ਦਾ ਪ੍ਰਗਟਾਓ ਅਤੇ ਇਸ ਆਨੰਦ ਦੇ ਉਨਮੇਸ਼ ਜਾਂ 'ਉਮਾਹ' ਨੂੰ ਇਕ ਲਹਿਰ ਦਾ, ਇਕ ਵਡੇ ਪਸਾਰੇ ਦਾ ਰੂਪ ਮਿਲਦਾ ਹੈ- ਵੱਡੇ 'ਊ' (ऊ) ਦੇ ਵਜੂਦ ਧਾਰਨ ਨਾਲ। 'ਉ' ਕਾਰ ਉਨਮੇਸ਼ ਦਾ ਹੀ ਹੋਰ ਵਿਆਪਕ ਤੇ ਗੂੜ੍ਹ ਰੂਪ ਹੈ। ਇਸ ਦਾ ਸ਼ਾਸਤ੍ਰੀ ਨਾਮ ਹੈ—'ਉਰਮੀ'। 'ਉਰਮੀ' ਅਰਥਾਤ ਤਰੰਗ, 'ਲਹਿਰ'।

### ਬਿੰਦੂ—ਮਹਾ ਮਾਯਾ

ਸਤ੍ ਦੇ ਏਥੋਂ ਤਕ ਦੇ (ਗਿਆਨ ਤਕ ਦੇ) ਪਸਾਰ ਵਿਚ 'ਚਿਤ੍' 'ਆਨੰਦ' 'ਇੱਛਾ' ਤੇ 'ਗਿਆਨ'—ਚਾਰ ਸ਼ਕਤੀਆਂ ਦਾ ਪ੍ਰਗਟਾਅ ਹੋ ਚੁਕਦਾ ਹੈ। ਇਨ੍ਹਾਂ ਚੌਂਹ ਸ਼ਕਤੀਆਂ ਨੂੰ ਆਪਣੇ ਨਾਲ ਰਲਾ ਕੇ 'ਇਕ ਇਕਾਈ' ਦਾ ਰੂਪ ਦੇਂਦੀ ਹੈ ਪੰਜਵੀਂ ਸ਼ਕਤੀ 'ਕ੍ਰਿਯਾ ਸ਼ਕਤੀ'। 'ਕ੍ਰਿਯਾ ਸ਼ਕਤੀ' 'ਏ', 'ਐ' 'ਓ' 'ਔ'—(ए, ऐ, ओ, औ) ਇਨ੍ਹਾਂ ਚੌਂਹ ਅੱਖਰਾਂ ਦੀ ਇਕਰਸਤਾ 'ਚੋਂ ਉਪਜਦੀ ਹੈ।

'ਚਿਤ੍ ਤੇ 'ਆਨੰਦ'—ਸਤ੍ ਸ੍ਵਰੂਪ ਬ੍ਰਹਮ ਦੀਆਂ ਦੋਵੇਂ ਅੰਤਰੰਗ ਸ਼ਕਤੀਆਂ ਹਨ ਅਤੇ 'ਇੱਛਾ', 'ਗਿਆਨ' ਤੇ 'ਕ੍ਰਿਯਾ' ਤਿੰਨੋਂ ਬ੍ਰਹਮ ਦੀਆਂ ਬਹਿਰੰਗ ਸ਼ਕਤੀਆਂ।

ਇਨ੍ਹਾਂ ਸ਼ਕਤੀਆਂ ਤੋਂ ਇਕ ਬਾਹਰ ਮੁਖੀ ਜਾਂ ਸੰਸਾਰ ਮੁਖੀ ਕ੍ਰਿਯਾ ਦਾ ਰੂਪ ਉਘੜਨਾ ਸ਼ੁਰੂ ਹੁੰਦਾ ਹੈ। ਫਿਰ ਵੀ ਇਹ ਗੱਲ ਸਦਾ ਧਿਆਨ ਵਿਚ ਰੱਖਣ ਵਾਲੀ ਹੈ ਕਿ ਅਸਲ ਪਸਾਰ ਬ੍ਰਹਮ ਦਾ ਜਾਂ ਸਤ੍ ਦਾ ਹੀ ਹੋਣ ਕਰਕੇ ਇਹਨਾਂ ਤਿੰਨਾਂ ਬਹਿਰੰਗ ਸ਼ਕਤੀਆਂ—'ਇੱਛਾ' 'ਗਿਆਨ' ਤੇ 'ਕ੍ਰਿਯਾ' ਦਾ ਸੰਜੋਗ ਬ੍ਰਹਮ ਦੀਆਂ ਦੋ ਅੰਤਰੰਗ ਸ਼ਕਤੀਆਂ—'ਚਿਤ੍ ਤੇ 'ਆਨੰਦ'—ਨਾਲ ਬਣਿਆ ਰਹਿੰਦਾ ਹੈ। ਇਸ ਲਈ ਇਹਨਾਂ ਪੰਜਾਂ ਸ਼ਕਤੀਆਂ ਦੀ ਇਕ ਇਕਾਈ ਜਾਂ ਸੰਘੱਟ ਇਕ 'ਬਿੰਦੂ' ਜਾਂ ਨੁਕਤੇ ਦਾ ਰੂਪ ਧਾਰਦਾ ਹੈ। ਪੰਜਾਂ ਸ਼ਕਤੀਆਂ ਦਾ ਮਿਲਵਾਂ ਰੂਪ 'ਬਿੰਦੂ' ਪਲਟ ਕੇ ਆਪਣੇ ਮੂਲ ਚਿਤ੍ ਸ੍ਵਰੂਪ 'ਅ' ਨਾਲ ਜਾ ਜੁੜਦਾ ਹੈ। ਬਿੰਦੂ ਦੇ 'ਅ' ਨਾਲ ਜੁੜਨ ਤੇ 'ਅ' ਹੁਣ 'ਅਂ' ਬਣ ਜਾਂਦਾ ਹੈ।

ਸ੍ਰਿਸ਼ਟੀ ਦਾ ਪਹਿਲਾ ਆਰੰਭ ਸਤ੍ ਤੋਂ।

ਸ੍ਰਿਸ਼ਟੀ ਦਾ ਇਸ ਤੋਂ ਅਗਲਾ ਅਰੰਭ ਚਿਤ੍ ਅਰਥਾਤ 'ਅ' ਤੋਂ। ਅਤੇ ਸ੍ਰਿਸ਼ਟੀ ਦਾ ਇਸ ਤੋਂ ਬਾਅਦ ਦਾ ਅਰੰਭ— ਬਿੰਦੂ (ਅਂ) ਤੋਂ ਹੁੰਦਾ ਹੈ।

ਬਿੰਦੂ ਤੋਂ ਪਹਿਲਾਂ ਬ੍ਰਹਮ ਨਿਰੰਕਾਰ ਤੇ ਨਿਰਗੁਣ ਸ੍ਵਰੂਪ ਵਿਚ ਰਹਿੰਦਾ ਹੈ। ਬਿੰਦੂ ਦੀ ਰਚਨਾ ਤੋਂ ਬਾਅਦ ਬ੍ਰਹਮ ਦਾ ਸਰਗੁਣ ਸ੍ਵਰੂਪ ਉਘੜਨਾ ਸ਼ੁਰੂ ਹੁੰਦਾ ਹੈ। ਇਸ ਬਿੰਦ ਨੂੰ ਮਹਾ ਬਿੰਦੂ ਜਾਂ 'ਪਰ ਬਿੰਦੂ' ਵੀ ਆਖਿਆ ਜਾਂਦਾ



Sri Satguru Jagjit Singh Ji eLibrary NamdhariElibrary@gmail.com

ਹੈ । ਇਸ ਦਾ ਕੋਈ ਲਿੰਗ ਨਹੀਂ । ਇਹ ਸ਼ਿਵ ਵੀ ਹੈ ਤੇ ਸ਼ਕਤੀ ਵੀ ਹੈ । ਸ਼ਿਵ-ਸ਼ਕਤੀ ਦਾ ਸੰਮਿੱਲਤ ਅਤੇ ਬੋਧ ਸਰੂਪ ਇਹ ਬਿੰਦੂ ਅਵਿਅਕਤ ਜਗਤ ਦਾ ਜਨਕ ਹੈ । ਅਵਿਅਕਤ ਜਗਤ ਤੋਂ ਭਾਵ ਹੈ ਅਨੰਤ ਬ੍ਰਹਿਮੰਡਾਂ ਦੇ ਸਮੁਚਿਤ ਰੂਪ 'ਸਮਸ਼ਟੀ ਸ੍ਰਿਸ਼ਟੀਆਂ' ਦਾ ਜਨਕ । ਵਿਅਕਤ ਜਗਤ ਅਜੇ ਦੂਰ ਹੈ ।

ਹੁਣ ਜਗਤ ਦਾ ਪਸਾਰ ਸਾਖਸ਼ਾਤ ਸਤ੍ ਤੋਂ ਨਹੀਂ, ਚਿਤ੍ ਤੋਂ ਵੀ ਨਹੀਂ, ਸਗੋਂ ਬਿੰਦੂ (·) ਤੋਂ ਹੈ । ਇਹ ਬਿੰਦੂ ਬ੍ਰਹਮ ਜਾਂ ਸ਼ਿਵ ਬਿੰਦੂ ਹੀ ਹੈ । ਇਹ ਬਿੰਦੂ ਪਹਿਲਾਂ ਆਪਣੇ ਆਪ ਨੂੰ ਦੋ ਹਿੱਸਿਆਂ ਜਾਂ ਦੋ ਬਿੰਦੂਆਂ ਵਿਚ ਵੰਡਦਾ ਹੈ । ਸ਼ਿਵ ਸ਼ਕਤੀ ਜੋ ਅਦਵੈਤ ਰੂਪ ਵਿਚ ਇਕ ਨੁਕਤੇ ਅੰਦਰ ਇਕਰਸ ਸਾਮਯਅਵਸਥਾ ਵਿਚ ਏਕਾਕਾਰ ਸੀ ਉਹ ਸ਼ਿਵ ਤੇ ਸ਼ਕਤੀ ਨਾਮਕ ਦੋ ਬਿੰਦੂਆਂ (:) ਅਰਥਾਤ ਵਿਸਰਗ ਦਾ ਰੂਪ ਧਾਰਦਾ ਹੈ । ਸ਼ਿਵ ਬਿੰਦੂ, ਸ਼ਿਵ ਅੰਸ਼ ਰੂਪ ਵਿਚ ਸਾਖਸ਼ੀ ਜਾਂ ਦ੍ਰਿਸ਼ਟਾ ਹੋ ਕੇ ਰਹਿੰਦਾ ਹੈ ਅਤੇ ਸ਼ਕਤੀ ਅੰਸ਼ ਸਿਲਸਿਲੇਵਾਰ ਪਸਾਰ ਕਰਦਾ ਹੋਇਆ ਪਰੀਣਾਮ ਹਾਸਿਲ ਕਰਦਾ ਹੈ । ਮੁੜਕੇ ਸੰਕੋਚ ਨੂੰ ਵੀ ਇਹੋ ਸ਼ਕਤੀ-ਬਿੰਦੂ ਹੀ ਪ੍ਰਾਪਤ ਹੁੰਦਾ ਹੈ । ਸ਼ਿਵ ਬਿੰਦੂ ਅਪਰੀਣਾਮੀ ਹੈ । ਗੁਰਬਾਣੀ ਅਨੁਸਾਰ ਇਸ ਸ਼ਿਵ ਬਿੰਦੂ ਦੀ ਅਵਸਥਾ ਇਹ ਹੈ—

"ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ।
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ।"

ਸ਼ਕਤੀ ਬਿੰਦੂ ਦਾ ਪਸਾਰ 'ਸ੍ਰਿਸ਼ਟੀ' ਹੈ ਅਤੇ ਸੰਕੋਚ 'ਸੰਘਾਰ' ।

## ਵਿਸਰਗ

ਬਿੰਦੂ ਦਾ ਇਕ ਤੋਂ ਦੋ ਹੋਣਾ ਵਿਸਰਗ ਹੈ। ਵਰਨਮਾਲਾ ਦਾ ਪਹਿਲਾ ਵਰਨ 'ਅ' ਹੈ ਅਤੇ ਅੰਤਿਮ ਵਰਨ 'ਹ' । 'ਹ' ਸਥੂਲ ਰੂਪ ਹੈ ਅਤੇ ਏਸੇ 'ਹ' ਦਾ ਸੂਖਮ ਰੂਪ 'ਹ' ਦਾ ਅੱਧਾ ਦੋ ਬਿੰਦੂ (:) ਵਿਸਰਗ ਹੈ । ਇਨ੍ਹਾਂ ਦੋ ਬਿੰਦੂਆਂ ਵਿਚੋਂ ਇਕ ('ਹ' ਦਾ ਅੱਧ) ਸ਼ਿਵ ਬਿੰਦੂ ਹੈ ਤੇ ਦੂਜਾ ਸ਼ਕਤੀ ਬਿੰਦੂ । ਦੋਹਾਂ ਵਿਚੋਂ ਸ਼ਿਵ ਬਿੰਦੂ ਅਟਲ, ਅਖੁਟ ਰੂਪ ਵਿਚ ਟਿਕਿਆ ਰਹਿੰਦਾ ਹੈ ਅਤੇ ਦੂਜੇ ਸ਼ਕਤੀ ਬਿੰਦੂ ਦਾ ਪਸਾਰ ਹੁੰਦਾ ਹੈ । ਪਰ ਇਹ ਗੱਲ ਧਿਆਨ ਵਿਚ ਰੱਖਣ ਵਾਲੀ ਹੈ ਕਿ ਸ਼ਕਤੀ ਬਿੰਦੂ ਦੀ ਹਰ ਸਥਿਤੀ ਵਿਚ ਸ਼ਿਵ-ਬਿੰਦੂ ਅੰਸ਼ ਰੂਪ ਵਿਚ ਮੌਜੂਦ ਰਹਿੰਦਾ ਹੈ ।

## ਤ੍ਰਿਕੋਨ—ਜਾਂ ਬੈਂਦਵ ਜਗਤ

ਸ਼ਕਤੀ ਬਿੰਦੂ ਆਪਣੇ ਪਸਾਰੇ ਦੇ ਅਮਲ ਵਿਚ ਤਿੰਨ ਬਿੰਦੂਆਂ ਵਿਚ ਬਦਲਦਾ ਹੈ । ਫਿਰ ਰੇਖਾ ਗਣਿਤ ਦੇ ਨਿਯਮ ਅਨੁਸਾਰ ਤਿੰਨਾਂ ਬਿੰਦੂਆਂ ਵਿਚੋਂ ਹਰੇਕ ਬਿੰਦੂ ਦਾ ਪਸਾਰ ਰੇਖਾ ਜਾਂ ਲਕੀਰ ਦੇ ਰੂਪ ਵਿਚ ਹੁੰਦਾ ਹੈ । ਤਿੰਨੇ ਬਿੰਦੂ ਤਿੰਨ ਸਨਮੁਖ ਰੇਖਾਵਾਂ ਵਿਚ ਬਦਲਦੇ ਹਨ । ਤਿੰਨੇ ਰੇਖਾਵਾਂ ਇਕ ਦੂਜੀ ਦੇ ਸਨਮੁਖ ਹੋਣ ਕਰਕੇ ਇਹਨਾਂ ਰੇਖਾਵਾਂ ਦਾ ਇਕ ਤ੍ਰਿਕੋਨ ਬਣਦਾ ਹੈ । ਇਹ ਤ੍ਰਿਕੋਨ ਇੱਛਾ, ਗਿਆਨ ਤੇ ਕ੍ਰਿਯਾ ਸ਼ਕਤੀ ਦਾ ਲਖਾਇਕ ਹੈ । ਇਸ ਤ੍ਰਿਕੋਨ ਤੋਂ ਜਗਤ ਰਚਨਾ ਦਾ ਇਕ ਅਮਲ ਸ਼ੁਰੂ ਹੋ ਜਾਂਦਾ ਹੈ । ਇਹ ਤ੍ਰਿਕੋਨ ਸੂਖਮ ਰੂਪ ਵਿਚ ਵਰਨਮਾਲਾ ਦੇ ਪਹਿਲੇ ੧੬ ਸ੍ਵਰ ਵਰਨਾਂ ਦਾ ਰੂਪ ਵੀ ਹੈ ਅਤੇ ਵਰਨਮਾਲਾ ਦੇ ਪੰਜਾਹ ਸਥੂਲ ਵਰਨਾਂ ਦਾ ਰੂਪ ਵੀ । ਕਿਉਂਕਿ 'ਕ' ਵਰਨ ਤੋਂ 'ਹ' ਵਰਨ ਤਕ ਵਰਨਮਾਲਾ ਦੇ ਬਾਕੀ ਸਾਰੇ ਵਰਨ ਵਿਅੰਜਨ ਜਾਂ ਪ੍ਰਗਟ ਰੂਪ ਵਿਚ ਪਹਿਲੇ ਸੋਲਾਂ ਸ੍ਵਰ ਵਰਨਾਂ ਦਾ ਹੀ ਵਿਕਾਸ ਹਨ ।

ਸੂਖਮ ਰੂਪ ਵਿਚ ਤਿੰਨ ਰੇਖਾ ਰੂਪੀ ਤ੍ਰਿਕੋਨ ▽ ਦੀ ਹਰੇਕ ਰੇਖਾ ਵਿਚ ਪੰਜ ਪੰਜ ਵਰਨ ਹਨ । ਸੋਲ੍ਹਵਾਂ ਵਰਨ ਸ੍ਵਰ ਵਰਨਾਂ ਵਿਚ ਅੰਤਿਮ 'ਅ:' (ਅਹ) ਹੈ । ਇਹ ਸ਼ਿਵ ਸ਼ਕਤੀ ਜਾਂ ਬ੍ਰਹਮ ਤੇ ਮਾਇਆ ਦਾ ਸੰਜੋਗੀ ਵਰਨ ਹੈ । ਇਹ ਸੰਜੋਗੀ ਵਰਨ ਤ੍ਰਿਕੋਨ ਦੇ ਵਿਚਕਾਰ 'ਬਿੰਦੂ' |▽ ਸਾਖਸ਼ੀ ਜਾਂ ਦ੍ਰਿਸ਼ਟਾ ਰੂਪ ਵਿਚ ਸਜਿਆ ਰਹਿੰਦਾ ਹੈ ।

## ਕੀਤਾ ਪਸਾਉ ਏਕੋ ਕਵਾਉ

ਜਪੁਜੀ ਸਾਹਿਬ ਦੀਆਂ ਤੁਕਾਂ ਹਨ—

ਕੀਤਾ ਪਸਾਉ ਏਕੋ ਕਵਾਉ
ਤਿਸ ਤੇ ਹੋਏ ਲਖ ਦਰੀਆਉ ॥

ਅਤੇ ਭਾਈ ਗੁਰਦਾਸ ਜੀ ਦੀ ਬਾਣੀ ਹੈ—

ਤ੍ਰੈ ਗੁਣ ਮਾਇਆ ਖੇਲ ਕਰਿ ਦੇਖਾਲਿਆ ॥
ਖਾਣੀ ਬਾਣੀ ਚਾਰਿ ਚਲਤੁ ਉਠਾਲਿਆ ।
ਪੰਜਿ ਤੱਤ ਉਤਪਤਿ ਬੰਧਿ ਬਹਾਲਿਆ ।
ਛਿਅ ਰੁਤਿ ਬਾਰਹ ਮਾਹ ਸਿਰਜਿ ਸਮ੍ਹਾਲਿਆ
ਅਹਿਨਿਸ ਸੂਰਜ ਚੰਦ ਦੀਵੇ ਬਾਲਿਆ ।
ਇਕਕਵਾਉ ਪਸਾਉ ਨਦਰਿ ਨਿਹਾਲਿਆ ।

੨੧—੧੨

ਸਤਿਗੁਰੂ ਨਾਨਕ ਦੇਵ ਜੀ ਦੀਆਂ ਅਗਲੀਆਂ ਤੁਕਾਂ ਵੀ ਏਸੇ ਸੰਦਰਭ ਵਿਚ ਹਨ—



Sri Satguru Jagjit Singh Ji eLibrary NamdhariElibrary@gmail.com

'ਚਉਥਿ ਉਪਾਏ ਚਾਰੇ ਬੇਦਾ।
ਖਾਣੀ ਚਾਰੇ ਬਾਣੀ ਭੇਦਾ।'

ਉਪਰੋਕਤ ਸਾਰੀਆਂ ਤੁਕਾਂ ਵਿਚ ਮੁਖ ਸ਼ਬਦ ਹੈ **"ਇਕ ਕਵਾਉ"**। ਇਕ ਕਵਾਉ ਜਾਂ ਏਕੋ ਕਵਾਉ ਅਥਵਾ 'ਏਕ ਕਵਾਵੇ ਤੇ ਸਭ ਹੋਆ'।

ਕਵਾਉ ਜਾਂ ਕਵਾਵ, ਇਕ ਵਾਕ ਹੈ। ਇਕ ਸ਼ਬਦ ਹੈ ਜਾਂ ਇਕ ਬਾਣੀ ਹੈ। ਇਹ ਸਾਰੀ ਸ੍ਰਿਸ਼ਟੀ ਦਾ ਮੂਲ ਮੁੱਢ ਹੈ—ਜਿਸ ਤੋਂ ਸਾਰੇ ਜਗਤ ਦੀ ਰਚਨਾ ਹੋਈ। ਇਸ ਇਕ ਵਾਕ ਨੂੰ ਹੀ ਸ਼ਬਦ ਬ੍ਰਹਮ ਆਖਿਆ ਜਾਂਦਾ ਹੈ। ਸ਼ਾਸਤ੍ਰ ਅਨੁਸਾਰ ਅਤੇ ਗੁਰਬਾਣੀ ਅਨੁਸਾਰ ਚਾਰ ਖਾਣੀਆਂ (ਅੰਡਜ, ਜੇਰਜ, ਸੇਤਜ ਉਤਭੁਜ) ਹਨ ਤੇ ਬਾਣੀ ਭੇਦ ਨਾਲ ਚਾਰ ਹੀ ਬਾਣੀਆਂ ਹਨ। 'ਖਾਣੀ ਚਾਰੇ ਬਾਣੀ ਭੇਦਾ,' ਜਾਂ ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ 'ਖਾਣੀ ਬਾਣੀ ਚਾਰਿ ਚਲਤੁ ਉਠਾਲਿਆ।' ਚਾਰ ਬਾਣੀਆਂ ਹਨ—'ਪਰਾ', 'ਪਸ਼ਯੰਤੀ', 'ਮੱਧਮਾ' ਤੇ 'ਬੈਖਰੀ'। ਬੈਖਰੀ ਬਾਣੀ ਉਹ ਹੈ ਜਿਸ ਨੂੰ ਅਸੀਂ ਵੇਖ ਸੁਣ ਕੇ ਪੜ੍ਹ ਸਕਦੇ ਹਾਂ। ਇਹ ਭੇਦ ਮਈ ਬਾਣੀ ਹੈ। ਬੈਖਰੀ ਬਾਣੀ ਇਕ ਇਕ ਸ਼ਬਦ ਪਦ ਜਾਂ ਵਾਕ ਇਕ ਤੋਂ ਵੱਧ ਅਤੇ ਵੱਖਰੇ ਰੂਪ ਵਿਚ ਪੇਸ਼ ਹੋ ਸਕਦਾ ਹੈ। ਜਾਂ ਇਕ ਪਦਾਰਥ ਨੂੰ ਵੱਖ ਵੱਖ ਨਾਵਾਂ ਨਾਲ ਬਿਆਨ ਕਰ ਸਕਦਾ ਹੈ। ਇਸ ਲਈ ਇਹ ਭੇਦਮਈ ਹੈ। ਮੱਧਮਾ ਬਾਣੀ ਭੇਦ ਤੇ ਅਭੇਦ ਮਈ ਹੈ। ਇਹ ਇਕ ਪਾਸੇ ਭੇਦ ਮਈ ਬੈਖਰੀ ਨਾਲ ਜੋੜਦੀ ਹੈ ਦੂਜੇ ਪਾਸੇ ਪੂਰਨ ਅਭੇਦ ਮਈ ਪਸ਼ਯੰਤੀ ਬਾਣੀ ਨਾਲ ਜੋੜਦੀ ਹੈ। ਮੱਧਮਾ ਤੇ ਪਸ਼ਯੰਤੀ ਉੱਚੀ ਸੂਖਮ ਤੇ ਸੂਖਮਤਮ ਅਵਸਥਾਵਾਂ ਦੀਆਂ ਬਾਣੀਆਂ ਹਨ—ਜਿੰਨ੍ਹਾਂ ਤਕ ਅਤੀ ਉਚ ਬਿਰਤੀ ਵਾਲੇ ਸਾਧਕਾਂ-ਜੋਗੀਆਂ ਦੀ ਹੀ ਪਹੁੰਚ ਹੋ ਸਕਦੀ ਹੈ। ਏਧਰ ਚੌਥੀ ਤੇ ਓਧਰੋਂ ਪਹਿਲੀ ਬਾਣੀ 'ਪਰਾ ਬਾਣੀ' ਹੈ। ਏਸੇ ਨੂੰ 'ਪਰਾ ਵਾਕ ਆਖਿਆ ਜਾਂਦਾ ਹੈ। ਤੇ ਏਸੇ ਪਰਾਵਾਕ ਨੂੰ ਸ਼ਬਦ ਬ੍ਰਹਮ ਜਾਂ 'ਕਵਾਉ'। ਏਸੇ ਪਰਾ ਵਾਕ ਵਿਚੋਂ ਹੀ ਤਿੰਨੋਂ ਬਾਣੀਆਂ ਤੇ ਚਾਰੇ ਖਾਣੀਆਂ ਨਿਕਲਦੀਆਂ ਹਨ। ਏਹੋ ਪਰਾ ਵਾਕ ਹੀ ਸਾਰੀ ਸ੍ਰਿਸ਼ਟੀ ਦਾ ਸੋਮਾ ਹੈ। ਪੰਜਾਹ ਵਰਨਾਂ ਵਾਲੀ ਵਰਨਮਾਲਾ ਇਹਨਾਂ ਚੌਹਾਂ ਬਾਣੀਆਂ ਦਾ ਹੀ ਸਰੂਪ ਹੈ।

ਜਿਵੇਂ ਕਿ ਪਿੱਛੇ ਤ੍ਰਿਕੋਨ ਨੂੰ ਸੋਲਾਂ ਸੂਰ ਵਰਨਾਂ ਦਾ ਪ੍ਰਤੀ ਰੂਪ ਦੱਸਿਆ ਗਿਆ ਹੈ ਉਵੇਂ ਹੀ ਇਹ ਤ੍ਰਿਕੋਨ ਪੰਜਾਹ ਵਰਨਾਂ ਦੀ ਵਰਨਮਾਲਾ ਦਾ ਹੀ ਪ੍ਰਤੀਰੂਪ ਹੈ। ਕਿਉਂਕਿ ਪਹਿਲੇ ਸੋਲਾਂ ਸੂਰ ਵਰਨ ਹੀ ਬਾਕੀ ਦੇ 'ਕ' ਤੋਂ 'ਹ' ਤਕ ਵਿਅੰਜਨ ਵਰਨਾ ਦਾ ਬੀਜ ਰੂਪ ਹਨ। ਇਹ ਵਿਅੰਜਨ ਵਰਨ ਸੂਰ ਵਰਨਾਂ ਦਾ ਹੀ ਵਿਸਥਾਰ ਹਨ। ਇਸ ਤਰ੍ਹਾਂ ਇਸ ਪੰਜਾਹ ਵਰਨਾਂ ਵਾਲੇ ਤ੍ਰਿਕੋਨ ਨੂੰ 'ਅ' 'ਕ' 'ਥ'—ਵੀ ਵਿਆਖਿਆ ਜਾਂਦਾ ਹੈ। ਇਕ ਰੇਖਾ ਵਿਚ 'ਅ' ਤੋਂ 'ਅ:' ਤਕ, ਦੂਜੀ ਰੇਖਾ ਵਿਚ 'ਕ' ਤੋਂ 'ਤ' ਤਕ ਅਤੇ ਤੀਜੀ ਰੇਖਾ ਵਿਚ 'ਥ' ਤੋਂ 'ਹ' ਤਕ ਵਰਨ ਰੇਖਾਂਤਿਕ ਹਨ।

ਵਿਸਰਗ ਦੇ ਦੋ ਬਿੰਦੂਆਂ ਵਿਚੋਂ ਇਕ ਬਿੰਦੂ ਸ਼ਕਤੀ ਤ੍ਰਿਕੋਨ ਦੇ ਰੂਪ ਵਿਚ ਸ੍ਰਿਸ਼ਟੀ ਦੀ ਰਚਨਾ ਕਰਦਾ ਹੈ ਅਤੇ ਪ੍ਰਲਯ ਸਮੇਂ ਇਹੋ ਸ਼ਕਤੀ ਬਿੰਦੂ-ਪਲਟ ਕੇ ਸ਼ਿਵ ਬਿੰਦੂ ਵਿਚ ਰਲਦਾ ਤੇ ਦੂਜੇ ਤ੍ਰਿਕੋਨ ਦਾ ਰੂਪ ਧਾਰਦਾ ਹੈ। ਇੰਜ ਸ਼ਕਤੀ ਤ੍ਰਿਕੋਨ ਤੇ ਸ਼ਿਵ ਤ੍ਰਿਕੋਨ ਰਲ ਏ ਸ਼ਟਕੋਨ ਜਾਂ 'ਛੇ ਕੋਨਾਂ' ਬਣ ਜਾਂਦਾ ਹੈ। ਸ਼ਕਤੀ ਤ੍ਰਿਕੋਨ ਸ੍ਰਿਸ਼ਟੀ ਦੇ ਅਨੁਕੂਲ ਹੈ ਅਤੇ ਵਿਸ਼ ਤ੍ਰਿਕੋਨ ਸੰਘਾਰ ਰੂਪ-ਸ੍ਰਿਸ਼ਟੀ ਦੇ ਪ੍ਰਤੀਕੂਲ (ਉਲਟ) ਸ੍ਰਿਸ਼ਟੀ ਤੇ ਸੰਘਾਰ ਦਾ ਸਿਲਸਿਲਾ ਸਮਸ਼ਟੀ—ਜਗਤ (ਜਗਤਾਂ ਦਾ ਸਮੂਹ) ਵਿਚ ਤੇ ਵਿਅਸ਼ਟੀ (ਵਿਅਕਤੀ) ਜਗਤ ਵਿਚ ਹਮੇਸ਼ਾ ਚਲਦਾ ਰਹਿੰਦਾ ਹੈ।

ਇਸ ਤ੍ਰਿਕੋਨ ਨੂੰ ਬ੍ਰਹਮਾ, ਵਿਸ਼ਨੂੰ ਤੇ ਰੁਦ੍ਰ ਰੂਪ ਵੀ ਆਖਿਆ ਜਾਂਦਾ ਹੈ। ਅਤੇ ਕੁੰਡਲਿਨੀ ਰੂਪੀ 'ਮਹਾ ਮਾਯਾ' ਵੀ। ਕਿਉਂ ਕਿ ਕਰਤਾ ਦੇ ਕਰਨ (ਕਰਿੰਦੇ) ਰੂਪ ਇਹੋ ਬ੍ਰਹਮਾਂ ਵਿਸ਼ਣੂੰ ਤੇ ਰੁਦ੍ਰ ਹੀ ਹਨ। ਚਾਰ ਬਾਣੀਆਂ ਤੇ ਪੰਜਾਹ ਵਰਨਾ ਤੋਂ ਸ੍ਰਿਸ਼ਟੀ ਹੈ—ਇਸ ਲਈ ਵਰਨ ਮਈ ਤ੍ਰਿਕੋਨ ਜਾਂ ਕੁੰਡਲਿਨੀ ਨੂੰ ਨਾਦ ਰੂਪ ਵੀ ਕਿਹਾ ਜਾਂਦਾ ਹੈ। ਸ਼ਬਦ ਬ੍ਰਹਮ ਜਾ ਓਅੰਕਾਰ ਤੋਂ ਸ੍ਰਿਸ਼ਟੀ ਹੈ ਤੇ ਓਸੇ ਵਿਚ ਮੁੜ ਲੈਯ ਹੈ—ਇਸ ਲਈ ਇਸ ਵਿਚਕਾਰਲੇ ਬਿੰਦੂ ਸਮੇਤ ਤ੍ਰਿਕੋਨ ਨੂੰ ਸ਼ਬਦ ਬ੍ਰਹਮ ਰੂਪ ਵੀ ਆਖਿਆ ਜਾਂਦਾ ਹੈ।

ਇਸ ਤ੍ਰਿਕੋਨ ਦੀ ਖੱਬੀ ਰੇਖਾ ਪਸ਼ਯੰਤੀ ਵਾਕ ਹੈ, ਉਪਰਲੀ ਸਿੱਧੀ ਰੇਖਾ ਮੱਧਮਾ ਵਾਕ ਰੂਪ ਹੈ ਅਤੇ ਸੱਜੇ ਪਾਸੇ ਵਾਲੀ ਰੇਖਾ ਬੈਖਰੀ ਵਾਕ ਰੂਪ ਹੈ। ਇਸ ਤ੍ਰਿਕੋਨ ਦਾ ਵਿਚਕਾਰਲਾ ਸਾਖਸ਼ੀ ਬਿੰਦੂ—'ਪਰਾ ਵਾਕ' ਰੂਪ ਹੈ। ਇਹੋ ਮਹਾ ਮਾਯਾ ਰੂਪ ਤ੍ਰਿਕੋਨ ਹੀ 'ਖੰਡਾ' ਹੈ।

ਏਥੋਂ ਤਕ ਸ੍ਰਿਸ਼ਟੀ ਦੇ ਜਿਸ ਸਿਲਸਿਲੇ ਦੀ ਚਰਚਾ ਹੋਈ ਹੈ—ਇਹ ਮਹਾਂ ਮਾਯਾ ਦੇ ਸ਼ੁੱਧ ਜਗਤ ਤਕ ਦੀ ਹੀ ਚਰਚਾ ਹੈ। ਏਥੋਂ ਤੱਕ ਦਾ ਜਗਤ ਅਵਿਅਕਤ ਹੈ—ਅਪ੍ਰਗਟ ਹੈ। ਦਿਸਦੇ ਜਾਂ ਮਾਯਾ ਜਗਤ ਤੱਕ ਦੇ ਵਿਚਕਾਰ ਅਜੇ ਹੋਰ ਪੜਾਓ ਹਨ। ਸ਼ੁੱਧ ਜਗਤ ਜਾਂ ਮਹਾਂ ਮਾਯਾ ਜਗਤ ਅਤੇ ਅਸ਼ੁੱਧ ਜਗਤ ਜਾਂ ਮਾਯਾ ਜਗਤ ਦੇ ਦੋਹਾਂ ਰੂਪਾਂ ਵਿਚਕਾਰ ਕਈ ਖੰਡ ਬ੍ਰਹਿਮੰਡ ਹਨ।

ਇਸ ਲੇਖ ਵਿਚ ਕੇਵਲ 'ਖੰਡਾ' ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ। (੮)



Sri Satguru Jagjit Singh Ji eLibrary NamdhariElibrary@gmail.com

# ਗੁਰੂ ਗੋਬਿੰਦ ਸਿੰਘ ਜੀ

—ਗੁਰਦੇਵ ਸਿੰਘ ਢਿੱਲੋਂ

ਸਵਰਗੀ ਗੁਰਦੇਵ ਸਿੰਘ ਢਿੱਲੋਂ ਮਸ਼ਹੂਰ ਗ਼ਦਰੀ ਬਾਬਾ ਨਿਰੰਜਨ ਸਿੰਘ, ਪੰਡੋਰੀ ਲੱਧਾ ਸਿੰਘ (ਹੁਸ਼ਿਆਰਪੁਰ) ਦੇ ਸਪੁੱਤਰ ਸਨ। ਗ਼ਦਰ ਲਹਿਰ ਨੂੰ ਹੀ ਪਰਨਾਏ ਹੋਏ ਸਨ ਅਤੇ ਚੰਗੇ ਕਵੀ ਵੀ ਸਨ। ਉਹ 'ਯਕਦਮ' ਸਿਰਲੇਖ ਹੇਠ ਕਵਿਤਾ ਰਚਦੇ ਸਨ। ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਵਸ ਦੇ ਸਬੰਧ ਵਿਚ ਉਹਨਾਂ ਦੀਆਂ ਦੋ ਕਵਿਤਾਵਾਂ ਇਥੇ ਛਾਪ ਰਹੇ ਹਾਂ। ਇਹ ਕਵਿਤਾਵਾਂ ਬਾਬਾ ਨਿਰੰਜਣ ਸਿੰਘ ਪੰਡੋਰੀ ਬਾਰੇ ਸ. ਕੇਸਰ ਸਿੰਘ ਨਾਵਲਿਸਟ ਦੀ ਲਿਖੀ ਪੁਸਤਕ "ਗ਼ਦਰੀ ਤੇ ਕਾਮਾ" 'ਚੋਂ ਧੰਨਵਾਦ ਸਹਿਤ ਲਈਆਂ ਗਈਆਂ ਹਨ।

—ਸੰਪਾਦਕ

[੧]

ਸਦੀ ਸੋਹਲਵੀਂ ਚੜ੍ਹੀ ਤੂਫ਼ਾਨ ਬਣਕੇ, ਜ਼ੁਲਮ ਸਿਤਮ ਦੀਆਂ ਆਈਆਂ ਹਨੇਰੀਆਂ ਸਨ।
ਹਿੰਦੂ ਕੌਮ ਸਮਾਧੀਆਂ ਲਾ ਬੈਠੀ, ਜੀਵਨ ਯੁੱਧ ਵਿਚੋਂ ਢਾਈਆਂ ਢੇਰੀਆਂ ਸਨ।
ਅਰਜਨ, ਭੀਮ ਤੇ ਕਰਨ ਬਲਵਾਨ ਭੁੱਲੇ, ਕਰਨ ਸਿਖੀਆਂ ਹੇਰੀਆਂ ਫੇਰੀਆਂ ਸਨ।
ਕੌਮ ਬਣਦਿਆਂ ਬਣਦਿਆਂ ਦੇਰ ਲਗਦੀ, ਨਹੀਂ ਡਿਗਦਿਆਂ ਲਗੀਆਂ ਦੇਰੀਆਂ ਸਨ।

ਮੁਗ਼ਲ ਬਾਦਸ਼ਾਹੀਆਂ ਹੱਥ ਕਾਜ਼ੀਆਂ ਦੇ, ਲਾ ਫ਼ਤਵਿਆਂ ਖ਼ੂਨ ਨਚੋੜ ਦਿਤੇ।
ਧੀਆਂ ਖੋਹ ਬੇਗ਼ੈਰਤੇ ਮਾਪਿਆਂ ਤੋਂ, ਗ਼ੈਰਤ ਅਣਖ ਵਾਲੇ ਡੰਗ ਤੋੜ ਦਿਤੇ।
ਮੂੰਹ ਤੇ ਥੁਕਿਆ ਗਿਆ ਨਤਾਣਿਆਂ ਦੇ, ਨਾਲ ਛਿੱਤਰਾਂ ਤਿਲਕ ਘਰੋੜ ਦਿਤੇ।
ਨੱਕ ਰਗੜਦੇ ਪਏ ਉਪਾਸ਼ਕਾਂ ਦੇ, ਦੇਵੀ ਦੇਵਤੇ ਵਿਚੇ ਘਸੋੜ ਦਿਤੇ।

ਇਸ ਜ਼ੁਲਮ ਅਨਿਆਏ ਨੂੰ ਰੋਕਣੇ ਲਈ, ਇਕ ਸੂਰਮਾ ਉਠ ਲਲਕਾਰਿਆ ਸੀ।
ਬਲੀਦਾਨ ਦੇ ਕੇ ਪਿਤਾ ਆਪਣੇ ਦਾ, ਰੂਪ ਸਿੰਘ ਗੋਬਿੰਦ ਨੇ ਧਾਰਿਆ ਸੀ।
ਜਿਨ ਪੁੱਤਾਂ ਦੇ ਜਿਗਰ ਦਾ ਖ਼ੂਨ ਪਾ ਕੇ, ਗਈ ਗ਼ੈਰਤ ਨੂੰ ਮੁੜ ਉਭਾਰਿਆ ਸੀ।
ਪੰਥ ਖਾਲਸਾ ਤੇਗ ਉਹ ਜਨਮ ਦਾਤਾ, ਜਿਨ ਬੇੜਾ ਡੁਬਦਾ ਅਣਖ ਦਾ ਤਾਰਿਆ ਸੀ।

ਜੀਵਨ ਉਸ ਦਾ ਸਾਕਿਆਂ ਨਾਲ ਭਰਿਆ, ਆਏ ਦੀਦ ਨੂੰ ਕਈ ਖਰੀਦ ਹੋ ਗਏ।
ਹੱਠੀ ਸੂਰਮਾ ਅਤੇ ਬਲਵਾਨ ਸੁਣਕੇ, ਬੁੱਧੂ ਸ਼ਾਹ ਫ਼ਕੀਰ ਮੁਰੀਦ ਹੋ ਗਏ।
ਦੇ ਕੇ ਪੁੱਤਾਂ ਦੀ ਭੇਂਟ ਉਨ ਸ਼ੁਕਰ ਕੀਤਾ, ਸ਼ੁਕਰ ਏਸ ਬਦਲੇ ਉਹਨੂੰ ਦੀਦ ਹੋ ਗਏ।
ਮੁਰਦਾ ਖ਼ੂਨ ਵਿਚ ਲਾਲੀਆਂ ਭਰਨ ਖ਼ਾਤਰ, ਸ਼ਾਹਿਬਜ਼ਾਦੇ ਮਾਸੂਮ ਸ਼ਹੀਦ ਹੋ ਗਏ।

ਅੰਮ੍ਰਿਤ ਬਖਸ਼ ਕੇ ਬੁਜ਼ਦਿਲਾਂ ਕਾਫ਼ਰਾਂ ਨੂੰ, ਸ਼ਿਕਰੇ ਘੁੱਗੀਆਂ ਕੋਲੋਂ ਤੁੜਾ ਦਿਤੇ।
ਥਰ ਥਰ ਕੰਬਦੇ ਸੀ ਡਰਦੇ ਮੌਤ ਪਾਸੋਂ, ਮੌਤ ਵਰਨ ਲਈ ਖੰਡੇ ਫੜਾ ਦਿਤੇ।
ਕਫ਼ਨ ਬੰਨ੍ਹ ਕੇ ਸਿਰੀਂ ਪਰਵਾਨਿਆਂ ਦੇ, ਬਲਦੀ ਸ਼ਮ੍ਹਾਂ ਦੇ ਉਤੋਂ ਸੜਾ ਦਿਤੇ।
ਦਹਿਲ ਪਿਆ ਸੀ ਕਾਬਲ ਦੇ ਧਾਵਿਆਂ ਦਾ, ਕਿਲ੍ਹੇ ਉਤੇ ਜਮਰੌਦ ਝੂਲੜਾ ਦਿਤੇ।

ਤਵਾਰੀਖ਼ ਜਹਾਨ ਦੀ ਫੋਲ ਵੇਖੀ, ਮੈਨੂੰ ਭਾਸਿਆ ਪੀਰਾਂ ਦਾ ਪੀਰ ਹੋ ਕੇ।
ਬੈਠ ਖਾਲਸਾ ਪੰਥ ਨੂੰ ਸਾਜਦਾ ਸੀ, ਖੜ੍ਹਾ ਫੇਰ ਸੀ ਆਪ ਅਖੀਰ ਹੋ ਕੇ।
ਹੈ ਸੀ ਮਹਿਫ਼ਲਾਂ ਦਾ ਸਰਤਾਜ ਬਣਦਾ, ਸੁੱਤਾ ਯਾਰ ਦੇ ਸੱਥਰ ਫ਼ਕੀਰ ਹੋ ਕੇ।
ਨੰਗੇ ਪੈਰ ਤੇ ਜਿਸਮ ਦੀ ਖੱਲ ਲੱਥੀ, ਪਾਟੇ ਕੱਪੜੇ ਸੀ ਲੀਰੋ ਲੀਰ ਹੋ ਕੇ।



Sri Satguru Jagjit Singh Ji eLibrary NamdhariElibrary@gmail.com

ਬੀਰ ਰਸ ਵਿਚ ਉਹਦੀ ਫਿਲਾਸਫੀ ਨੇ, ਕੀਤੇ ਸੂਰਮੇ ਬੇਸ਼ੁਮਾਰ ਪੈਦਾ।
ਅੰਗ ਅੰਗ ਕੱਟੇ ਚੀਰੇ ਗਏ ਭਾਵੇਂ, ਬਹੁਤੇ ਹੋਏ ਮਜ਼ਲੂਮਾਂ ਦੇ ਯਾਰ ਪੈਦਾ।
ਦੀਪ ਸਿੰਘ ਬਾਬਾ, ਫੂਲਾ ਸਿੰਘ ਜੈਸੇ, ਕੀਤੇ ਹਰੀ ਸਿੰਘ ਨਲੂਏ ਸਰਦਾਰ ਪੈਦਾ।
ਉਸ ਦਾ ਅਸਰ ਹੈ ਖ਼ਾਲਸਾ ਖ਼ੂਨ ਅੰਦਰ, ਹੁੰਦੇ ਰਹਿਣਗੇ 'ਭਗਤ' 'ਕਰਤਾਰ' ਪੈਦਾ।

[ ੨ ]

ਨਿਮਸ਼ਕਾਰ ਮੇਰੀ ਸੱਚੇ ਪਾਤਸ਼ਾਹਾ, ਨਿਮਸ਼ਕਾਰ ਮੇਰੀ ਕਲਗੀਧਾਰ ਤੈਨੂੰ।
ਪਰਉਪਕਾਰੀਆਂ ਦੇ ਉਪਕਾਰੀਆ ਓਏ, ਨਿਮਸ਼ਕਾਰ ਹੈ ਰੌਸ਼ਨ ਮਨਾਰ ਤੈਨੂੰ।
ਚੇਲੇ ਗੁਰੂ ਮੇਰੇ ਸਾਂਝੀਵਾਲਤਾ ਦੇ, ਨਿਮਸ਼ਕਾਰ ਹੈ ਪ੍ਰੇਮ ਸਤਕਾਰ ਤੈਨੂੰ।
ਸੌ ਸੌ ਵਾਰ ਮੇਰੀ ਤੇਰੇ ਜਨਮ ਉਤੇ, ਨਿਮਸ਼ਕਾਰ ਮੇਰੀ ਖੰਡੇਧਾਰ ਤੈਨੂੰ।

ਪਟਨੇ ਸ਼ਹਿਰ ਵਿਚੋਂ ਨੂਰ ਚਮਕਿਆ ਸੀ, ਜਬਰ ਸਹਿਣ ਲਈ ਜ਼ੁਲਮ ਫੁਕਾਰਿਆਂ ਨੂੰ।
ਬਾਲ ਉਮਰ ਵਿਚ ਪਿਤਾ ਦਾ ਸੀਸ ਦੇ ਕੇ, ਮਰਨਾ ਦੱਸਿਆ ਸੀ ਨਿਕਾਰਿਆਂ ਨੂੰ।
ਡਿਗੇ ਪਏ ਇਨਸਾਨ ਨੂੰ ਗਲੇ ਲਾਇਆ, ਜੀਵਣ ਯੁਧ ਵਿਚੋਂ ਗਿਆਂ ਹਾਰਿਆਂ ਨੂੰ।
ਕਾਇਆ ਕਲਪ ਮਜ਼ਲੂਮ ਦਾ ਕਰਨ ਖ਼ਾਤਰ, ਭੇਟ ਕਰ ਗਿਆ ਚੌਹਾਂ ਦੁਲਾਰਿਆਂ ਨੂੰ।

ਗੁਰੂ ਮੰਨਿਆ ਤੇਰੀਆਂ ਕਰਨੀਆਂ ਤੋਂ, ਵੇਖ ਜ਼ਿੰਦਗੀ ਦਾ ਉਚਾ ਘੋਲ ਤੇਰਾ।
ਬਣਿਆ ਤੂੰ ਕੁਰਬਾਨੀ ਦਾ ਵਲਵਲਾ ਸੀ, ਦਿਲ ਪਰਬਤਾਂ ਵਾਂਗ ਅਡੋਲ ਤੇਰਾ।
ਸਾਨੀ ਨਹੀਂ ਮਿਲਦਾ ਸੂਰਬੀਰਤਾ ਦਾ, ਮੈਨੂੰ ਨਹੀਂ ਮਿਲਦਾ ਕਿਤਿਓਂ ਟੋਲ ਤੇਰਾ।
ਪਹੁੰਚ ਗਏ ਸ਼ਹੀਦੀ ਦੇ ਮਰਤਬੇ ਨੂੰ, ਸੀਨੇ ਵੱਸ ਗਿਆ ਜਿਨ੍ਹਾਂ ਦੇ ਬੋਲ ਤੇਰਾ।

ਉੱਚੀ ਸਤਿਗੁਰੂ ਤੇਰੀ ਫ਼ਲਾਸਫ਼ੀ ਹੈ, ਜੀਵਣ ਬਖਸ਼ਦੀ ਜੋ ਨਿਰਾਸਿਆਂ ਨੂੰ।
ਤੇਰੇ ਖੰਡੇ ਦੀ ਏਸ ਵਿਚ ਹੈ ਸ਼ਕਤੀ, ਜੋ ਲਿਖਤਾਂ ਬਦਲਦੀ ਪਲਟਦੀ ਪਾਸਿਆਂ ਨੂੰ।
ਹੈ ਇਹ ਮੌਤ ਦੇ ਭੈ ਨੂੰ ਪਰੇ ਕਰਦੀ, ਛੱਡ ਜਾਂਦੀ ਹੈ ਪਿਛੇ ਦਲਾਸਿਆਂ ਨੂੰ।
ਜਿਥੇ ਹੋਵੇ ਅਸੂਲ ਵਿਚ ਵਿਘਨ ਪੈਂਦਾ, ਮੁਨਕਰ ਪਾਣੀ ਤੇ ਪੁਤਾਂ ਪਿਆਸਿਆਂ ਨੂੰ।

ਤੇਰੇ ਮਿਸ਼ਨ ਨੂੰ ਜਿਨ੍ਹਾਂ ਨੇ ਛੋਹ ਲਿਆ ਹੈ, ਹੋ ਗਏ ਨੇ ਜੀਵਨ ਬਲੰਦ ਵਿਚੋਂ।
ਨਾਹਰੇ ਮਾਰ ਚੜ੍ਹ ਗਏ ਉਤੇ ਤਖਤਿਆਂ ਦੇ, ਖਾਧਾ ਭੈ ਨਹੀਂ ਰੇਸ਼ਮੀ ਫ਼ੰਦ ਵਿਚੋਂ।
ਚੀਰੇ ਗਏ ਭਾਵੇਂ ਭਾਵੇਂ ਪੀੜ ਹੋਏ, ਕੱਟੇ ਗਏ ਸਾਰੇ ਬੰਦ ਬੰਦ ਵਿਚੋਂ।
ਮੰਤਵ ਜ਼ਿੰਦਗੀ ਦਾ ਉਹਨੀ ਪਾ ਲਿਆ ਸੀ, ਪਾਇਆ ਸੀ ਸਰਹੰਦ ਦੀ ਕੰਧ ਵਿਚੋਂ।

ਇਹ ਤੇਰੀ ਸੀ ਹਸਤੀ ਐ ਮੇਹਰਵਾਨਾ, ਜਿਸ ਢਹਿੰਦੇ ਜ਼ੁਲਮ ਦੇ ਰੋਕ ਪਹਾੜ ਦਿਤੇ।
ਬਖਸ਼ਣਹਾਰ ਪ੍ਰੀਤਮ ਕੋਮਲ ਦਿਲ ਤੇਰਾ, ਬੇਦਾਵੇ ਬੇਮੁਖਾਂ ਦੇ ਜਿਨ ਪਾੜ ਦਿਤੇ।
ਕੱਠੀ ਕਰਕੇ ਧਾੜ ਪਾਖੰਡੀਆਂ ਦੀ ਮਚਦਾ ਤੇਲ ਪਾ ਕੇ ਜੀਉਂਦੇ ਸਾੜ ਦਿਤੇ।
ਮੱਧਮ ਲੇਖ ਸਨ ਰੁਲਦੀਆਂ ਕਿਸਮਤਾਂ ਦੇ, ਤੇਰੀ ਚਮਕਦੀ ਤੇਗ ਉਘਾੜ ਦਿਤੇ।

ਜਿੰਨੀ ਦੇਰ ਇਹ ਰਹੂ ਬ੍ਰਹਿਮੰਡ ਕਾਇਮ, ਪਾਉਂਦੀ ਅੰਬਰਾਂ ਨੂੰ ਧਰਤੀ ਮਾਤ ਰਹਿਸੀ।
ਜਿੰਨੀ ਦੇਰ ਕੁਰਬਾਨੀ ਦਾ ਲਫ਼ਜ਼ ਲਿਖਣਾ, ਲਿਖਿਆ ਹੋਇਆ ਵਿਚ ਕਿਸੇ ਲੁਗਾਤ ਰਹਿਸੀ।
ਤੇਰਾ ਜੀਵਣ ਮਜ਼ਲੂਮ ਦਾ ਹੌਸਲਾ ਹੈ, ਉਹਦੇ ਵਾਸਤੇ ਇਹ ਤੇਰੀ ਦਾਤ ਰਹਿਸੀ।
ਜੀਉਂਦਾ ਰਹੇਂਗਾ ਲੋਕਾਂ ਦੇ ਦਿਲਾਂ ਅੰਦਰ, ਜਿੰਨੀ ਦੇਰ ਇਨਸਾਨ ਦੀ ਜ਼ਾਤ ਰਹਿਸੀ।



Sri Satguru Jagjit Singh Ji eLibrary NamdhariElibrary@gmail.com

# ਗੁਰਮਤਿ ਫ਼ਲਸਫ਼ਾ/ਬੇਦੀ ਲਾਲ ਸਿੰਘ ਸਾਹਿਤਕਾਰ

ਐ ਪ੍ਰਾਣੀ !
ਤੂ—
ਗੁਰੂ ਜੀ ਦੇ ਬਚਨਾਂ
ਤੇ—
ਅਮਲ ਕਰ ।
ਕਿਉਂ ?
ਕਿਸ ਲਈ,
ਇਸ ਲਈ
ਕਿ—
ਤੂੰ ਵੀ
ਕੀਤੇ ਕਰਮਾਂ
ਦਾ—
ਲੇਖਾ ਦੇਣਾ ਹੈ ।
ਤਾਂ ਫਿਰ ਮੈਂ ਕੀ ਕਰਾਂ ?

ਤੂ ਝੂਠਾ ਵਖਾਵਾ
ਤਿਆਗ ਦੇ ।
ਤੇ—
ਗੁਰ ਉਪਦੇਸ਼ ਨੂੰ
ਹਿਰਦੇ ਵਿਚ ਵਸਾ
ਤੇ—
ਸੇਵਾ ਸਿਮਰਨ ਕਰ
ਆਪਣੇ ਕਰਮ ਕਿਰਦਾਰ
ਨੂੰ
ਦਰੁਸਤ ਕਰ
ਅਤੇ
ਹੋਸ਼ੋ-ਹਵਾਸ ਤੋਂ
ਕੰਮ ਲੈ ।
ਐਵੇਂ ਗੁਮਰਾਹ ਨਾ ਹੋ ।
ਤੇਰੀ ਜ਼ਿੰਦਗੀ ਦੀ
ਸਫ਼ਲਤਾ
ਗੁਰਾਂ ਦੇ ਉਪਦੇਸ਼
ਨਾਲ ਹੀ ਹੋਣੀ ਹੈ ।
ਕਿਉਂਕਿ—
ਜ਼ੀਵਨ ਵੀ ਇਕ
ਖੇਡ ਹੈ ।
ਜੋ ਗੁਰਮਤਿ ਦੀ
ਮਰਿਆਦਾ
ਨਾਲ ਖੇਡੀ
ਜਾਂਦੀ ਹੈ ।

ਸਿਆਣਿਆ ਦਾ
ਕਥਨ ਹੈ :
ਗੁਰੂ ਬਿਨਾਂ
ਗਤ ਨਹੀਂ
ਤੇ ਸ਼ਾਹ
ਬਿਨਾਂ
ਪੱਤ ਨਹੀਂ,
ਇਹ ਲਕੋਕਤੀ
ਇਸ ਗੱਲ ਦੀ
ਪੁਸ਼ਟੀ ਕਰਦੀ ਹੈ ।

ਕਿ ਜੀਵਨ ਦੀ
ਸਫਲਤਾ ਦਾ
ਰਾਜ਼—
ਕੇਵਲ ਤੇ ਕੇਵਲ
ਗੁਰੂ ਦੀ ਮਤਿ
ਵਿਚ ਹੀ ਅਭੇਦ ਹੈ ।
ਐਵੇਂ ਅਵੇਸਲਾ
ਤੇ ਘੇਸਲਾ
ਨਾਂ ਬਣ ।

ਇਹ ਜੀਵਨ
ਫਿਰ ਮਿਲਨਾ ਨਹੀਂ
ਨਾ ਹੀ
ਛੇਤੂੰ
ਫਿਰ ਇਹ
ਸਿਕਦਾਰੀ ਮਿਲਨੀ ਹੈ ।
ਇਸ ਲਈ
ਆਪਣੇ ਅੰਦਰ ਤੇ ਬਾਹਰ
ਵਿਚ ਏਕਤਾ ਪੈਦਾ ਕਰ ।

ਕਿਉਂਕਿ ?
ਇਹ ਜੀਵਨ
ਹੀ ਐਸਾ ਹੈ
ਜੋ ਸਾਰੀ
ਕਾਇਨਾਤ ਦੀ
ਸੇਵਾ ਕਰ ਸਕਦਾ
ਹੈ ।
ਇਸ ਲਈ
ਨੇਕ ਕਿਰਤ ਕਰ
ਤੇ—
ਵੰਡ ਕੇ ਛੱਕ
ਸੇਵਾ ਸਿਮਰਨ
ਕਰ ਤੇ—
ਸਰਬਤ ਦੇ
ਭਲੇ ਦੀ
ਕਾਮਨਾ ਕਰ ।
ਫਿਰ ਨਾਮ ਵੀ
ਤੇਰੇ ਅੰਦਰ
ਚੜ੍ਹਦੀ ਕਲਾ ਵਿਚ
ਉਸਰੇਗਾ
ਤੇ ਤੂੰ ਜੀਵਤ
ਹੀ ਗੁਰਉਪਦੇਸ਼
ਨਾਲ ਮੁਕਤ
ਹੋ ਜਾਏਂਗਾ ।



Sri Satguru Jagjit Singh Ji eLibrary NamdhariElibrary@gmail.com

# ਦੋ ਗੀਤ

—ਗੁਰਦਿਆਲ ਰੌਸ਼ਨ—

## ਮੇਰਾ ਦਿਲ

ਐਨੀ ਹੋਈ ਇਹਦੇ ਨਾਲ,
ਨਹੀਂ ਮਿਲਦੀ ਮਿਸਾਲ,
ਮੇਰਾ ਦਿਲ ਹੈ ਜੋ ਅਜੇ ਤੀਕ ਹਾਰਿਆ ਨਹੀਂ,
ਕਿਹੜਾ ਦੁੱਖ ਹੈ ਜੋ ਅਸਾਂ ਨੇ ਸਹਾਰਿਆ ਨਹੀਂ ?

ਅਸੀਂ ਜ਼ਿੰਦਗੀ ਦੇ ਨ੍ਹੇਰੇ ਵਿਚ ਗਏ ਜਦੋਂ ਗੁੰਮ,
ਕਈਆਂ ਓਪਰੇ ਦਿਲੋਂ ਸੀ ਸਾਡੇ ਹੋਂਠ ਲਏ ਚੁੰਮ,
ਸਾਨੂੰ ਨਾਮ ਲੈ ਕੇ ਕਿਸੇ ਨੇ ਪੁਕਾਰਿਆ ਨਹੀਂ,
ਕਿਹੜਾ.........

ਕਈਆਂ ਫੇਰ ਲਿਆ ਮੁੱਖ ਸਾਥੋਂ ਹਾਂ ਕਰਕੇ,
ਦੂਰ ਤੁਰ ਗਏ ਉਹ ਜਿੰਦ ਸਾਡੇ ਨਾਂ ਕਰਕੇ,
ਸਾਨੂੰ ਕਿਸੇ ਵੀ ਰੱਜ ਕੇ ਪਿਆਰਿਆ ਨਹੀਂ,
ਕਿਹੜਾ.........

ਬੇਈਮਾਨ ਤੇ ਫ਼ਰੇਬੀ ਹਮਰਾਜ਼ ਨਿਕਲੇ,
ਜਿਹੜੇ ਯਾਰ ਮਿਲੇ ਸਾਨੂੰ ਧੋਖੇਬਾਜ਼ ਨਿਕਲੇ,
ਅਸੀਂ ਫੇਰ ਵੀ ਉਨ੍ਹਾਂ ਨੂੰ ਫਿਟਕਾਰਿਆ ਨਹੀਂ,
ਕਿਹੜਾ.........

ਦਈਏ 'ਰੌਸ਼ਨ' ਉਲਾਂਭਾ ਕਿਹਨੂੰ ਦੁੱਖ ਦੱਸੀਏ,
ਖਾ ਕੇ ਜ਼ਖ਼ਮ ਹਜ਼ਾਰਾਂ ਹਰ ਰੋਜ਼ ਹੱਸੀਏ,
ਭਾਵੇਂ ਕੋਈ ਪਲ ਸੁੱਖ ਦਾ ਗੁਜ਼ਾਰਿਆ ਨਹੀਂ,
ਕਿਹੜਾ.........!

## ਦਿਲਾ ਝੱਲਿਆ

ਹੱਸ ਹੱਸ ਦੁੱਖ ਤੂੰ ਸਹਾਰ ਦਿਲਾ ਝੱਲਿਆ !
ਜ਼ਿੰਦਗੀ ਹੈ ਰਹਿੰਦੀ ਦਿਨ ਚਾਰ ਦਿਲਾ ਝੱਲਿਆ !!

ਹੋਇਆ ਕੀ ਜੇ ਪੂਰੀ ਹੋਈ ਤੇਰੀ ਕੋਈ ਆਸ ਨਾ,
ਹਰ ਵੇਲੇ ਰਿਹਾ ਕਰ ਇੰਝ ਤੂੰ ਉਦਾਸ ਨਾ,
ਪਲ ਪਲ ਰੋ ਕੇ ਨਾ ਗੁਜ਼ਾਰ ਦਿਲਾ ਝੱਲਿਆ !
ਜ਼ਿੰਦਗੀ......

ਦੁਨੀਆ 'ਚ ਦੁੱਖ ਕੋਈ ਕਿਸੇ ਦਾ ਵੰਡਾਉਂਦਾ ਨਹੀਂ,
ਡਿੱਗਿਆਂ ਨੂੰ ਏਥੇ ਕੋਈ ਹਿਕ ਨਾਲ ਲਾਉਂਦਾ ਨਹੀਂ;
ਆਪਣਾ ਉਠਾ ਤੂੰ ਆਪੇ ਭਾਰ ਦਿਲਾ ਝੱਲਿਆ !
ਜ਼ਿੰਦਗੀ......

ਪਹਿਲਾਂ ਹੀ ਤੂੰ ਉੱਚੀਆਂ ਉਡਾਰੀਆਂ ਨਾ ਭਰਦਾ,
ਡੁਬਦਾ ਕਿਉਂ ਜਾਨੇ ਹੁਣ ਜਾਨੇ ਕਿਉਂ ਮਰਦਾ,
ਕਿਉਂ ਤੈਨੂੰ ਚੈਨ ਨਾ ਕਰਾਰ ਦਿਲਾ ਝੱਲਿਆ !
ਜ਼ਿੰਦਗੀ......

'ਰੌਸ਼ਨ' ਇਹ ਪੈਣੀ ਹਰ ਹਾਲ 'ਚ ਬਿਤਾਉਣੀ ਹੈ,
ਜ਼ਿੰਦਗੀ ਇਹ ਤੇਰੀ ਚੰਦ ਰੋਜ਼ ਦੀ ਪ੍ਰਾਹੁਣੀ ਹੈ,
ਸਭਨਾਂ ਦੇ ਨਾਲ ਕਰ ਪਿਆਰ ਦਿਲਾ ਝੱਲਿਆ !
ਜ਼ਿੰਦਗੀ......



Sri Satguru Jagjit Singh Ji eLibrary NamdhariElibrary@gmail.com

# ਪੰਜਾਬੀ ਸਾਹਿਤ : ਪਾਠਕ ਥੁੜ ਅਤੇ ਪ੍ਰਕਾਸ਼ਨ ਦੀਆਂ ਸਮੱਸਿਆਵਾਂ

—ਗੁਰਬਚਨ ਸਿਘ ਭੁੱਲਰ

ਇਸ ਪਰਚੇ ਰਾਹੀਂ ਕੇਂਦਰੀ ਪੰਜਾਬੀ ਲੇਖਕ ਸਭਾ ਵਲੋਂ ਮੈਨੂੰ ਜਿਨ੍ਹਾਂ ਸਮੱਸਿਆਵਾਂ ਬਾਰੇ ਵਿਚਾਰ ਪੇਸ਼ ਕਰਨ ਲਈ ਕਿਹਾ ਗਿਆ ਹੈ, ਉਹਨਾਂ ਵੱਲ ਆਉਣ ਤੋਂ ਪਹਿਲਾਂ ਮੈਂ ਉਸ ਮੂਲ ਸਮੱਸਿਆ ਵੱਲ ਸੰਕੇਤ ਕਰਨਾ ਜ਼ਰੂਰੀ ਸਮਝਦਾ ਹਾਂ ਜਿਸ ਵਿਚੋਂ ਇਹਨਾਂ ਸਮੇਤ ਪੰਜਾਬੀ ਸਾਹਿਤ ਦੀਆਂ ਅਤੇ ਇਸੇ ਪ੍ਰਕਾਰ ਪੰਜਾਬੀ ਭਾਸ਼ਾ ਤੇ ਸਭਿਆਚਾਰ ਦੀਆਂ ਸਮੱਸਿਆਵਾਂ ਪੈਦਾ ਹੁੰਦੀਆਂ ਹਨ। ਉਹ ਮੂਲ ਸਮੱਸਿਆ ਹੈ, ਅੱਜ ਵੀ, ਜਦੋਂ ਦੇਸ਼ ਆਜ਼ਾਦੀ ਦੀ ਅੱਧੀ ਸਦੀ ਮਨਾ ਰਿਹਾ ਹੈ, ਪੰਜਾਬੀ ਨੂੰ ਰਾਜ-ਕਾਜ ਵਿਚ ਅਤੇ ਅਕਾਦਮਿਕ ਖੇਤਰ ਵਿਚ ਉਹ ਸਥਾਨ ਪ੍ਰਾਪਤ ਨਾ ਹੋਣਾ ਜੋ ਬਹੁਤ ਸਮਾਂ ਪਹਿਲਾਂ ਪ੍ਰਾਪਤ ਹੋ ਜਾਣਾ ਚਾਹੀਦਾ ਸੀ।

ਪੰਜਾਬੀ ਨੂੰ ਇਕ ਮਾਰ ਤਾਂ ਉਹ ਪੈਂਦੀ ਹੈ ਜੋ ਹੋਰ ਭਾਰਤੀ ਭਾਸ਼ਾਵਾਂ ਨੂੰ ਵੀ ਪੈ ਰਹੀ ਹੈ, ਭਾਵ ਅੰਗਰੇਜ਼ੀ ਹੱਥੋਂ ਮਾਰ। ਜਦੋਂ ਤੱਕ ਸਾਡੀਆਂ ਭਾਸ਼ਾਵਾਂ ਉੱਚੀ ਤਕਨੀਕੀ ਅਤੇ ਕਿੱਤਾਵਾਰ ਸਿੱਖਿਆ ਦੇਣ ਦੇ ਯੋਗ ਨਹੀਂ ਹੋ ਜਾਂਦੀਆਂ (ਜਿਹੜੀ ਗੱਲ ਵਾਪਰਨ ਦੇ ਕੋਈ ਆਸਾਰ ਦਿਖਾਈ ਨਹੀਂ ਦਿੰਦੇ), ਕੋਈ ਵੀ ਹੋਸ਼ਮੰਦ ਆਦਮੀ ਇਸ ਖੇਤਰ ਵਿਚ ਅੰਗਰੇਜ਼ੀ ਦੀ ਲਾਭਦਾਇਕ ਭੂਮਿਕਾ ਤੋਂ ਇਨਕਾਰੀ ਨਹੀਂ ਹੋ ਸਕਦਾ। ਪਰ ਚਿੰਤਾ ਉਦੋਂ ਪੈਦਾ ਹੁੰਦੀ ਹੈ ਜਦੋਂ ਅੰਗਰੇਜ਼ੀ ਨੂੰ ਮੁਢਲੀ ਵਿਦਿਆ ਦਾ ਅਤੇ ਓਪਰੇ ਸਭਿਆਚਾਰ ਦੀ ਸਥਾਨ-ਹਥਿਆਈ ਦਾ ਮੌਕਾ ਅਤੇ ਅਧਿਕਾਰ ਦਿੱਤਾ ਜਾਂਦਾ ਹੈ। ਪੰਜਾਬੀ ਨੂੰ ਪਈ ਦੂਜੀ ਮਾਰ ਦੀ ਮਿਸਾਲ ਤਾਂ ਕਿਸੇ ਹੋਰ ਦੇਸ-ਕਾਲ ਵਿਚ ਨਹੀਂ ਮਿਲਦੀ। ਓਹ ਹੈ ਇਸ ਨੂੰ ਬੋਲਣ ਵਾਲਿਆਂ ਦੇ ਇਕ ਵੱਡੇ ਹਿੱਸੇ ਦੀ ਇਹਤੋਂ ਬੇਮੁਖਤਾ। ਪਰ ਇਹ ਦੇਖ ਕੇ ਤਸੱਲੀ ਹੁੰਦੀ ਹੈ ਕਿ ਇਕ ਸਮੇਂ ਰਾਜਨੀਤੀ ਦੀ ਪੁੱਠੀ ਚਾਲ ਵਿਚ ਆਏ ਇਹਨਾਂ ਭੁੱਲੜ ਲੋਕਾਂ ਦੀ ਸੋਚ ਵਿਚ ਮਾਤ ਭਾਸ਼ਾ ਵੱਲ ਪਰਤਣ ਦਾ ਸੁਖਾਵਾਂ ਅਮਲ ਸ਼ੁਰੂ ਹੋ ਗਿਆ ਹੈ।

ਪੰਜਾਬ ਦੇ ਵਰਤਮਾਨ ਸੱਤਾਧਾਰੀਆਂ ਤੋਂ ਪੰਜਾਬੀ ਦਾ ਰੋਜ ਜਤਾ ਕੇ ਸੱਤਾ ਵਿਚ ਆਏ ਹੋਣ ਕਾਰਨ, ਆਸ ਤਾਂ ਇਹ ਕੀਤੀ ਜਾਂਦੀ ਸੀ ਕਿ ਉਹ ਪੰਜਾਬੀ ਦੀ ਭਾਸ਼ਾਈ-ਸਭਿਆਚਾਰਕ ਭੂਮਿਕਾ ਤੇ ਪ੍ਰਮੁੱਖਤਾ ਨੂੰ ਵੀ ਪੱਕੀ ਕਰਨਗੇ ਅਤੇ ਬੇਮੁਖ ਪੰਜਾਬੀਆਂ ਦੀ ਭਾਸ਼ਾ-ਵਾਪਸੀ ਦੇ ਅਮਲ ਵਿਚ ਵੀ ਤੇਜ਼ੀ ਲਿਆਉਣਗੇ, ਪਰ ਸਿਤਮ ਦੇਖੋ ਕਿ ਉਹਨਾਂ ਨੇ ਪੰਜਾਬੀ ਨੂੰ ਅਜਿਹੀ ਸੱਟ ਮਾਰਨ ਵਾ ਪੁੱਠਾ ਰਾਹ ਫੜ ਲਿਆ ਹੈ ਜਿਸ ਦੀ ਕਿਸੇ ਨੇ, ਪੰਜਾਬੀ-ਵਿਰੋਧੀਆਂ ਨੇ ਵੀ, ਕਲਪਨਾ ਤੱਕ ਨਹੀਂ ਸੀ ਕੀਤੀ ਅਤੇ ਜਿਸ ਦੇ ਦੂਰ-ਪ੍ਰਭਾਵ ਤੋਂ ਪੰਜਾਬੀ ਦਾ ਬਚ ਨਿਕਲਣਾ ਅਸੰਭਵ ਹੋਵੇਗਾ। ਹੁਣ ਪੰਜਾਬ ਦੇ ਉਹਨਾਂ ਵਸਨੀਕਾ ਵਿਚ, ਜੋ ਉਪਰੋਕਤ ਦੋਵਾਂ ਖਾਨਿਆਂ ਵਿਚ ਨਹੀਂ ਆਉਂਦੇ ਅਤੇ ਜਿਨ੍ਹਾਂ ਦਾ ਪੰਜਾਬੀ ਨਾਲ ਨਾਤਾ ਆਪਣੇ ਕੁਦਰਤੀ ਰੂਪ ਵਿਚ ਪੀਡਾ ਬਣਿਆ ਹੋਇਆ ਹੈ, ਪਹਿਲੀ ਜਮਾਤ ਤੋਂ ਅੰਗਰੇਜ਼ੀ ਦੇ ਵਿਸ਼ੇ ਰਾਹੀਂ ਵਿਦਿਆਰਥੀਆਂ ਦੇ ਅਦੁੱਤੀ ਵਿਕਾਸ ਦਾ ਮਿਰਗ-ਜਲ ਦਿਖਾ ਕੇ ਪੰਜਾਬੀ ਲਈ ਹੀਣਤਾ ਜਗਾਉਣ ਦਾ ਬਾਨਣੂ ਬੰਨ੍ਹਿਆ ਜਾ ਰਿਹਾ ਹੈ।

ਇਸ ਸਥਿਤੀ ਨੂੰ ਪਾਠਕ-ਥੁੜ ਅਤੇ ਪ੍ਰਕਾਸ਼ਨ ਦੀਆਂ ਸਮੱਸਿਆਵਾਂ ਸਮੇਤ ਪੰਜਾਬੀ ਸਾਹਿਤ, ਭਾਸ਼ਾ ਅਤੇ ਸਭਿਆਚਾਰ ਦੀ ਕਿਸੇ ਵੀ ਸਮੱਸਿਆ ਬਾਰੇ ਵਿਚਾਰ-ਚਰਚਾ ਕਰਨ ਸਮੇਂ ਮਨ ਵਿਚ ਰੱਖਣਾ ਜ਼ਰੂਰੀ ਹੈ।

ਅਸਲ ਵਿਚ ਤਾਂ ਪਾਠਕਾਂ ਦੀ ਥੁੜ ਅਤੇ ਪ੍ਰਕਾਸ਼ਨ ਦੀ ਕਠਿਨਾਈ ਇਕੋ ਸਮੱਸਿਆ ਦੇ ਦੋ ਰੂਪ ਹਨ। ਲੇਖਕ ਨੂੰ ਪੁਸਤਕ ਦੇ ਪ੍ਰਕਾਸ਼ਨ ਸੰਬੰਧੀ ਆਉਂਦੀਆਂ ਔਖਿਆਈਆਂ ਸਿੱਧੇ ਰੂਪ ਵਿਚ ਵਿਕਰੀ ਦੀ ਘਾਟ ਕਾਰਨ ਹਨ। ਭਾਵੇਂ ਅਸੀਂ ਲੇਖਕ ਆਮ ਕਰਕੇ ਪ੍ਰਕਾਸ਼ਕ ਨੂੰ ਦੋਸ਼ੀ ਠਹਿਰਾਉਂਦੇ ਹਾਂ—ਤੇ ਪ੍ਰਕਾਸ਼ਕਾਂ ਦਾ ਪੱਖ-ਪੂਰਕ ਬਣਨ ਦੀ ਮੇਰੀ ਇਥੇ ਉੱਕਾ ਹੀ ਕੋਈ ਇੱਛਾ ਨਹੀਂ—ਤਾਂ ਵੀ ਇਹ ਗੱਲ ਅੱਖੋਂ ਓਹਲੇ ਨਹੀਂ ਕਰਨੀ ਚਾਹੀਦੀ ਕਿ ਪ੍ਰਕਾਸ਼ਕ ਦੁਕਾਨਦਾਰ ਹੈ। ਜੇ ਦੁਕਾਨਦਾਰ ਦਾ ਕੋਈ ਮਾਲ ਵਿਕੇਗਾ ਅਤੇ ਉਸ ਵਿਚ ਉਹਨੂੰ ਦੋ ਪੈਸੇ ਦੀ ਖੱਟੀ ਹੋਵੇਗੀ, ਉਸ ਮਾਲ ਤੋਂ ਕਤਰਾਉਣਾ ਤਾਂ ਕਿਤੇ ਰਿਹਾ, ਸਗੋਂ ਉਹਦੀ ਪ੍ਰਾਪਤੀ ਲਈ ਉਹ ਵੀਹ ਜਤਨ ਕਰੇਗਾ।

ਇਸ ਗੱਲ ਦੀ ਪੁਸ਼ਟੀ ਲਈ ਕਿਤੇ ਦੂਰ ਜਾਣ ਦੀ ਲੋੜ ਨਹੀਂ। ਜਿਨ੍ਹਾਂ ਪੰਜਾਬੀ ਲੇਖਕਾਂ ਨੇ ਤਤਕਾਲੀ ਸਮਾਜਕ-ਰਾਜਨੀਤਕ ਜਾਂ ਧਾਰਮਿਕ ਜਾਂ ਦੋਵਾਂ ਕਿਸਮਾਂ ਦੀ ਸਥਿਤੀ ਦੀ



Sri Satguru Jagjit Singh Ji eLibrary NamdhariElibrary@gmail.com

ਪੇਸ਼ਕਾਰੀ ਨਾਲ ਜਾਂ ਰੁਮਾਂਚਿਕ-ਕਾਮੁਕਜੁਗਤ ਨਾਲ ਆਪਣਾ ਇਕ ਵਿਸ਼ੇਸ਼ ਖਰੀਦਾਰ ਪਾਠਕ-ਵਰਗ ਪੈਦਾ ਕਰ ਲਿਆ ਹੈ, ਪ੍ਰਕਾਸ਼ਕ ਉਹਨਾਂ ਤੋਂ ਨਵਾਂ ਖਰੜਾ ਲੈਣ ਲਈ ਆਪ ਪਹੁੰਚ ਕਰਦੇ ਹਨ। ਜੇ ਕਿਸੇ ਵੀ ਲੇਖਕ ਦੀ ਪੁਸਤਕ ਏਨੀ ਵਿਕਣ ਦੀ ਸੰਭਾਵਨਾ ਹੋਵੇ ਕਿ ਉਹ ਲਾਗਤ ਮੋੜ ਕੇ ਕੁਝ ਬੱਚਤ ਦੇ ਸਕੇ, ਪ੍ਰਕਾਸ਼ਕ ਨਾਂ ਦੇ ਦੁਕਾਨਦਾਰ ਨੂੰ ਉਹਦੇ ਪ੍ਰਕਾਸ਼ਨ ਤੋਂ ਕੋਈ ਇਨਕਾਰ ਨਹੀਂ ਹੋਵੇਗਾ।

ਅੱਜ ਵੀ ਗਿਣਤੀ ਦੇ ਲੇਖਕਾਂ ਦੀਆਂ, ਖਾਸ ਕਰਕੇ ਨਾਵਲਕਾਰਾਂ ਦੀਆਂ ਰਚਨਾਵਾਂ ਦੇ ਕਈ-ਕਈ ਐਡੀਸ਼ਨਾਂ ਦਾ ਛਪਣਾ ਅਤੇ ਵਿਕਣਾ ਅਪਵਾਦ ਹੈ। ਸਮੂਹਿਕ ਸੱਚ ਇਹ ਹੈ ਕਿ ਆਮ ਪੁਸਤਕਾਂ ਦੀ ਛਪਣ-ਗਿਣਤੀ ਕੁਝ ਸਾਲ ਪਹਿਲਾਂ ਦੀ ਇਕ ਹਜ਼ਾਰ ਤੋਂ ਹੇਠਾਂ ਵੱਲ ਤਿਲ੍ਹਕਦੀ ਹੋਈ ਚਾਰ-ਪੰਜ ਸੌ ਤੱਕ ਪਹੁੰਚ ਗਈ ਹੈ। ਬਹੁਤੀਆਂ ਸੂਰਤਾਂ ਵਿਚ ਇਹ ਪੁਸਤਕਾਂ ਲੇਖਕ ਵੱਲੋਂ ਪ੍ਰਕਾਸ਼ਕ ਨੂੰ ਪੈਸੇ ਦਿੱਤੇ ਜਾਣ ਦੀ ਹਾਲਤ ਵਿਚ ਹੀ ਛਾਪੀਆਂ ਜਾਂਦੀਆਂ ਹਨ। ਕੁਝ ਪ੍ਰਕਾਸ਼ਕਾਂ ਨੇ ਤਾਂ ਬੜਾ ਸੌਖਾ ਰਾਹ ਲੱਭ ਲਿਆ ਹੈ। ਉਹ ਤਿੰਨ-ਚਾਰ ਸੌ ਪੁਸਤਕ ਇਸ ਹਿਸਾਬ ਨਾਲ ਛਾਪਦੇ ਹਨ ਕਿ ਲੇਖਕ ਨੂੰ ਉਹਦੇ ਪੈਸਿਆਂ ਦੀਆਂ ਬਣੀਆਂ ਕਾਪੀਆਂ ਦੇ ਕੇ ਬਾਕੀ ਸੌਖੀਆਂ ਹੀ ਲਾਇਬਰੇਰੀਆਂ ਦੀਆਂ ਅਲਮਾਰੀਆਂ ਵਿਚ ਸਜ ਜਾਣ ਅਤੇ ਉਹ ਇਹਤੋਂ ਵਿਹਲੇ ਹੋ ਜਾਣ। ਇੰਜ ਪ੍ਰਕਾਸ਼ਕਾਂ ਨੇ ਆਪਣੀ ਲਾਗਤ ਮੁੜਵਾਉਣ ਅਤੇ ਕੁਝ ਨਾ ਕੁਝ ਕਮਾਈ ਕਰ ਲੈਣ ਦਾ ਚਤੁਰ ਰਾਹ ਕੱਢ ਕੇ ਵਿਕਰੀ ਦੀ ਘਾਟ ਦਾ ਨੁਕਸਾਨ ਲੇਖਕ ਦੇ ਸਿਰ ਪਾ ਦਿੱਤਾ ਹੈ। ਇਸੇ ਅਮਲ ਦਾ ਇਕ ਹੋਰ ਪੱਖ ਪੁਸਤਕਾਂ ਦੀਆਂ ਹਰ ਵਾਜਬਤਾ ਨੂੰ ਉਲੰਘਦੀਆਂ ਉੱਚੀਆਂ ਕੀਮਤਾਂ ਹਨ। ਪ੍ਰਕਾਸ਼ਕ ਚਾਹੁੰਦੇ ਹਨ ਕਿ ਵਿਕਰੀ ਦੀ ਘਾਟ ਨੂੰ ਪ੍ਰਤੀ ਪੁਸਤਕ ਵੱਡੇ ਲਾਭ ਨਾਲ ਪੂਰਾ ਕਰ ਲਿਆ ਜਾਵੇ।

ਲੇਖਕ ਵੱਲੋਂ ਪ੍ਰਕਾਸ਼ਕ ਨੂੰ ਪੈਸੇ ਦਿੱਤੇ ਜਾਣ ਦੀ ਸਮੱਸਿਆ ਬਹੁਤ ਗੰਭੀਰ ਹੋ ਗਈ ਹੈ। ਇਸ ਰੀਤ ਦਾ ਮੁੱਢ ਤਾਂ ਉਹਨਾਂ ਪਰਵਾਸੀ ਲੇਖਕਾਂ ਨੇ ਬੰਨ੍ਹਿਆ ਜਿਨ੍ਹਾਂ ਨੂੰ ਆਪਣੀ ਰਚਨਾ ਦੀ ਸਾਹਿਤਕਤਾ ਉਤੇ ਤਾਂ ਭਰੋਸਾ ਨਹੀਂ ਸੀ, ਪਰ ਆਪਣੀਆਂ ਜੇਬਾਂ ਦੇ ਭਾਰ ਉਤੇ ਜ਼ਰੂਰ ਭਰੋਸਾ ਸੀ। ਹੌਲੀ-ਹੌਲੀ ਇਹ ਰੋਗ ਛੂਤ ਦਾ ਰੂਪ ਧਾਰਨ ਕਰ ਗਿਆ। ਹੁਣ ਹਾਲਤ ਇਹ ਹੋ ਗਈ ਹੈ ਕਿ ਬਹੁਤੇ ਲੇਖਕ ਪੈਸੇ ਦੇਣ ਨੂੰ ਕੋਈ ਹੇਠੀ ਵਾਲੀ ਗੱਲ ਨਹੀਂ ਸਮਝਦੇ। ਉਸ ਪ੍ਰਕਾਸ਼ਕ ਨੂੰ ਈਮਾਨਦਾਰ ਸਮਝਿਆ ਜਾਂਦਾ ਹੈ ਜੋ ਲੇਖਕ ਦੇ ਪੈਸੇ ਪੁਸਤਕਾਂ ਦੇ ਗੱਠੜ ਦੇ ਰੂਪ ਵਿਚ ਮੋੜ ਦਿੰਦਾ ਹੈ। ਬੇਈਮਾਨ ਉਹਨੂੰ ਕਿਹਾ ਜਾਂਦਾ ਹੈ ਜੋ ਸਭ ਕੁਝ ਹੜੱਪ ਕਰ ਜਾਂਦਾ ਹੈ। ਅਜਿਹੇ ਪ੍ਰਕਾਸ਼ਕ "ਜੇ ਮੈਂ ਨਾ ਜੰਮਦੀ, ਤੂੰ ਵਿਆਹ ਕੀਹਦੇ ਨਾਲ ਕਰਵਾਉਂਦਾ!' ਕਹਿਣ ਵਾਲੀ ਪਤਨੀ ਵਾਂਗ ਆਖਦੇ ਹਨ ਕਿ ਜੇ ਅਸੀਂ ਨਾ ਹੋਈਏ, ਲੇਖਕ ਲਿਖ ਕੇ ਕੀ ਕਰਨ!

ਸਰੋਤਿਆਂ ਨੇ ਦੇਖਿਆ ਹੋਵੇਗਾ ਕਿ ਉਪਰੋਕਤ ਪੰਨਿਆਂ ਵਿਚ ਕਈ ਵਾਰ ਮੈਂ 'ਪਾਠਕਾਂ ਦੀ ਥੁੜ' ਸ਼ਬਦਾਂ ਦੇ ਨਾਲ-ਨਾਲ 'ਵਿਕਰੀ ਦੀ ਘਾਟ' ਸ਼ਬਦ ਵੀ ਵਰਤੇ ਹਨ। ਮੈਂ ਇਹ ਕਹਿਣਾ ਚਾਹਿਆ ਹੈ ਕਿ ਦੋਵੇਂ ਵੱਖ-ਵੱਖ ਗੱਲਾਂ ਹਨ। ਜੇ ਕਿਤਾਬਾਂ ਘੱਟ ਵਿਕਦੀਆਂ ਹਨ ਅਤੇ ਇਸ ਕਰਕੇ ਘੱਟ ਗਿਣਤੀ ਵਿਚ ਛਪਦੀਆਂ ਹਨ, ਤਾਂ ਇਹ ਇਸ ਗੱਲ ਦਾ ਸੂਚਕ ਨਹੀਂ ਕਿ ਪੰਜਾਬੀ ਵਿਚ ਪਾਠਕ ਵੀ ਉਨੇ ਹੀ ਘੱਟ ਹਨ। ਸੂਰਤ ਉਸ ਵਿਅਕਤੀ ਵਾਲੀ ਹੈ ਜੋ ਛੋਟੀ ਰੱਸੀ ਨਾਲ ਬੰਨ੍ਹਿਆ ਡੋਲ ਖੂਹ ਵਿਚੋਂ ਸੁੱਕਾ ਨਿਕਲਿਆ ਦੇਖ ਕੇ ਖੂਹ ਨੂੰ ਹੀ ਖਾਲੀ ਆਖ ਦਿੰਦਾ ਹੈ। ਖੂਹ ਵਿਚ ਪਾਣੀ ਹੈ, ਪਰ ਰੱਸੀ ਉਸ ਤੱਕ ਪਹੁੰਚਣ ਜਿੰਨੀ ਲੰਮੀ ਨਹੀਂ। ਪੰਜਾਬੀ ਵਿਚ ਪਾਠਕ ਤਾਂ, ਬਿਨਾਂ-ਸ਼ੱਕ, ਪੁਸਤਕਾਂ ਦੀ ਛਪਣ-ਗਿਣਤੀ ਤੋਂ ਵੱਧ ਹਨ, ਪਰ ਉਹਨਾਂ ਅਤੇ ਪੁਸਤਕਾਂ ਵਿਚਕਾਰ ਸੰਪਰਕ ਨਹੀਂ।

ਪ੍ਰਕਾਸ਼ਕ ਪੁਸਤਕਾਂ ਨਾ ਵਿਕਣ ਦਾ ਰੋਣਾ ਤਾਂ ਰੋਂਦੇ ਹਨ, ਪਰ ਉਹ ਰੱਸੀ ਨੂੰ ਲੰਮੀ ਕਰ ਕੇ ਡੋਲ ਨੂੰ ਪਾਣੀ ਤੱਕ ਪੁਚਾਉਣ ਦਾ ਕੋਈ ਜਤਨ ਨਹੀਂ ਕਰਦੇ। ਕੁਝ ਸਾਲ ਪਹਿਲਾਂ ਤੱਕ ਕੁਝ ਪ੍ਰਕਾਸ਼ਕਾਂ ਨੇ ਫਿਰਤੂ ਏਜੰਟ ਰੱਖੇ ਹੋਏ ਸਨ ਜੋ ਪੰਜਾਬ ਦੇ ਛੋਟੇ-ਵੱਡੇ ਸ਼ਹਿਰਾਂ ਅਤੇ ਕਸਬਿਆਂ ਵਿਚ ਪੁਸਤਕਾਂ ਪੁਜਦੀਆਂ ਕਰਦੇ ਸਨ। ਹੌਲੀ-ਹੌਲੀ ਇਹ ਪ੍ਰਬੰਧ ਖ਼ਤਮ ਹੋ ਗਿਆ। ਹੁਣ ਕਸਬਿਆਂ ਅਤੇ ਛੋਟੇ ਸ਼ਹਿਰਾਂ ਦੀ ਗੱਲ ਤਾਂ ਛੱਡੋ, ਪ੍ਰਕਾਸ਼ਕ ਵੱਡੇ ਸ਼ਹਿਰਾਂ ਦੇ ਪੁਸਤਕ-ਵਿਕਰੇਤਾਵਾਂ ਨੂੰ ਆਪਣੀਆਂ ਪੁਸਤਕਾਂ ਦੀ ਵਿਕਰੀ ਦਾ ਵਸੀਲਾ ਬਣਾਉਣ ਦਾ ਵੀ ਕੋਈ ਜਤਨ ਨਹੀਂ ਕਰਦੇ। ਪਿਛਲੇ ਸਾਲਾਂ ਵਿਚ ਸਾਹਿਤਕ ਪੁਸਤਕਾਂ ਦੇ ਦੁਕਾਨਦਾਰਾਂ ਦੀ ਗਿਣਤੀ ਬੁਰੀ ਤਰ੍ਹਾਂ ਘਟੀ ਹੈ ਅਤੇ ਅਜਿਹੇ ਦੁਕਾਨਦਾਰ ਕੇਵਲ ਪਾਠ-ਪੁਸਤਕਾਂ ਤੇ ਕਾਪੀਆਂ-ਪੈਨਸਲਾਂ ਵੇਚਣ ਤੱਕ ਸੀਮਤ ਹੋ ਗਏ ਹਨ। ਸਿੱਟੇ ਵਜੋਂ, ਜੋ ਪਾਠਕ ਸਾਹਿਤਕ ਪੁਸਤਕਾਂ ਖਰੀਦਣ ਦੇ ਚਾਹਵਾਨ ਵੀ ਹਨ, ਉਹਨਾਂ ਨੂੰ ਉਹ



Sri Satguru Jagjit Singh Ji eLibrary NamdhariElibrary@gmail.com

ਸੌਖੀਆਂ ਨਹੀਂ ਮਿਲਦੀਆਂ। ਭਾਰੀ ਡਾਕ-ਖਰਚ ਅਤੇ ਮਨੀ-ਆਰਡਰ ਜਾਂ ਵੀ.ਪੀ.ਪੀ ਦਾ ਝਮੇਲਾ ਸਾਧਾਰਨ ਪਾਠਕ ਲਈ ਦੂਰੋਂ ਪੁਸਤਕਾਂ ਮੰਗਵਾਉਣ ਦੇ ਰਾਹ ਵਿਚ ਮਾਨਸਿਕ ਰੁਕਾਵਟ ਬਣਦਾ ਹੈ। ਪੁਸਤਕ-ਮੇਲਿਆਂ ਵਿਚ ਜਾਂ ਪੁਸਤਕਾਂ ਦੀ ਸੌਖੀ ਪ੍ਰਾਪਤੀ ਦੇ ਹੋਰ ਮੌਕਿਆਂ ਉਤੇ, ਜਿਵੇਂ, ਉਦਾਹਰਣ ਵਜੋਂ, ਭਾ-ਜੀ ਗੁਰਸ਼ਰਨ ਸਿੰਘ ਦੀਆਂ ਨਾਟਕ-ਪੇਸ਼ਕਾਰੀਆਂ ਸਮੇਂ ਸਾਹਿਤਕ ਪੁਸਤਕਾਂ ਦਾ ਕਾਫ਼ੀ ਗਿਣਤੀ ਵਿਚ ਵਿਕਣਾ ਪਾਠਕਾਂ ਦੀ ਹੋਂਦ ਅਤੇ ਸਾਹਿਤਕ ਭੁੱਖ ਦਾ, ਭਾਵ ਖੂਹ ਵਿਚ ਪਾਣੀ ਹੋਣ ਦਾ ਤਕੜਾ ਸਬੂਤ ਹੈ।

ਕੁਝ ਮਿੱਤਰ ਪੰਜਾਬੀ ਅਖਬਾਰਾਂ ਦੀ ਛਪਣ-ਗਿਣਤੀ ਵਿਚ ਵੱਡੇ ਵਾਧੇ ਨੂੰ ਵੀ ਪਾਠਕਾਂ ਦੀ ਗਿਣਤੀ ਦੇ ਰੂਪ ਵਿਚ ਪੇਸ਼ ਕਰਦੇ ਹਨ। ਇਹ ਸੱਚ ਤਾਂ ਹੈ, ਪਰ ਪੂਰਾ ਸੱਚ ਨਹੀਂ। ਸਾਹਿਤਕ ਪਾਠਕ ਅਤੇ ਅਖ਼ਬਾਰੀ ਪਾਠਕ ਵਿਚ ਫ਼ਰਕ ਹੈ। ਕਈ ਕਾਰਨਾਂ ਕਰਕੇ ਪਿਛਲੇ ਸਾਲਾਂ ਵਿਚ ਵੱਡੇ ਪੈਮਾਨੇ ਉਤੇ ਹੋਇਆ ਆਮ ਲੋਕਾਂ ਦਾ ਰਾਜਨੀਤੀਕਰਨ ਅਖ਼ਬਾਰਾਂ ਦੀ ਵੱਡੀ ਛਪਣ-ਗਿਣਤੀ ਦਾ ਮੁਖ ਆਧਾਰ ਹੈ। ਅਖ਼ਬਾਰ ਦੀ ਇਕ ਆਪਣੀ ਹੀ ਖਿੱਚ ਸ਼ਕਤੀ ਹੁੰਦੀ ਹੈ ਜੋ ਆਦਤ ਅਤੇ ਬਹੁਤ ਸੂਰਤਾਂ ਵਿਚ ਤਾਂ ਚਸਕਾ ਬਣ ਜਾਂਦੀ ਹੈ। ਅਖ਼ਬਾਰਾਂ ਨੂੰ ਮੁੱਖ ਤੌਰ ਉਤੇ ਪਿਛਲੇ ਚੌਵੀ ਘੰਟਿਆਂ ਵਿਚ ਹੋਇਆ-ਬੀਤਿਆ ਜਾਣਨ ਵਾਸਤੇ ਖ਼ਬਰਾਂ ਪੜ੍ਹਨ ਲਈ ਖਰੀਦਿਆ ਜਾਂਦਾ ਹੈ। ਇਹ ਠੀਕ ਹੈ ਕਿ ਇਹਨਾਂ ਅਖ਼ਬਾਰਾਂ ਦੇ ਸਾਹਿਤਕ ਅਤੇ ਅਰਧ-ਸਾਹਿਤਕ ਪੰਨੇ ਪਾਠਕਾਂ ਦੇ ਇਕ ਹਿੱਸੇ ਦੀ ਦਿਲਚਸਪੀ ਜਗਾਉਂਦੇ ਹਨ, ਪਰ ਬਹੁਗਿਣਤੀ ਅਖ਼ਬਾਰੀ ਪਾਠਕ ਪਹਿਲ ਖ਼ਬਰਾਂ ਨੂੰ ਹੀ ਦਿੰਦੇ ਹਨ। ਤਾਂ ਵੀ ਇਹ ਰੁਝਾਨ ਹਾਂ-ਪੱਖੀ ਹੈ, ਕਿਉਂਕਿ ਖਬਰਾਂ ਪੜ੍ਹਨ ਪਿਛੋਂ, ਪੂਰਾ ਮੁੱਲ ਵਸੂਲਣ ਲਈ, ਇਹ ਪਾਠਕ ਸਾਹਿਤਕ ਰਚਨਾਵਾਂ ਵੀ ਪੜ੍ਹ ਲੈਂਦੇ ਹਨ। ਸੰਭਵ ਹੈ ਕਿ ਸਮੇਂ ਨਾਲ ਇਹਨਾਂ ਵਿਚੋਂ, ਸਾਹਿਤ-ਪਾਠ ਦੀ ਰੁਚੀ ਦੇ ਵਿਕਾਸ ਸਦਕਾ, ਕਾਫ਼ੀ ਸਾਰੇ ਸਾਹਿਤਕ ਪਾਠਕ ਨਿਕਲ ਆਉਣ।

ਇਕ ਨਵਾਂ ਵਰਤਾਰਾ ਸਾਹਿਤ ਦੀ ਰੁਚੀ ਰੱਖਣ ਵਾਲੇ ਬਹੁਤ ਸਾਰੇ ਪਾਠਕਾਂ ਦਾ ਸਾਹਿਤਕ ਪੁਸਤਕਾਂ ਸੰਬੰਧੀ ਭੰਬਲਭੂਸਾ ਹੈ। ਪਾਠਕਾਂ ਦੀ ਥੁੜ ਦੇ ਟਾਕਰੇ ਉਤੇ ਆਮ ਕਰਕੇ ਪੰਜਾਬੀ ਲੇਖਕਾਂ ਦੀ ਗਿਣਤੀ ਵਿਚ ਨਿਰੰਤਰ ਵਾਧੇ ਦਾ ਜ਼ਿਕਰ ਕੀਤਾ ਜਾਂਦਾ ਹੈ। ਇਹ ਗਿਣਤੀ, ਜੇ ਗੁਣਤਾ ਦਾ ਧਿਆਨ ਨਾ ਕਰੀਏ, ਸੱਚ-ਮੁੱਚ ਬਹੁਤ ਵੱਡੀ ਹੈ। ਹੁਣੇ ਜਿਹੇ ਮੈਂ ਪੰਜਾਬ ਸਾਹਿਤ ਅਕਾਦਮੀ, ਚੰਡੀਗੜ੍ਹ ਲਈ ਭਾਈ ਮੋਹਨ ਸਿੰਘ ਵੈਦ ਤੋਂ ਸ਼ੁਰੂ ਕਰ ਕੇ ਇਕ ਸੌ ਇਕ ਕਹਾਣੀ-ਕਾਰਾਂ ਦਾ 'ਪੰਜਾਬੀ ਕਹਾਣੀ ਕੋਸ਼' ਤਿਆਰ ਕਰਨ ਲਈ ਕੱਚੀ ਸੂਚੀ ਬਣਾਉਣ ਲਗਿਆ ਤਾਂ ਗਿਣਤੀ ਕਈ ਸੌ ਤੱਕ ਪੁੱਜ ਗਈ। ਪਿਛਲੇ ਦਿਨੀਂ ਮੇਰੇ ਮਿੱਤਰ ਕਹਾਣੀਕਾਰ-ਆਲੋਚਕ ਡਾ. ਬਲਦੇਵ ਸਿੰਘ ਧਾਲੀਵਾਲ ਨੇ ਦੱਸਿਆ ਕਿ ਉਸ ਵਲੋਂ ਤਿਆਰ ਕੀਤੇ ਜਾ ਰਹੇ 'ਪੰਜਾਬੀ ਕਹਾਣੀ ਸੰਦਰਭ ਕੋਸ਼' ਲਈ ਡੇਢ ਹਜ਼ਾਰ ਅਜਿਹੇ ਕਹਾਣੀਕਾਰਾਂ ਦੇ ਵੇਰਵੇ ਇਕੱਤਰ ਹੋ ਚੁੱਕੇ ਹਨ ਜਿਨ੍ਹਾਂ ਦੀਆਂ ਕਹਾਣੀਆਂ ਨੂੰ ਛਾਪੇ ਦਾ ਜਾਮਾ ਨਸੀਬ ਹੋ ਚੁਕਿਆ ਹੈ। ਤੇ ਇਹ ਸਥਿਤੀ ਇਕੱਲੀ ਪੰਜਾਬੀ ਕਹਾਣੀ ਦੀ ਹੀ ਨਹੀਂ, ਕਵਿਤਾ ਵਿਚ ਤਾਂ ਸ਼ਾਇਦ ਇਹਤੋਂ ਵੀ ਵੱਧ ਹੋਣ। ਤੇ ਫੇਰ ਹੋਰ ਵਿਧਾਵਾਂ ਵਿਚ ਲਿਖਣ ਵਾਲੇ ਲੇਖਕ ਵੀ ਹਨ। ਪਰ ਇਸ ਤੱਥ ਦਾ ਇਕ ਪੁੱਠਾ ਪਾਸਾ ਵੀ ਹੈ। ਕੁਝ ਸਾਲ ਪਹਿਲਾਂ ਤੱਕ ਕਿਸੇ-ਨਾ-ਕਿਸੇ ਹੱਦ ਤੱਕ ਸਾਹਿਤਕ ਕਦਰ ਵਾਲੀਆਂ ਪੁਸਤਕਾਂ ਦੇ ਟਾਕਰੇ ਉਤੇ ਮਿਆਰ ਤੋਂ ਨੀਵੀਆਂ ਪੁਸਤਕਾਂ ਦੀ ਗਿਣਤੀ ਬਹੁਤ ਘੱਟ ਹੁੰਦੀ ਸੀ। ਹੁਣ ਹਾਲਤ ਉਲਟੀ ਹੋ ਗਈ ਹੈ। ਪੜ੍ਹੇ-ਲਿਖੇ, ਕਈ ਵਾਰ ਤਾਂ ਅਧ-ਪੜ੍ਹੇ ਵੀ, ਆਪਣੀ ਪਛਾਣ ਬਣਾਉਣ ਦਾ ਸੌਖਾ ਰਾਹ ਸਾਹਿਤਕਾਰ ਬਣਨ ਦੇ ਰੂਪ ਵਿਚ ਦੇਖਦੇ ਹਨ। ਸ਼ਹਿਰ-ਸ਼ਹਿਰ ਪ੍ਰਾਪਤ ਕੰਪਿਊਟਰ ਸੇਵਾ ਨੇ ਅਤੇ ਤਨਖਾਹਾਂ ਦੇ ਰੂਪ ਵਿਚ ਮਾਇਕ ਪੱਖੋਂ ਖੁੱਲ੍ਹੇ ਹੱਥ ਨੇ ਪੁਸਤਕਾਂ ਦੀ ਛਪਾਈ ਸੌਖੀ ਬਣਾ ਦਿੱਤੀ ਹੈ। ਸਾਹਿਤ ਦੇ ਨਾਂ ਹੇਠ ਛਪੀਆਂ ਇਹ ਕੱਚ-ਘਰੜ ਲਿਖਤਾਂ ਪਾਠਕਾਂ ਦੀ ਨਜ਼ਰ ਵਿਚ ਸਾਹਿਤ ਦਾ ਮੁੱਲ ਡੇਗ ਰਹੀਆਂ ਹਨ ਅਤੇ ਇਸ ਤੂੜੀ ਵਿਚ ਖਰੇ ਸਾਹਿਤ ਦੇ ਦਾਣੇ ਗੁਆਚ ਕੇ ਰਹਿ ਜਾਂਦੇ ਹਨ। ਕਦੀ ਅਜਿਹੇ ਕੱਚੇ ਸਾਹਿਤ ਨੂੰ ਖਰੇ ਸਾਹਿਤ ਲਈ ਪੌਸ਼ਟਿਕ ਖਾਦ ਕਿਹਾ ਜਾਂਦਾ ਸੀ, ਹੁਣ ਇਹ ਖਾਦ ਏਨੀ ਹੋ ਗਈ ਹੈ ਕਿ ਇਹਦੀ ਭੜਾਸ ਬੀਆਂ ਨੂੰ ਸਾੜਨ ਲੱਗ ਪਈ ਹੈ। ਪਰ ਇਸ ਸਮੱਸਿਆ ਦਾ ਕੋਈ ਇਲਾਜ ਨਹੀਂ, ਕਿਉਂਕਿ 'ਸਾਹਿਤਕਾਰ ਬਣਨ ਦਾ ਜਮਹੂਰੀ ਹੱਕ' ਕਿਸੇ ਤੋਂ ਕਿਵੇਂ ਖੋਹਿਆ ਜਾ ਸਕਦਾ ਹੈ।

ਜਿਥੇ ਮਿਆਰੋਂ ਨੀਵੀਆਂ ਲਿਖਤਾਂ ਪਾਠਕ ਨੂੰ ਕੁਝ ਦੇਣੋਂ ਅਸਮਰੱਥ ਹੁੰਦੀਆਂ ਹਨ, ਉਥੇ ਅਨੇਕ ਸਾਹਿਤਕ ਪੁਸਤਕਾਂ ਅਤੇ ਉਹਨਾਂ ਦੇ ਕੁਝ ਪਾਠਕਾਂ ਵਿਚਕਾਰ ਸੰਚਾਰ ਦੇ ਪਾੜੇ ਦੀ ਸਮੱਸਿਆ ਸਾਹਮਣੇ ਆਉਂਦੀ ਹੈ। ਪਰ ਇਹ ਤੱਥ ਭੁੱਲਣਾ ਨਹੀਂ ਚਾਹੀਦਾ ਕਿ ਲਿੱਪੀ ਉਠਾਲ ਸਕਣ ਦੇ



Sri Satguru Jagjit Singh Ji eLibrary NamdhariElibrary@gmail.com

ਜੋਗ ਹਰ ਵਿਅਕਤੀ ਸਾਹਿਤਕ ਪਾਠਕ ਨਹੀਂ ਹੋ ਸਕਦਾ। ਇਹਦੇ ਲਈ ਸਾਹਿਤ ਨੂੰ ਕਿਸੇ ਹੱਦ ਤੱਕ ਅਰਥਾਉਣ ਵਾਲੀ ਸਮਝ ਦਾ ਅਤੇ ਸਾਹਿਤ ਨੂੰ ਮਾਣਨ-ਸਲਾਹੁਣ ਦੀ ਸੂਖਮਤਾ ਦਾ ਹੋਣਾ ਜ਼ਰੂਰੀ ਹੈ। ਸਾਹਿਤ ਨੂੰ ਸਾਧਾਰਨ ਬੁੱਧੀ ਵਾਲੇ ਪਾਠਕ ਤੱਕ ਨੀਵਾਂ ਨਹੀਂ ਕੀਤਾ ਜਾ ਸਕਦਾ।

ਟੀ.ਵੀ. ਨੂੰ ਵੀ ਪਾਠਕਾਂ ਦੀ ਥੁੜ ਦਾ ਇਕ ਕਾਰਨ ਕਿਹਾ ਜਾਂਦਾ ਹੈ। ਪਰ ਇਹ ਦਲੀਲ ਸਤਹੀ ਹੈ, ਡੂੰਘੀ ਨਹੀਂ। ਟੀ.ਵੀ. ਤਾਂ ਦੁਨੀਆਂ-ਭਰ ਵਿਚ ਪ੍ਰਗਟਾਏ ਗਏ ਡਰ ਦੇ ਉਲਟ ਆਪਣੇ ਸਿੱਧੇ ਸ਼ਰੀਕ ਸਿਨਮੇ ਨੂੰ ਵੀ ਮਾਰ ਨਹੀਂ ਸਕਿਆ, ਲਿਖਿਤ ਸ਼ਬਦ ਤਾਂ ਕਾਫ਼ੀ ਹੱਦ ਤੱਕ ਟੀ.ਵੀ. ਦਾ ਆਧਾਰ ਹੈ। ਕਹਾਣੀਆਂ, ਨਾਵਲ, ਨਾਟਕ ਅਨੇਕ ਟੀ.ਵੀ. ਪ੍ਰੋਗਰਾਮਾਂ ਦਾ ਮੂਲ ਹਨ। ਜੋ ਘੰਟਿਆਂ-ਬੱਧੀ ਪੇਸ਼ ਕੀਤੇ ਜਾ ਰਹੇ ਚਲਾਊ ਮਾਲ ਦੇ ਦਰਸ਼ਕ ਹਨ, ਉਹਨਾਂ ਵਿਚ ਸਾਹਿਤ ਦੇ ਗੰਭੀਰ ਪਾਠਕ ਬਣਨ ਦੀ ਸਮਰੱਥਾ ਹੀ ਨਹੀਂ ਹੁੰਦੀ। ਗੰਭੀਰ ਪਾਠਕ ਟੀ.ਵੀ. ਦੇ ਬਾਵਜੂਦ ਸਾਹਿਤ ਨਾਲ ਜੁੜਿਆ ਹੋਇਆ ਹੈ ਅਤੇ ਜੁੜਿਆ ਰਹੇਗਾ। ਟੀ.ਵੀ. ਪੁਸਤਕ ਦਾ ਸਥਾਨ ਨਹੀਂ ਲੈ ਸਕਦਾ। ਲਿਖਿਤ ਸ਼ਬਦ ਗਿਆਨ-ਪ੍ਰਾਪਤੀ ਦਾ ਵੀ ਅਤੇ ਆਨੰਦ-ਪ੍ਰਾਪਤੀ ਦਾ ਵੀ ਟਕਸਾਲੀ ਰੂਪ ਹੈ। ਟੀ.ਵੀ. ਅਨੇਕ ਚੈਨਲਾਂ ਦੇ ਬਾਵਜੂਦ, ਦਰਸ਼ਕ ਉਤੇ ਆਪਣੀ ਮਰਜ਼ੀ ਮੜ੍ਹਦਾ ਹੈ ਅਤੇ ਇਹ ਦੁਜੈਲਾ ਸਥਾਨ ਸੂਝਵਾਨ ਵਿਅਕਤੀ ਨੂੰ ਪਰਵਾਨ ਨਹੀਂ ਹੁੰਦਾ। ਪੁਸਤਕ ਦੇ ਸ਼ੈਲਫ਼ ਪਾਠਕ ਦੀ ਇੱਛਾ ਪੁੱਛ ਕੇ ਉਹਦੀ ਪੂਰਤੀ ਕਰਦੇ ਹਨ ਅਤੇ ਇਉਂ ਪ੍ਰਮੁੱਖਤਾ ਪਾਠਕ ਕੋਲ ਰਹਿੰਦੀ ਹੈ।

ਉਪਰੋਕਤ ਨੁਕਤੇ ਸਾਹਮਣੇ ਖਦਿਆਂ ਸਮੱਸਿਆ ਨੂੰ ਭਾਵੇਂ ਪੁਸਤਕਾਂ ਦੀ ਵਿਕਰੀ ਦੀ ਘਾਟ ਦੇ ਰੂਪ ਵਿਚ ਪੇਸ਼ ਕੀਤਾ ਜਾਵੇ ਜਾਂ ਪਾਠਕ ਤੱਕ ਪੁਸਤਕ ਦੀ ਯਾਤਰਾ ਵਿਚਲੀਆਂ ਰੁਕਾਵਟਾਂ ਦੇ ਰੂਪ ਵਿਚ, ਇਹ ਤੱਥ ਨਿਰਵਿਵਾਦ ਹੈ ਕਿ ਪਿਛਲੇ ਦਹਾਕਿਆਂ ਵਿਚ ਪਾਠਕਾਂ ਦੀ ਗਿਣਤੀ ਉਸ ਹਿਸਾਬ ਨਾਲ ਨਹੀਂ ਵਧੀ ਜਿਸ ਹਿਸਾਬ ਨਾਲ ਪੜ੍ਹਤਾ ਵਧੀ ਹੈ।

ਇਹ ਠੀਕ ਹੈ ਕਿ ਪੰਜਾਬੀ ਨੂੰ ਰਾਜ-ਕਾਜ ਅਤੇ ਅਕਾਦਮਿਕ ਖੇਤਰ ਵਿਚ ਹੱਕੀ ਸਥਾਨ ਨਹੀਂ ਮਿਲਿਆ, ਤਦ ਵੀ ਇਸ ਗੱਲੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਹਨੇ ਹੁਣ ਤੱਕ ਹੱਕੀ ਸਥਾਨ ਦੀ ਪ੍ਰਾਪਤੀ ਦੇ ਮਾਰਗ ਉਤੇ ਮਹੱਤਵਪੂਰਨ ਪੁਲਾਂਘਾਂ ਭਰੀਆਂ ਹਨ। ਨੌਕਰਸ਼ਾਹੀ ਦੇ ਇਕ ਹਿੱਸੇ ਦੇ ਅੜੀਅਲ ਪੰਜਾਬੀ-ਵਿਰੋਧੀ ਰਵੱਈਏ ਦੇ ਅਤੇ ਪੰਜਾਬੀ ਦੀ ਵਰਤੋਂ ਨਾ ਕਰਨ ਦੀ ਸੂਰਤ ਵਿਚ ਕਿਸੇ ਸਜ਼ਾ ਦਾ ਭੈ ਨਾ ਹੋਣ ਦੇ ਬਾਵਜੂਦ ਸਰਕਾਰੀ ਦਫ਼ਤਰਾਂ ਵਿਚ, ਖਾਸ ਕਰਕੇ ਹੇਠਲੀਆਂ ਪਰਤਾਂ ਉਤੇ, ਪੰਜਾਬੀ ਕਿਤੇ ਘੱਟ, ਕਿਤੇ ਵੱਧ ਵਰਤੀ ਜਾ ਰਹੀ ਹੈ। ਭਾਰਤ ਦੀਆਂ ਸਾਰੀਆਂ ਘੱਟ-ਗਿਣਤੀਆਂ ਦੇ ਕੁੱਲ-ਜੋੜ ਤੋਂ ਬਹੁਤ ਵਡੇਰੀ ਬਹੁਗਿਣਤੀ ਵਲੋਂ ਪੰਜਾਬ ਵਿਚ ਘੱਟ-ਗਿਣਤੀ ਹੋਣ ਦੇ ਦਾਅਵੇ ਨਾਲ ਲਈ ਗਈ ਮਾਧਿਅਮ ਦੀ ਛੋਟ ਦੇ ਅਤੇ ਅੰਗਰੇਜ਼ੀ ਮਾਧਿਅਮ ਵਾਲੇ ਸਕੂਲਾਂ ਦੀ ਚਾਰ-ਚੁਫੇਰੇ ਹੋ ਰਹੀ ਜੈਜੈਕਾਰ ਦੇ ਬਾਵਜੂਦ ਲੱਖਾਂ ਸਕੂਲੀ-ਕਾਲਜੀ ਵਿਦਿਆਰਥੀ ਪੰਜਾਬੀ ਮਾਧਿਅਮ ਰਾਹੀਂ ਪੜ੍ਹਾਈ ਕਰ ਰਹੇ ਹਨ। ਹਿੰਦੀ ਅਤੇ ਅੰਗਰੇਜ਼ੀ ਮਾਧਿਅਮਾਂ ਵਾਲੇ ਸਕੂਲਾਂ ਦੇ ਵਿਦਿਆਰਥੀ ਪੰਜਾਬੀ ਨੂੰ ਇਕ ਵਿਸ਼ੇ ਵਜੋਂ ਪੜ੍ਹ ਰਹੇ ਹਨ। ਪਰ ਪੰਜਾਬੀ ਦੀ ਇਹ ਪੜ੍ਹਾਈ ਉਹਨਾਂ ਨੂੰ ਸਾਹਿਤ ਨਾਲ ਨਹੀਂ ਜੋੜਦੀ।

ਅੰਤ ਵਿਚ ਅਸੀਂ ਇਸ ਸਵਾਲ ਉਤੇ ਪੁੱਜ ਜਾਂਦੇ ਹਾਂ ਕਿ ਇਸ ਸਥਿਤੀ ਦੇ ਸੁਧਾਰ ਲਈ ਕੀਤਾ ਕੀ ਜਾਵੇ?

ਇਹਦੇ ਲਈ ਪਹਿਲੀ ਲੋੜ ਭਾਸ਼ਾ ਦੀ ਸਕੂਲੀ-ਪੜ੍ਹਾਈ ਵਿਚ ਅਜਿਹੀਆਂ ਤਬਦੀਲੀਆਂ ਲਿਆਂਦੇ ਜਾਣਾ ਹੈ ਕਿ ਵਿਦਿਆਰਥੀਆਂ ਵਿਚ ਸਾਹਿਤ ਦੀ ਸਮਝ ਅਤੇ ਉਸ ਰਾਹੀਂ ਉੱਚੀਆਂ ਸਭਿਆਚਾਰਕ-ਸਮਾਜਿਕ ਕਦਰਾਂ-ਕੀਮਤਾਂ ਦੀ ਪਛਾਣ ਪੈਦਾ ਹੋ ਸਕੇ। ਇਸ ਲੰਮੇ-ਚੌੜੇ ਵਿਸ਼ੇ ਬਾਰੇ ਇਥੇ ਸਾਡੇ ਲਈ ਸੰਕੇਤ-ਮਾਤਰ ਗੱਲ ਕਰਨਾ ਹੀ ਸੰਭਵ ਹੈ। ਆਜ਼ਾਦੀ ਦੀ ਪ੍ਰਾਪਤੀ ਤੋਂ ਅੱਧੀ ਸਦੀ ਮਗਰੋਂ ਵੀ ਮੋਟੇ ਤੌਰ ਉਤੇ ਉਹੋ ਵਿਦਿਅਕ ਢਾਂਚਾ ਕਾਇਮ ਹੈ ਜੋ ਅੰਗਰੇਜ਼ ਨੇ ਕੇਵਲ ਕਰਮਚਾਰੀ ਪੈਦਾ ਕਰਨ ਲਈ ਉਸਾਰਿਆ ਸੀ। ਇਸ ਵਿਚੋਂ ਜੋ ਕੁਝ ਵਿਅਕਤੀ ਸਾਹਿਤ ਸਮੇਤ ਕਿਸੇ ਵੀ ਖੇਤਰ ਵਿਚ ਅਸਾਧਾਰਨ ਪ੍ਰਤਿਭਾ ਨਾਲ ਮਨੁੱਖੀ ਸਮਾਜ ਲਈ ਵਡਮੁੱਲੀ ਦੇਣ ਦੇ ਸਕਣ ਦੇ ਸਮਰੱਥ ਬਣ ਜਾਂਦੇ ਹਨ, ਇਹ ਉਹਨਾਂ ਦੀ ਆਪਣੀ ਵਡਿਆਈ ਹੈ, ਵਿਦਿਅਕ ਢਾਂਚੇ ਦੀ ਨਹੀਂ। ਜਿਥੇ ਅਨੇਕ ਸਰਵੇਖਣਾਂ ਅਨੁਸਾਰ ਵੱਡੀ ਗਿਣਤੀ ਵਿਚ ਸਕੂਲੀ ਅਧਿਆਪਕ ਨੌਕਰੀ ਦੀ ਪ੍ਰਾਪਤੀ ਤੋਂ ਮਗਰੋਂ ਮੰਜ਼ਲ ਮਿਲੀ ਸਮਝ ਕੇ ਕੁਝ ਵੀ ਪੜ੍ਹਨਾ ਬੇਲੋੜਾ ਸਮਝਦੇ ਹਨ, ਜਿਥੇ ਕਾਲਜਾਂ-ਯੂਨੀਵਰਸਿਟੀਆਂ ਵਿਚਲੇ ਬਹੁਤ ਸਾਰੇ ਵਿਦਵਾਨ ਸਾਡੇ ਸਾਹਿਤ ਤੇ ਸਮਾਜ ਲਈ ਅਪਰਸੰਗਕ ਬਦੇਸ਼ੀ ਸਿਧਾਂਤ ਬਿਨਾਂ ਚਿੱਥਿਆਂ ਅੰਦਰ ਲੰਘਾਉਂਦੇ ਤੇ ਫੇਰ ਜਿਉਂ-ਦੇ-ਤਿਉਂ ਕਾਗਜ਼ਾਂ ਉੱਤੇ ਉਗਲੱਛਦੇ ਰਹਿੰਦੇ ਹਨ, ਜਿਥੇ ਪਾਠ-ਪੁਸਤਕਾਂ ਵਿਦਿਆਰਥੀਆਂ ਨੂੰ ਜੋਖਣ-ਪਰਖਣ ਦਾ



Sri Satguru Jagjit Singh Ji eLibrary NamdhariElibrary@gmail.com

ਵੱਟਾ ਬਣ ਚੁੱਕੀਆਂ ਹੋਣ ਕਾਰਨ ਉਹਨਾਂ ਲਈ ਦਿਲਚਸਪੀ ਦੀ ਥਾਂ ਭੈ ਦਾ ਸੋਮਾ ਤੇ ਅਣਚਾਹਿਆ ਬੋਝ ਬਣੀਆਂ ਹੋਈਆਂ ਹੋਣ, ਜਿਸ ਤੋਂ ਬਚਣ ਲਈ ਉਹ ਮੂਲ-ਪਾਠ ਨੂੰ ਹੱਥ ਲਾਏ ਬਿਨਾਂ ਕੁੰਜੀਆਂ ਦਾ ਸਹਾਰਾ ਲੈਂਦੇ ਹਨ ਅਤੇ ਜਿਥੇ ਬਹੁ-ਗਿਣਤੀ ਵਿਦਿਆਰਥੀਆਂ ਨੂੰ ਪਾਠ-ਪੁਸਤਕਾਂ ਤੋਂ ਬਿਨਾਂ ਹੋਰ ਕੋਈ ਪੁਸਤਕ ਪ੍ਰਾਪਤ ਹੀ ਨਹੀਂ, ਜਿਥੇ ਬਹੁਤ ਸਾਰੇ ਪੜ੍ਹੇ-ਲਿਖੇ ਵਿਅਕਤੀ ਸਾਹਿਤਕ-ਸਭਿਆਚਾਰਕ ਤੇ ਹੋਰ ਉੱਚੇ ਜੀਵਨ-ਮੁੱਲਾਂ ਦੇ ਪੱਖੋਂ ਅਨਪੜ੍ਹ ਰਹਿ ਜਾਂਦੇ ਹਨ, ਉਥੇ ਸਕੂਲੀ-ਕਾਲਜੀ ਵਿਦਿਆਰਥੀਆਂ ਵਿਚੋਂ ਸਾਹਿਤ-ਰਸੀਏ ਪੈਦਾ ਹੋਣ ਦੀ ਆਸ ਕਿੰਨੀ ਕੁ ਕੀਤੀ ਜਾ ਸਕਦੀ ਹੈ।

ਦੂਜੀ ਗੱਲ, ਜੇ ਬਚਪਣ ਵਿਚ ਹੀ ਸਾਹਿਤ ਦੀ ਚੇਟਕ ਨਹੀਂ ਲਗਦੀ ਤਾਂ ਇਹ ਸੋਚਣਾ ਫਜ਼ੂਲ ਹੈ ਕਿ ਵੱਡੀ ਉਮਰ ਵਿਚ ਅਜਿਹਾ ਹੋ ਜਾਵੇਗਾ। ਤੇ ਬਚਪਨ ਬਾਲ-ਸਾਹਿਤ ਦੀ ਮਗ ਕਰਦਾ ਹੈ। ਮੈਂ ਬਹੁਤ ਸਾਰੇ ਬਾਲ-ਸਾਹਿਤ ਲੇਖਕਾਂ ਤੋਂ ਖਿਮਾ-ਸਹਿਤ ਇਹ ਕਹਿਣਾ ਚਾਹੁੰਦਾ ਹਾਂ ਕਿ ਪੰਜਾਬੀ ਵਿਚ ਬਾਲ.ਸਾਹਿਤ ਦੀ ਅਣਹੋਂਦ ਵਰਗੀ ਘਾਟ ਹੈ ਅਤੇ ਜੋ ਕੁਝ ਲਿਖਿਆ ਜਾ ਰਿਹਾ ਹੈ, ਉਹਦਾ ਬਹੁਤ ਵੱਡਾ ਹਿੱਸਾ ਬਾਲ-ਸਾਹਿਤ ਦੇ ਅਜੋਕੇ ਸਿਧਾਂਤਾਂ ਦੇ ਨੇੜੇ-ਤੇੜੇ ਵੀ ਨਹੀਂ ਢੁਕਦਾ। ਸਗੋਂ ਉਹਨੂੰ ਬਾਲ-ਸਾਹਿਤ ਕਿਹਾ ਹੀ ਨਹੀਂ ਜਾ ਸਕਦਾ। ਸੱਚ ਤਾਂ ਇਹ ਹੈ ਕਿ ਜੇ ਪੰਜਾਬੀ ਦੇ ਕੁਝ ਬਾਲ-ਸਾਹਿਤ ਲੇਖਕ ਲਿਖਣਾ ਬੰਦ ਕਰ ਦੇਣ ਤਾਂ ਬਾਲਾਂ ਉਤੇ ਉਹਨਾਂ ਦਾ ਇਹ ਉਪਕਾਰ ਲਿਖਣ ਨਾਲੋਂ ਵਡੇਰਾ ਹੋਵੇਗਾ। ਬਾਲ-ਸਾਹਿਤ ਲਿਖਣਾ ਕੋਈ ਬਾਲਾਂ ਦੀ ਖੇਡ ਨਹੀਂ। ਤਾਂ ਵੀ ਪੰਜਾਬੀ ਦੇ ਸੂਝਵਾਨ ਸਥਾਪਤ ਲੇਖਕਾਂ ਨੂੰ ਇਹ ਬੇਨਤੀ ਕਰਨੀ ਕੁਥਾਂ ਨਹੀਂ ਹੋਵੇਗੀ ਕਿ ਉਹਨਾਂ ਵਿਚੋਂ ਜੋ ਕੋਈ ਵੀ ਬਾਲ-ਸਾਹਿਤ ਦੀ ਰਚਨਾ ਕਰ ਸਕਣ, ਆਪਣਾ ਸਾਹਿਤਕ-ਸਮਾਜਿਕ ਫ਼ਰਜ਼ ਸਮਝ ਕੇ ਜ਼ਰੂਰ ਕਰਨ। ਉੱਤਮ ਬਾਲ-ਸਾਹਿਤ ਦੀ ਸੰਗਤ ਵਿਚ ਵਿਗਸੇ ਬੱਚੇ ਹੀ ਵੱਡੇ ਹੋ ਕੇ ਸਾਹਿਤ ਦੇ ਗੰਭੀਰ ਪਾਠਕ ਬਣ ਸਕਣਗੇ।

ਤੀਜੀ ਗੱਲ, ਸਰਕਾਰ ਉਤੇ ਦਬਾਅ ਪਾਇਆ ਜਾਣਾ ਚਾਹੀਦਾ ਹੈ ਕਿ ਉਹ ਪੁਸਤਕਾਂ ਉਤੇ ਲਗਦਾ ਡਾਕ-ਖਰਚ ਘੱਟ ਕਰੇ, ਸਗੋਂ ਕੇਵਲ ਨਾਂ-ਮਾਤਰ ਰੱਖੇ।

ਚੌਥੀ ਗੱਲ, ਇਹ ਸੰਭਾਵਨਾ ਘੋਖੀ ਜਾਣੀ ਚਾਹੀਦੀ ਹੈ ਕਿ ਆਪਣੇ ਹੋਰ ਕੰਮਾਂ ਤੋਂ ਇਲਾਵਾ ਭਾਸ਼ਾ ਵਿਭਾਗ ਦੇ ਜ਼ਿਲਾ ਦਫ਼ਤਰ ਨਾ ਕੇਵਲ ਵਿਭਾਗ ਦੀਆਂ ਪੁਸਤਕਾਂ ਦੇ ਹੀ, ਸਗੋਂ ਹੋਰ ਸਾਹਿਤਕ ਪੁਸਤਕਾਂ-ਰਸਾਲਿਆਂ ਦੇ ਵੀ ਵਿਕਰੀ-ਕੇਂਦਰ ਬਣ ਸਕਣ।

ਪੰਜਵੀਂ ਗੱਲ, ਪੰਜਾਬ ਵਿਚ ਲਾਇਬਰੇਰੀ ਲਹਿਰ ਵਡੇ ਪੈਮਾਨੇ ਉਤੇ ਚਲਾਏ ਜਾਣ ਦੀ ਲੋੜ ਹੈ। ਪੁਸਤਕਾਂ ਦੀ ਖਰੀਦ ਲਈ ਪੰਜਾਬ ਸਰਕਾਰ ਦਾ ਇਸ ਸਾਲ ਇਕ ਕਰੋੜ ਰੁਪਏ ਰੱਖੇ ਹੋਣ ਦਾ ਦਾਅਵਾ ਅਤੇ ਅਗਲੇ ਸਾਲ ਤੋਂ ਪੰਜ ਕਰੋੜ ਕੀਤੇ ਜਾਣ ਦਾ ਵਾਅਦਾ ਇਹ ਸੰਸਾ ਤਾਂ ਖੜਾ ਕਰਦਾ ਹੀ ਹੈ ਕਿ ਇਸ ਰਕਮ ਨਾਲ ਕਿਹੜੀਆਂ ਪੁਸਤਕਾਂ, ਕਿਨ੍ਹਾਂ ਵਸੀਲਿਆਂ ਤੋਂ ਅਤੇ ਕਿਸ ਆਧਾਰ ਉਤੇ ਖਰੀਦੀਆਂ ਜਾਣਗੀਆਂ, ਨਾਲ ਹੀ ਇਹ ਚਿੰਤਾ ਵੀ ਜਗਾਉਂਦਾ ਹੈ ਕਿ ਇਹ ਪੁਸਤਕਾਂ ਜਾਣਗੀਆਂ ਕਿਥੇ ਅਤੇ ਇਹਨਾਂ ਦਾ ਹਸ਼ਰ ਕੀ ਹੋਵੇਗਾ। ਮੈਨੂੰ ਚੇਤੇ ਹੈ, ਇਕ ਵਾਰ ਪੈਪਸੂ ਵਿਚ ਅਜਿਹੀ ਹੀ ਇਕ ਵਿਉਂਤ ਅਧੀਨ ਪਿੰਡਾਂ ਦੇ ਸਰਪੰਚਾਂ ਨੂੰ ਪੁਸਤਕਾਂ ਦਿੱਤੀਆਂ ਗਈਆਂ ਸਨ ਜੋ ਉਹਨਾਂ ਨੇ ਸਰਕਾਰੀ ਚੀਜ਼ ਸਮਝ ਕੇ, ਗੁਆਚਣ ਦੇ ਡਰੋਂ, ਕਿਸੇ ਨੂੰ ਪੜ੍ਹਨ ਲਈ ਦੇਣ ਦੀ ਥਾਂ, ਪਹਿਲਾਂ ਤਾਂ ਤਾਲੇਬੰਦ ਅਲਮਾਰੀਆਂ ਵਿਚ ਜਾਂ ਪੜਛੱਤੀਆਂ ਉਤੇ ਸਾਂਭ ਦਿੱਤੀਆਂ, ਪਰ ਮਗਰੋਂ ਕਦੀ ਵੀ ਕੋਈ ਪੁੱਛ-ਪੜਤਾਲ ਨਾ ਹੋਣ ਕਰਕੇ ਆਪਣੀ ਅਲਮਾਰੀ ਜਾਂ ਪੜਛੱਤੀ ਵਿਹਲੀ ਕਰਨ ਲਈ ਅਜਿਹੀਆਂ ਇਧਰ-ਉਧਰ ਕੀਤੀਆਂ ਕਿ ਉਹਨਾਂ ਦਾ ਕੋਈ ਨਾਂ-ਨਿਸ਼ਾਨ ਬਾਕੀ ਨਾ ਰਿਹਾ।

ਲਾਇਬਰੇਰੀ ਲਹਿਰ ਦੀ ਸਫਲਤਾ ਦਾ, ਖਾਸ ਕਰਕੇ ਪਿੰਡਾਂ ਵਿਚ, ਇਕੋ ਹੀ ਰਾਹ ਹੈ। ਉਹ ਹੈ ਇਹਨੂੰ ਸਕੂਲ ਨਾਲ ਜੋੜਨਾ, ਜਦੋਂ ਕਿ ਇਹਤੋਂ ਲਾਭ ਉਠਾਉਣ ਦਾ ਹੱਕ ਕੇਵਲ ਵਿਦਿਆਰਥੀਆਂ ਨੂੰ ਹੀ ਨਹੀਂ, ਆਮ ਲੋਕਾਂ ਨੂੰ ਵੀ ਹੋਵੇਗਾ। ਪਰ ਇਹ ਤਦ ਹੀ ਸੰਭਵ ਹੋ ਸਕੇਗਾ ਜੇ ਲਾਇਬਰੇਰੀ ਸੰਬੰਧਿਤ ਅਧਿਆਪਕ ਲਈ ਅਣਚਾਹਿਆ ਬੋਝ ਅਤੇ ਰੋਸ ਦਾ ਕਾਰਨ ਨਾ ਬਣੇ। ਇਹਨੂੰ ਚਲਾਉਣ ਲਈ ਵਿਹਲੇ ਪੀਰੀਅਡਾਂ ਅਤੇ ਲਾਇਬਰੇਰੀ-ਭੱਤੇ ਦੇ ਰੂਪ ਵਿਚ ਉਹਦੇ ਲਈ ਲੋੜੀਂਦੇ ਪਰੇਰਕਾਂ ਦਾ ਪਰਬੰਧ ਕੀਤਾ ਜਾਣਾ ਚਾਹੀਦਾ ਹੈ। ਜਿਥੇ ਕਿਤੇ ਕੋਈ ਸਾਹਿਤਕ ਰੁਚੀਆਂ ਵਾਲਾ ਜਾਂ ਸਾਹਿਤ ਦਾ ਕਦਰਦਾਨ ਅਧਿਆਪਕ ਮਿਲ ਸਕੇ, ਹੋਰ ਵੀ ਚੰਗੀ ਗੱਲ ਹੋਵੇਗੀ।

ਇਹਨਾਂ ਕਦਮਾਂ ਦੀ ਪੂਰਤੀ ਨਾਲ ਇਹ ਆਸ ਕਰਨੀ ਵਾਜਬ ਹੋਵੇਗੀ ਕਿ ਪਾਠਕਾਂ ਦੀ ਗਿਣਤੀ ਵਿਚ ਪਰਤੱਖ ਵਾਧਾ ਹੋ ਜਾਵੇਗਾ ਅਤੇ ਇਸ ਆਧਾਰ ਉਤੇ ਪੁਸਤਕਾਂ ਦੇ ਪ੍ਰਕਾਸ਼ਨ ਦੀਆਂ ਸਮੱਸਿਆਵਾਂ ਹੀ ਹੱਲ ਹੋ ਜਾਣਗੀਆਂ।

(ਕੇਂਦਰੀ ਪੰਜਾਬੀ ਲੇਖਕ ਸਭਾ ਦੀ ਚੰਡੀਗੜ੍ਹ ਪੰਜਾਬੀ ਕਾਨਫ਼ਰੰਸ ਵਿਚ ਪੜ੍ਹਿਆ ਗਿਆ ਪਰਚਾ)



Sri Satguru Jagjit Singh Ji eLibrary NamdhariElibrary@gmail.com

# ਚੜ੍ਹ ਜਾ ਦਿੱਲੀ ਤੇ

—ਵਰਿਆਮ ਸਿੰਘ ਸੰਧੂ

'ਇੰਦਰਾ ਗਾਂਧੀ ਹਵਾਈ ਅੱਡੇ' ਉਤੇ ਪਹੁੰਚ ਕੇ ਅਸੀਂ ਆਪੋ ਆਪਣਾ ਸਮਾਨ ਟਰਾਲੀਆਂ ਤੇ ਰਖਿਆ ਅਤੇ ਅੰਦਰ ਚਲੇ ਗਏ। ਕਾਨਫਰੰਸ ਤੇ ਜਾਣ ਵਾਲੇ ਬਹੁਤ ਸਾਰੇ ਲੋਕ ਅਜੇ ਬਾਹਰ ਖੜੋਤੇ ਪ੍ਰਬੰਧਕਾਂ ਦੀ ਉਡੀਕ ਕਰ ਰਹੇ ਸਨ; ਕਿਉਂਕਿ ਅਜੇ ਤਕ ਕਈਆਂ ਨੂੰ ਟਿਕਟਾਂ ਨਹੀਂ ਸਨ ਮਿਲੀਆਂ। ਮੇਰਾ ਜਾਣੂ ਇਹਨਾਂ ਵਿਚ ਪ੍ਰੇਮ ਗੋਰਖੀ ਹੀ ਸੀ।

ਏਅਰਪੋਰਟ ਦੇ ਖੁਲ੍ਹੇ ਅਹਾਤੇ ਵਿਚ ਕਾਨਫਰੰਸ ਤੇ ਜਾਣ ਵਾਲੇ ਜਾਣੂੰ ਅਣਜਾਣੂੰ ਬੰਦਿਆਂ ਦੀ ਭੀੜ ਲਗੀ ਹੋਈ ਸੀ। ਪਹਿਲਾਂ ਪਹੁੰਚੇ ਹੋਏ ਕਾਹਲੇ ਲੋਕ 'ਚੈਕ-ਇਨ' ਕਰਵਾਉਣ ਲਈ ਟਰਾਲੀਆਂ ਸਮੇਤ ਲਾਈਨਾਂ ਵਿਚ ਖਲੋਤੇ ਸਨ। ਜਿਨ੍ਹਾਂ ਦਾ ਸਫਾਰਤਖ਼ਾਨਿਆਂ ਵਿਚ ਟਾਕਰਾ ਨਹੀਂ ਸੀ ਹੋ ਸਕਿਆ ਉਹ ਇਕ ਦੂਜੇ ਨੂੰ ਗਲਵਕੜੀਆਂ ਵਿਚ ਲੈ ਕੇ ਡੁਲ੍ਹਦੀ ਹੋਈ ਖੁਸ਼ੀ ਨੂੰ ਸਾਂਭ ਰਹੇ ਸਨ, ".. ਹੱਛਾ ! ਤੂੰ ਵੀ ਜਾ ਰਿਹੈਂ ? ..ਵਾਹ ਭਈ !!"

ਕੁਝ ਲੋਕ ਪ੍ਰਬੰਧਕਾਂ ਤੇ ਨਰਾਜ਼ਗੀ ਛਾਂਟਦੇ ਫਿਰਦੇ ਸਨ। ਫੁਟਕਲ ਖਰਚਿਆਂ ਲਈ ਪ੍ਰਬੰਧਕਾਂ ਨੇ ਪੈਸੇ ਤਾਂ ਲਏ ਹੋਏ ਸਨ, ਪਰ ਏਥੇ ਡੈਲੀਗੇਟਾਂ ਨੂੰ 'ਏਅਰਪੋਰਟ ਫੀਸ' ਆਪਣੇ ਕੋਲੋਂ ਭਰਨੀ ਪੈ ਰਹੀ ਸੀ।

ਸੁਰਿੰਦਰ ਗਿੱਲ ਆਪਣੇ ਸਦਾ-ਬਹਾਰ ਅੰਦਾਜ਼ ਵਿਚ ਏਧਰ ਓਧਰ ਤੁਰਿਆ ਫਿਰਦਾ ਸੀ। ਮੇਰੇ ਕੋਲੋਂ ਲੰਘਣ ਲਗਾ ਤਾਂ ਮੈਂ ਪੁਛਿਆ, "ਗਿੱਲ ਕੀ ਗੱਲ ਐ ? ਕਿਧਰ ਗੁਆਚੀ ਗਾਂ ਵਾਂਗੂੰ ਤੁਰਿਆ ਫਿਰਦੈਂ।"

"ਉਸੇ ਪਿੱਦੀ ਜਿਹੀ ਨੂੰ ਲੱਭਦਾ ਫਿਰਦਾਂ। ਕਹਿੰਦੀ ਸੀ ਤੂੰ ਪੈਸੇ ਦੇ ਦੇਹ...ਮੈਂ ਤੈਨੂੰ ਏਅਰਪੋਰਟ ਤੇ ਵੀਜ਼ਾ ਪੁਜਦਾ ਕਰ ਦੂੰ—ਤੇ ਹੁਣ ਕਿਤੇ ਦੀਹਦੀ ਨਹੀਂ"। ਉਸਨੇ ਮੋਟੀ ਸਾਰੀ ਗਾਲ੍ਹ ਕੱਢੀ। ਉਹ ਪਰਅੱਗਿਆ ਤੇ ਖਿਝਿਆ ਤੇ ਰੋਣਹਾਕਾ ਹੋਇਆ ਪਿਆ ਸੀ।

"ਵੀਜ਼ੇ ਕੀ ਕੋਈ ਬਾਤ ਨਹੀਂ...ਹੋ ਜਾਏਗਾ ਸਭ... ਚਿੰਤਾ ਨਾ ਕਰੋਂ...ਹੋ ਜਾਏਗਾ", ਮੈਂ ਪਰਿਅੱਗਿਆ ਦੇ ਅੰਦਾਜ਼ ਵਿਚ ਹੱਥ ਹਿਲਾਕੇ ਉਸਨੂੰ ਹਸਾਉਣੀ ਤਸੱਲੀ ਦਿਤੀ।

ਜਹਾਜ਼ ਨਿਸਚਿਤ ਸਮੇਂ ਤੋਂ ਲੇਟ ਉਡਾਣ ਕਰ ਰਿਹਾ ਸੀ ਇਸ ਕਰਕੇ ਅਜੇ ਕਾਊਂਟਰਾਂ ਤੇ 'ਚੈਕ-ਇਨ' ਕਰਨ ਲਈ ਕਰਮਚਾਰੀ ਬੈਠੇ ਨਹੀਂ ਸਨ। ਕਾਹਲ ਨਾ ਹੋਣ ਕਰਕੇ ਲੋਕ ਇਕ ਦੂਜੇ ਨੂੰ ਸਮਾਨ ਵਾਲੀ ਟਰਾਲੀ ਦਾ ਸੰਭਾਲਾ ਕਰਵਾ ਕੇ ਲਾਈਨਾਂ ਵਿਚ ਅੱਗੜ-ਪਿੱਛੜ ਹੋ ਕੇ ਮਿਲ ਰਹੇ ਸਨ। ਮੈਂ ਗੁਲਜ਼ਾਰ ਸਿੰਘ ਸੰਧੂ ਦੀ ਸ੍ਰੀਮਤੀ ਸੁਰਜੀਤ ਕੌਰ ਨੂੰ ਫਤਹਿ ਬੁਲਾਉਣ ਪਿਛੋਂ ਬਲਜੀਤ ਬਾਸੀ ਨਾਲ ਦੁਆ-ਸਲਾਮ ਕਰ ਰਿਹਾ ਸਾਂ ਕਿ ਜਲੰਧਰ ਡਵੀਜ਼ਨ ਦਾ ਕਮਿਸ਼ਨਰ ਬੀ. ਕੇ. ਸ੍ਰੀਵਾਸਤਵਾ ਮੇਰੇ ਕੋਲ ਆਇਆ। ਉਹ ਵੀ ਕਾਨਫਰੰਸ ਤੇ ਜਾ ਰਿਹਾ ਸੀ। ਮੈਨੂੰ ਕਹਿਣ ਲਗਾ, "ਸੰਧੂ ਸਾਹਬ ! ਮੇਰੇ ਕੋਲ ਐਨ.ਆਰ.ਆਈ. ਸਭਾ ਨਾਲ ਸਬੰਧਤ ਕੁਝ ਲਿਖਤੀ ਮਟੀਰੀਅਲ ਹੈ ਉਸ ਦਾ ਕਾਫੀ ਸਾਰਾ ਵਜ਼ਨ ਹੈ। ਕੁਝ ਦੋਸਤਾਂ ਨੂੰ ਕਹਿ ਕੇ ਇਹ ਭਾਰ ਵੰਡ-ਵੰਡਾਕੇ ਲੈ ਜਾਈਏ।"

ਵਾਸਤਵਾ ਅਫ਼ਸਰ ਤੇ ਵਧੀਆ ਹੈ ਹੀ ਸੀ, ਲੇਖਕਾਂ ਤੇ ਕਲਾਕਾਰਾਂ ਦਾ ਕਦਰਦਾਨ ਵੀ ਸੀ ਤੇ ਸਭ ਤੋਂ ਵਧਕੇ ਇਕ ਸਾਦਾ ਤੇ ਵਧੀਆ ਇਨਸਾਨ। ਉਸ ਨਾਲ ਮਿਲਦਿਆਂ ਗੱਲ ਕਰਦਿਆਂ ਇਹ ਮਹਿਸੂਸ ਹੀ ਨਹੀਂ ਸੀ ਹੁੰਦਾ ਕਿ ਤੁਸੀਂ ਕਿਸੇ ਵੱਡੇ ਅਫ਼ਸਰ ਨੂੰ ਮਿਲ ਰਹੇ ਹੋ। ਇਸ ਨਿਮਰ ਤੇ ਨਿਰਮਾਣ ਵਿਅਕਤੀ ਦੀ ਕਲਾ-ਕਦਰ ਇਸ ਗੱਲ ਤੋਂ ਹੀ ਪਤਾ ਚਲਦਾ ਸੀ ਕਿ ਜਲੰਧਰ ਡਵੀਜ਼ਨ ਦਾ ਚਾਰਜ ਸੰਭਾਲਦਿਆਂ ਹੀ ਉਸ ਨੇ ਇਥੋਂ ਦੇ ਲੇਖਕਾਂ ਤੇ ਕਲਾਕਾਰਾਂ ਨੂੰ ਆਪ ਲੱਭ ਸੱਦ ਕੇ ਪ੍ਰੀਤੀ-ਭੋਜ ਦਿਤਾ ਤੇ ਉਹਨਾਂ ਵਲ ਦੋਸਤੀ ਦਾ ਹੱਥ ਵਧਾਇਆ ਸੀ। ਨਹੀਂ ਤਾਂ ਅਫ਼ਸਰਸ਼ਾਹੀ ਤੇ ਲੇਖਕਾਂ ਦੀ ਫ਼ਕੀਰੀ ਕਿਥੇ ਇਕ ਥਾਂ ਇਕੱਠੀਆਂ ਹੁੰਦੀਆਂ ਨੇ। ਇਸ ਕੰਮ ਲਈ ਮੈਂ ਜਗਦੀਸ਼ ਸਿੰਘ ਨੂੰ ਉਸਦੀ ਸਹਾਇਤਾ ਕਰਨ ਲਈ ਕਹਿ ਕੇ ਆਪ ਉਹਨਾਂ ਲੋਕਾਂ ਦੀ ਭੀੜ ਵਲ ਹੋਇਆ ਜਿਨ੍ਹਾਂ ਕੋਲ ਏਅਰਪੋਰਟ ਤੋਂ ਬਾਹਰ, ਹੁਣੇ ਹੁਣੇ ਹੋਏ ਝਗੜੇ ਦੀ ਖਬਰ ਸੀ।

ਤੇਜਵੰਤ ਗਿੱਲ ਦੱਸ ਰਿਹਾ ਸੀ, "ਬਾਹਰ ਕੁਝ ਬੰਦੇ ਹੰਸਪਾਲ ਦੇ ਗਲ ਪੈ ਗਏ .. ਉਹਦੀ ਕਾਰ ਦਾ ਸ਼ੀਸ਼ਾ ਭੰਨ ਸੁਟਿਐ.. ਇਕ ਜਣਾ ਤਾਂ ਗੋਲੀ ਵੀ ਚਲਾ ਦੇਣ ਲਗਾ ਸੀ।"

ਹੋਰ ਵੀ ਬਹੁਤ ਸਾਰੇ ਲੋਕਾਂ ਨੇ ਪ੍ਰਬੰਧਕਾਂ ਤੇ ਤਵਾ ਲਾਇਆ ਹੋਇਆ ਸੀ। ਕਹਿੰਦੇ ਸਨ, "ਝਗੜਾ ਕਰਨ ਵਾਲਿਆਂ ਨੂੰ ਕੀਤੇ 'ਵਾਅਦੇ' ਅਨੁਸਾਰ ਨਾਲ ਨਹੀਂ ਸੀ ਲਿਜਾਇਆ ਜਾ ਰਿਹਾ। ਕਿਸੇ ਨੂੰ ਵੀਜ਼ਾ ਲੁਆਉਣ ਲਈ



Sri Satguru Jagjit Singh Ji eLibrary NamdhariElibrary@gmail.com

ਸੱਦਾ-ਪੱਤ ਰ ਛੇਤੀ ਨਾ ਪਹੁੰਚਣ ਦਾ ਇਤਰਾਜ਼ ਸੀ ਤਾਂ ਕਿਸੇ ਹੋਰ ਦੀ ਇੱਛਾ ਸੀ ਕਿ ਵੀਜ਼ਾ ਵਗੈਰਾ ਲਵਾਉਣ ਦਾ ਮੁਢਲਾ ਕੰਮ ਤਾਂ ਘਟੋ ਘੱਟ ਮਹੀਨਾ ਪਹਿਲਾਂ ਹੋ ਜਾਣਾ ਚਾਹੀਦਾ ਸੀ। ਕੋਈ ਦਿੱਲੀ ਮਾਰੇ ਚੱਕਰਾਂ ਦਾ ਰੋਣਾ ਰੋ ਰਿਹਾ ਸੀ ਤੇ ਕੋਈ ਹੋਰ ਕਾਨਫ਼ਰੰਸ ਦੇ ਦਫ਼ਤਰ ਵਿਚ ਹੋਈ ਖੱਜਲ-ਖੁਆਰੀ ਨੂੰ ਚਰਚਾ ਦਾ ਮੁੱਦਾ ਬਣਾ ਰਿਹਾ ਸੀ।

ਸਾਡੇ ਕੋਲ ਪ੍ਰਬੰਧਕਾਂ ਦੇ ਖਿਲਾਫ ਕਹਿਣ ਨੂੰ ਕੁਝ ਨਹੀਂ ਸੀ ਕਿਉਂਕਿ ਸਾਡੇ ਪਾਸਪੋਰਟ, ਟਿਕਟਾਂ ਜਾਂ ਸੱਦਾ-ਪੱਤਰ ਲੈਣ ਵਿਚ ਕਿਸੇ ਕਿਸਮ ਦੀ ਦਫ਼ਤਰੀ ਰੁਕਾਵਟ ਤਾਂ ਕੀ ਹੋਣੀ ਸੀ ਸਗੋਂ ਹੰਸਪਾਲ ਦੇ ਯਤਨਾਂ ਨਾਲ ਲੋੜੀਂਦੇ ਦਸਤਾਵੇਜ਼ ਪ੍ਰਾਪਤ ਕਰਨ ਲਈ ਸਾਨੂੰ ਤਾਂ ਲੋੜੋਂ ਵਧ ਸੌਖ ਰਿਹਾ ਸੀ, ਪਰ ਦੁਖੀਆਂ ਦੇ ਦੁਖ ਦਾ ਕੋਈ ਕੀ ਕਰੇ ?

ਪਰਿਅੱਗਿਆ ਲਾਈਨਾਂ ਵਿਚ ਤੁਰ ਫਿਰ ਕੇ ਕੁਝ ਲੋਕਾਂ ਨੂੰ ਮਿਲ ਰਹੀ ਸੀ। ਸ਼ਾਇਦ ਉਹਨਾਂ ਦੀਆਂ 'ਮੁਸ਼ਕਿਲਾਂ' ਦਾ ਹੱਲ ਕਰ ਰਹੀ ਸੀ। ਮੈਂ ਸੁਰਿੰਦਰ ਗਿੱਲ ਨੂੰ ਉਹਦੀ 'ਮੁਸ਼ਕਿਲ' ਬਾਰੇ ਪੁਛਿਆ, 'ਤੇਰਾ ਵੀਜ਼ਾ ਮਿਲ ਗਿਐ ?"

'ਮਿਲ ਗਿਐ' ਉਹ ਤਣਾਓ-ਮੁਕਤ ਹੋ ਕੇ ਹੱਸਿਆ। ਪਰਿਅੱਗਿਆ ਕੋਲੋਂ ਲੰਘਣ ਲੱਗੀ ਤਾਂ ਮੈਂ ਕਿਹਾ, 'ਸਾਡਾ ਸ਼ਾਇਰ ਤਾਂ ਤੁਹਾਡੇ ਤੇ ਬਹੁਤ ਨਰਾਜ਼ ਸੀ।'

ਉਹਨੇ ਕੱਟੇ ਹੋਏ ਵਾਲਾਂ ਨੂੰ ਮੱਥੇ ਤੋਂ ਝਟਕਿਆ ਤੇ ਮੁਸਕਰਾ ਕੇ ਕਹਿੰਦੀ, 'ਹਮੇਂ ਪਤਾ ਚਲ ਗਿਆ ਥਾ ਕਿ ਪਲੇਨ ਲੇਟ ਹੈ। ਮੈਨੇ ਇਨ ਕੋ ਬੋਲਾ ਤੋ ਥਾ...ਆਪਕਾ ਕਾਮ ਹੋ ਜਾਏਗਾ - ਨਥਿੰਗ ਟੂ ਵਰੀ ਅਬਾਊਟ...।'

ਉਹ ਹਾਸਾ ਖਿੰਡਾਉਂਦੀ ਤੁਰ ਗਈ।

'ਚੈਕ-ਇਨ' ਦੀ ਕਾਰਵਾਈ ਸ਼ੁਰੂ ਹੋ ਚੁੱਕੀ ਸੀ। ਲਾਈਨ ਅੱਗੇ ਖਿਸਕਦੀ ਜਾ ਰਹੀ ਸੀ ਤੇ ਸਮਾਨ ਜਮਾਂ ਕਰਵਾ ਕੇ ਬੋਰਡਿੰਗ ਪਾਸ ਲੈ ਕੇ ਲੋਕ 'ਹੌਲੇ ਫੁਲ' ਹੋ ਰਹੇ ਸਨ। ਜਦੋਂ ਮੇਰੀ ਵਾਰੀ ਆਈ ਤਾਂ ਮੈਂ ਚੇਨ ਉਪਰ ਆਪਣਾ ਸਮਾਨ ਟਿਕਾਇਆ ਤੇ ਕਾਊਂਟਰ ਤੇ ਬੈਠੇ ਕਰਮਚਾਰੀ ਨੂੰ ਆਪਣਾ ਪਾਸਪੋਰਟ ਫੜਾਇਆ। ਉਸਨੇ ਮੇਰਾ ਨਾ ਪੁਛਿਆ ਤੇ ਫਿਰ ਕੰਪਿਊਟਰ ਤੇ ਉਂਗਲਾਂ ਦੱਬੀਆਂ। ਮੇਰੇ ਮਨ ਅੰਦਰ ਲੁਕਵਾਂ ਜਿਹਾ ਸਹਿਮ ਸੀ। ਮੈਨੂੰ ਕਿਤਿਓਂ ਸੁਣੀ ਹੋਈ ਗੱਲ ਯਾਦ ਸੀ। ਜਦੋਂ ਥਾਈਲੈਂਡ ਵਿਚ ਹੋਣ ਵਾਲੀ ਵਿਸ਼ਵ ਕਾਨਫਰੰਸ ਵਿਚ ਜਾਣ ਵਾਲੇ ਭਾਸ਼ਾ ਵਿਗਿਆਨੀ (ਹੁਣ ਸਵਰਗੀ) ਬਲਬੀਰ ਸਿੰਘ ਸੰਧੂ ਨੂੰ ਇਕ ਪਾਸੇ ਖੜਾ ਕਰ ਲਿਆ ਗਿਆ ਸੀ ਕਿਉਂਕਿ ਕੰਪਿਊਟਰ ਨੇ ਕਹਿ ਦਿੱਤਾ ਸੀ ਕਿ ਇਹ ਖਤਰਨਾਕ ਖਾਲਿਸਤਾਨੀ 'ਬਲਬੀਰ ਸਿੰਘ ਸੰਧੂ' ਹੈ। ਪਿਛੋਂ ਪੜਤਾਲ ਕਰਕੇ ਤੇ ਇਹ ਯਕੀਨ ਹੋ ਜਾਣ ਪਿਛੋਂ ਹੀ ਕਿ ਇਹ ਬਲਬੀਰ ਸਿੰਘ ਸੰਧੂ ਹੋਰ ਹੈ ? ਉਸਨੂੰ ਜਹਾਜ਼ ਵਿਚ ਚੜ੍ਹਨ ਦਿੱਤਾ ਗਿਆ।

ਮੈਨੂੰ ਐਵੇਂ ਖਦਸ਼ਾ ਸੀ ਕਿ ਕਦੀ ਪੁਲਿਸ ਰੀਕਾਰਡ ਵਿਚ ਚੜ੍ਹਿਆ ਮੇਰੇ ਨਾਮ ਏਥੇ ਨਾ ਬੋਲ ਪੈਂਦਾ ਹੋਵੇ ਪਰ ਜਦੋਂ ਉਸਨੇ ਬੋਰਡਿੰਗ ਪਾਸ ਮੇਰੇ ਹੱਥ ਫੜਾਇਆ ਤਾਂ ਉਸ ਹਰੇ ਰੰਗ ਦੇ ਚੱਪਾ ਕੁ ਟੋਟੇ ਨੂੰ ਵੇਖਦਿਆਂ ਮੇਰੇ ਅੰਦਰ ਤਸੱਲੀ ਅਤੇ ਖ਼ੁਸ਼ੀ ਦੀ ਲਹਿਰ ਦੌੜ ਗਈ।

ਫਿਰ ਸਕਿਉਰਟੀ ਚੇਨ ਤੋਂ ਆਪਣੇ ਹਥਲੇ ਛੋਟੇ ਬੈਗ ਲੰਘਵਾ ਕੇ ਭਾਰ-ਮੁਕਤ ਹੋ ਕੇ ਅਸੀਂ ਜਹਾਜ਼ ਤੇ ਚੜ੍ਹਨ ਨੂੰ ਉਡੀਕਣ ਲੱਗੇ। ਹੁਣ ਤੱਕ ਤਾਂ ਹਵਾਈ ਜਹਾਜ਼ ਤੇ ਸਵਾਰੀਆਂ ਉਤਰਦੀਆਂ ਚੜ੍ਹਦੀਆਂ ਫਿਲਮਾਂ ਵਿਚ ਹੀ ਵੇਖੀਆਂ ਸਨ। ਨਾਇਕਾ ਜਹਾਜ਼ ਵਿਚ ਸਵਾਰ ਹੋ ਰਹੀ ਹੁੰਦੀ ਸੀ। ਜਹਾਜ਼ ਦੂਰ ਮੈਦਾਨ ਵਿਚ ਖੜੋਤਾ ਹੁੰਦਾ ਸੀ। ਉਧਰੋਂ ਤੇਜ਼ ਤੇਜ਼ ਕਾਰ ਭਜਾਉਂਦਾ, ਹਫਿਆ ਟੁਟਿਆ, ਸਾਹੋ ਸਾਹ ਹੋਇਆ ਲੋਕਾਂ ਨੂੰ ਮਿੱਧਦਾ ਹੋਇਆ ਨਾਇਕ ਆਕੇ ਵੇਖਦਾ ਹੈ ਪਰ ਜਹਾਜ਼ ਉਡਾਣ ਭਰਨ ਲਈ ਤੁਰ ਪੈਂਦਾ ਹੈ। ਹਾਇ ! ਮੇਲ ਹੁੰਦਾ ਹੁੰਦਾ ਰਹਿ ਗਿਆ !!

ਪਰ ਸਾਨੂੰ ਏਥੋਂ ਕੋਈ ਜਹਾਜ਼ ਨਹੀਂ ਸੀ ਦਿਸ ਰਿਹਾ ਨਾ ਹੀ ਕੋਈ ਖੁਲ੍ਹਾ ਮੈਦਾਨ...ਜਿਥੇ ਜਹਾਜ਼ ਖਲੋਤੇ ਹੋਣ। ...ਸ਼ਾਇਦ ਹੁਣ ਦਿਨ ਬਦਲ ਗਏ ਸਨ। ਲੰਮੇ ਕਾਰੀਡੋਰ ਵਰਗੀ ਇਕ ਸੁਰੰਗ ਜਿਹੀ ਜਹਾਜ਼ ਦੇ ਦਰਵਾਜ਼ੇ ਨਾਲ ਹੀ ਲੱਗੀ ਹੋਈ ਸੀ। ਉਸ 'ਸੁਰੰਗ' ਵਿਚੋਂ ਗੁਜ਼ਰ ਕੇ ਅਸੀਂ ਹਵਾਈ ਜਹਾਜ਼ ਦੇ ਗੇਟ ਤੇ ਪਹੁੰਚੇ। ਏਅਰ ਹੋਸਟਸ ਹੱਥ ਜੋੜੀ ਮਸ਼ੀਨੀ ਮੁਸਕਰਾਹਟ ਨਾਲ ਸਭ ਨੂੰ 'ਜੀ ਆਇਆਂ' ਕਹਿ ਰਹੀ ਸੀ। ਅੰਦਰ ਕੁਝ ਹੋਰ ਏਅਰ ਹੋਸਟੈਸਾਂ ਟਿਕਟ ਵੇਖ ਕੇ ਸੀਟ ਲਭਾਉਣ ਵਿਚ ਸਵਾਰੀਆਂ ਦੀ ਮਦਦ ਕਰ ਰਹੀਆਂ ਸਨ। ਸੁਣਿਆਂ ਹੋਇਆ ਸੀ ਕਿ ਏਅਰ ਹੋਸਟੈਸਾਂ ਬੜੀਆਂ ਸੋਹਣੀਆਂ ਤੇ ਬਣੀਆਂ ਠਣੀਆਂ ਹੁੰਦੀਆਂ ਨੇ ਪਰ ਇਹ ਤਾਂ ਵਿਚਾਰੀਆਂ 'ਠੀਕ-ਠਾਕ' ਹੀ ਸਨ। ਕੁਝ ਕੁ ਮਾੜੀਆਂ ਮੋਟੀਆਂ 'ਮੂੰਹ ਮੱਥੇ' ਲੱਗਦੀਆਂ ਵੀ ਸਨ ਪਰ ਜਿਵੇਂ ਦਾ 'ਪਰੀ ਲੋਕ' ਦੀਆਂ ਅਪੱਸਰਾਵਾਂ ਵਰਗਾ ਉਹਨਾਂ ਦਾ ਚਿਤਰ ਮਨ ਵਿਚ ਖੁਣਿਆ ਹੋਇਆ ਸੀ ਉਸ ਤਰ੍ਹਾਂ ਦਾ



Sri Satguru Jagjit Singh Ji eLibrary NamdhariElibrary@gmail.com

ਤਾਂ ਉਹਨਾਂ ਵਿਚ ਕੁਝ ਵੀ ਨਹੀਂ ਸੀ। ਅਮਰੀਕਾ, ਕੈਨੇਡਾ ਵਿਚ ਕਈ ਵਾਰ ਵੱਖ ਵੱਖ ਜਹਾਜ਼ਾਂ ਵਿਚ ਚੜ੍ਹਨ ਪਿਛੋਂ 'ਏਅਰ ਹੋਸਟੈਸਾਂ' ਦੇ ਬਹੁਤ ਸੋਹਣੇ ਹੋਣ ਵਾਲਾ ਭਰਮ ਕਈ ਵਾਰ ਅਤੇ ਬੁਰੀ ਤਰ੍ਹਾਂ ਟੁੱਟਾ। ਬਹੁਤੀ ਵਾਰ ਤਾਂ ਉਹ ਕੰਮ ਦੀਆਂ ਭੰਨੀਆਂ ਹੋਈਆਂ, ਥੱਕੀਆਂ ਤੇ ਉਨੀਂਦਰੇ ਦੀਆਂ ਮਾਰੀਆਂ ਸੇਵਾਦਾਰਨੀਆਂ ਹੀ ਲੱਗੀਆਂ।

'ਏਅਰ ਇੰਡੀਆ' ਦਾ ਇਹ 'ਜਹਾਜ਼ ਪਹਿਲਾਂ ਬੰਬਈ ਜਾਣਾ ਸੀ ਅਤੇ ਉਥੋਂ ਚੱਲਕੇ ਕੁਝ ਦੇਰ ਲਈ ਲੰਡਨ ਰੁਕਣਾ ਸੀ। ਬੰਬਈ ਤੱਕ ਮੇਰੇ ਨਾਲ ਹੀ ਸੀਟ ਤੇ ਸੱਜੇ ਹੱਥ ਬਾਰੀ ਵੱਲ ਗੜ੍ਹਦੀਵਾਲੇ ਦਾ ਇਕ ਪ੍ਰੋਫੈਸਰ ਹਰਦਲਜੀਤ ਬੈਠਾ ਸੀ। ਮੈਨੂੰ ਆਪਣੇ ਕੋਲ ਖਾਲੀ ਸੀਟ ਤੇ ਬੈਠਦਿਆਂ ਵੇਖ ਕੇ ਹੀ ਖੁਸ਼ੀ ਵਿਚ ਉਛਲ ਪਿਆ :

'ਚੰਗਾ ਹੋਇਆ ! ਭਾਅ ਤੂੰ ਆ ਗਿਐਂ ਮੇਰੇ ਕੋਲ। ਆਹ ਗੋਲ ਜਿਹੀਆਂ ਪੱਗਾਂ ਵਾਲਿਆਂ ਕੋਲੋਂ ਤਾਂ ਡਰ ਈ ਬੜਾ ਲੱਗਦੈ...ਇਹਨਾਂ ਕੋਲ ਤਾਂ ਭਰਾਵਾ ਪੀਣੀ ਵੀ ਔਖੀ...' ਉਹਦਾ ਇਸ਼ਾਰਾ ਅਗਲੀਆਂ ਸੀਟਾਂ ਤੇ ਬੈਠੀ ਨਾਮਧਾਰੀ ਕੁੜਮ-ਜੋੜੀ ਵੱਲ ਸੀ।

'ਨਹੀਂ ਨਹੀਂ...ਤੂੰ ਫ਼ਿਕਰ ਨਾ ਕਰ.. ਇਹ ਆਪਣੇ ਹੀ ਬੰਦੇ ਨੇ...ਮਿੱਤਰ ਨੇ ਆਪਣੇ...ਉਂਜ ਵੀ ਚੰਗੇ ਆਦਮੀ ਨੇ...ਤੂੰ ਉਹੋ ਜਿਹੀ ਚਿੰਤਾ ਨਾ ਕਰ...।'

'ਫੇਅ ਠੀਕ ਐ...' ਉਸਨੇ ਸੌਖ ਮਹਿਸੂਸ ਕਰਦਿਆਂ ਮੇਰੇ ਪੱਟ ਤੇ ਹੱਥ ਮਾਰਿਆ ਤੇ ਫਿਰ ਅਗੇ ਨੂੰ ਉਲਰ ਕੇ ਜਗਦੀਸ਼ ਸਿੰਘ ਨੂੰ ਕਹਿਣ ਲੱਗਾ, 'ਇਹਨਾਂ ਤੁਹਾਡੇ ਬਾਰੇ ਦੱਸ ਦਿੱਤੈ। ..ਹੁਣ ਤਾਂ ਭਾਵੇਂ ਮੇਰੇ ਤੋਂ ਸੀਟ ਖਾਲੀ ਕਰਾ ਲੋ...।'

ਕੱਟੇ ਵਾਲਾਂ ਵਾਲੀ, ਲੰਮ ਕੱਦ ਤੇ ਗੋਲ ਚਿਹਰੇ ਵਾਲੀ ਸਭ ਤੋਂ ਬਣਦੀ ਤਣਦੀ ਹੋਸਟੈੱਸ ਬੈਲਟਾਂ ਲਾ ਲੈਣ, ਸਮੋਕ ਨਾ ਕਰਨ ਦੀ ਹਦਾਇਤ ਦੇ ਰਹੀ ਸੀ।

ਜਹਾਜ਼ ਦੇ ਦਿੱਲੀ ਤੋਂ ਉਡਕੇ ਮੁੰਬਈ ਜਾਣ ਬਾਰੇ ਸੂਚਨਾ ਦਿਤੀ ਜਾ ਰਹੀ ਸੀ—

"ਹੁਣ ਅਸੀਂ ਦਿੱਲੀ ਤੋਂ ਉਡਾਨ ਭਰਨ ਲੱਗੇ ਹਾਂ।"

ਹਰਦਿਲਜੀਤ ਨਿਆਣਿਆਂ ਵਾਲੇ ਉਤਸ਼ਾਹ ਵਿਚ ਸੀ। ਮੇਰੇ ਵਾਂਗ ਉਹ ਵੀ ਪਹਿਲੀ ਵਾਰ ਹੀ ਜਹਾਜ਼ ਤੇ ਚੜ੍ਹਿਆ ਸੀ।

ਜਹਾਜ਼ ਹੁਜਕਾ ਮਾਰਕੇ ਹਿੱਲਿਆ ਤੇ ਫਿਰ ਹੌਲੀ ਹੌਲੀ ਤੁਰਦਾ ਮੋੜ ਕੱਟਕੇ 'ਰਨ ਵੇ' ਤੇ ਪਹੁੰਚਾ। ਵਾਰੀ ਉਡੀਕਦੇ ਹੋਰ ਜਹਾਜ਼ ਹਨੇਰੇ ਵਿਚ ਰੌਸ਼ਨੀਆਂ ਸੁਟ ਰਹੇ ਸਨ। ਜਹਾਜ਼ ਹੋਰ ਤੇਜ਼ ਹੋਇਆ ਤਾਂ ਹਰਦਿਲਜੀਤ ਨੇ ਲਲਕਾਰਾ ਮਾਰਿਆ :

"ਉੱਡ ਪੈ ਪੁਤਰਾ ! ਚੜ੍ਹ ਜਾ ਦਿੱਲੀ ਤੇ...ਜਿਹੜੀ ਸਦਾ ਸਾਰਿਆਂ ਤੇ ਚੜ੍ਹੀ ਰਹਿੰਦੀ ਆ।"

ਮੈਂ ਵੀ ਉਸ ਵਾਂਗ ਰੁਮਾਂਚਿਤ ਹੋ ਉਠਿਆ ਸਾਂ, ਪਰ ਉਪਰੋਂ ਗੰਭੀਰ ਬਣਿਆ ਹੋਇਆ ਸਾਂ। ਬੇਮਲੂਮਾ ਜਿਹਾ ਝਟਕਾ ਲੱਗਾ ਅਤੇ ਜਹਾਜ਼ ਦੇ ਨਾਲ ਨਾਲ ਬਰਾਬਰ ਤੁਰ ਰਹੀਆਂ ਦਿੱਲੀ ਸ਼ਹਿਰ ਦੀਆਂ ਰੌਸ਼ਨੀਆਂ ਜਿਵੇਂ ਇਕਦਮ ਧਰਤੀ ਵਿਚ ਧਸ ਕੇ ਚਮਕਣ ਲਗੀਆਂ। ਜਹਾਜ਼ ਹਵਾ ਵਿਚ ਉੱਡ ਰਿਹਾ ਸੀ। ਹੋਰ ਉੱਚਾ ਹੁੰਦਾ ਜਾ ਰਿਹਾ ਸੀ। ਹੇਠਾਂ ਰੌਸ਼ਨੀਆਂ ਦਾ ਸਮੁੰਦਰ ਡਲ੍ਹਕਾਂ ਮਾਰ ਰਿਹਾ ਸੀ। ਉੱਡਦੇ ਜਾਂਦੇ ਜਹਾਜ਼ ਨੂੰ ਵੇਖਕੇ ਹਰਦਿਲਜੀਤ ਲੋੜੋਂ ਉੱਚੀ ਆਵਾਜ਼ ਵਿਚ ਕਹਿ ਰਿਹਾ ਸੀ, "ਭਾਅ ! ਹੈ ਕਿ ਨ੍ਹੀਂ ਬੰਦੇ ਦਾ ਕਮਾਲ ! ਕੀਹਨੇ ਬਣਾਇਆ ਸੀ ਭਲਾ ਹਵਾਈ ਜਹਾਜ਼... ਕੌਣ ਸਨ ਉਹ ਦੋ ਭਰਾ ? ..ਕਿਹੜੇ ਬ੍ਰਦਰਜ਼ ?"

ਫਿਰ ਉਹ ਅਗਲੀ ਸੀਟ ਤੇ ਪਿੱਛੇ ਟੰਗੇ ਬੈਗ ਵਿਚੋਂ ਸੰਗੀਤ ਸੁਣਨ ਲਈ ਰੱਖੇ 'ਹੈੱਡਫੋਨ' ਨੂੰ ਕੱਢਕੇ ਕੰਨਾਂ ਨੂੰ ਲਾਕੇ ਵੇਖਣ ਲਗਾ, "ਇਹ ਕਿਥੋਂ ਵੱਜਦੇ ..ਇਹਨਾਂ ਦਾ ਰਾਗਰੰਗ ਵੀ ਸੁਣੀਏਂ।"

ਉਹਦੇ ਉਤਸ਼ਾਹ ਵਲ ਵੇਖਕੇ ਮੈਂ ਬਚਪਨ ਦੇ ਉਹਨਾਂ ਦਿਨਾਂ ਵਿਚ ਚਲੇ ਗਿਆ ਜਦੋਂ ਅਸਮਾਨ ਤੇ ਉਡਦੇ ਜਹਾਜ਼ ਨੂੰ ਵੇਖਕੇ ਜਮਾਤਾਂ ਦੇ ਕਮਰਿਆਂ ਵਿਚੋਂ ਬਾਹਰ ਆ ਜਾਇਆ ਕਰਦੇ ਸਾਂ ਤੇ ਅਸਮਾਨ ਵਲ ਉਂਗਲਾਂ ਕਰਕੇ ਧਾਤ ਦੇ ਇਸ ਪੰਛੀ ਵਲ ਇਸ਼ਾਰਾ ਕਰਕੇ ਸ਼ੋਰ ਮਚਾਇਆ ਕਰਦੇ ਸਾਂ, "ਜਹਾਜ ਓਏ ਜਹਾਜ...ਔਹ ਵੇਖ...ਔਹ ਈ ਓਏ।" ਕਾਪੀਆਂ 'ਚੋਂ ਕਾਗਜ਼ ਪਾੜ ਕੇ ਜਹਾਜ ਬਣਾ ਕੇ ਉਡਾਉਣ ਵਾਲੇ ਜੱਟਾਂ ਦੇ ਇਸ ਮੁੰਡੇ ਨੇ ਤਾਂ ਕਦੀ ਸੁਪਨੇ ਵਿਚ ਵੀ ਨਹੀਂ ਸੀ ਉਦੋਂ ਸੋਚਿਆ ਕਿ ਉਹ ਖੁਦ ਵੀ ਕਦੀ ਜਹਾਜ਼ ਵਿਚ ਚੜ੍ਹੇਗਾ।

ਏਅਰ ਹੋਸਟੈੱਸ ਡੀਮਾਨਸਟਰੇਸ਼ਨ ਦੇ ਰਹੀ ਸੀ। ਨਾਲ ਦੇ ਨਾਲ ਟੀ. ਵੀ. ਦੀ ਵੱਡੀ ਸਕਰੀਨ ਤੇ ਬਾਕਾਇਦਾ ਹਦਾਇਤਾਂ ਦਿਤੀਆਂ ਜਾ ਰਹੀਆਂ ਸਨ – ਕਦੋਂ ਬੈਲਟ ਲਾਉਣੀ ਹੈ...ਸੰਕਟ ਦੀ ਘੜੀ ਵਿਚ ਕਿਵੇਂ ਬਚਾਓ ਕਰਨਾ ਹੈ...ਕਿਵੇਂ ਐਮਰਜੈਂਸੀ ਡੋਰ ਦੀ ਵਰਤੋਂ ਕਰਨੀ ਹੈ ..



Sri Satguru Jagjit Singh Ji eLibrary NamdhariElibrary@gmail.com

ਆਕਸੀਜਨ ਮਾਸਕ ਕਿਵੇਂ ਪਹਿਨਣਾ ਹੈ ਜੇ ਸਮੁੰਦਰ ਵਿਚ ਜਹਾਜ਼ ਡਿਗ ਪਵੇ ਤਾਂ ਸੁਰਖਿਆ ਜੈਕਟ ਕਿਵੇਂ ਸੀਟ ਹੇਠੋਂ ਕੱਢਕੇ ਗਲ ਵਿਚ ਪਾਉਣੀ ਤੇ ਉਸ ਵਿਚ ਕਿਵੇਂ ਮੂੰਹ ਨਾਲ ਹਵਾ ਭਰਨੀ ਹੈ।

ਪਿਛੋਂ ਪਤਾ ਲਗਾ ਕਿ ਜਾਣਕਾਰੀ ਪਰਪੱਕ ਕਰਨ ਦੇ ਯਤਨ ਵਜੋਂ ਹਰਦਿਲਜੀਤ ਵਾਂਗ ਹੀ ਉਤਸ਼ਾਹੀ ਸ਼ਾਇਰ ਸੁਰਿੰਦਰ ਗਿੱਲ ਨੇ ਸੁਰਖਿਆ ਜੈਕਟ ਪਹਿਨਕੇ ਉਸ ਵਿਚ ਹਵਾ ਭਰ ਲਈ, ਪਰ ਫਿਰ ਉਸ ਨੂੰ ਗਲੋਂ ਲਾਹੁਣ ਦੀ ਜਾਚ ਨਾ ਆਵੇ। ਜਹਾਜ ਦੇ ਕਰਮਚਾਰੀਆਂ ਨੇ ਆਕੇ ਉਹਦੇ ਗਲੋਂ 'ਗਲਾਵਾਂ' ਲਾਹਿਆ। ਓਧਰ ਚੰਗੀ ਹਾਸੜ ਮੱਚੀ।

ਬਚਾਓ ਸਾਧਨਾਂ ਦੀ ਜਾਣਕਾਰੀ ਦੇ ਰਹੀ ਏਅਰ ਹੋਸਟੇਸ ਨੂੰ ਸੁਣ ਕੇ ਹਰਦਿਲਜੀਤ ਕਹਿਣ ਲਗਾ, "ਹੈਦਾਂ ਨ੍ਹੀਂ ਅਸੀਂ ਮਰਦੇ...ਅਸੀਂ ਤਾਂ ਦਾਰੂ ਖੁਣੋਂ ਮਰਦੇ ਜਾਂਦੇ ਆਂ...ਤੂੰ ਸਾਨੂੰ ਉਹ ਪਿਆ...ਪਹਿਲੀ ਵੀ ਲੈਂਹਦੀ ਜਾਂਦੀ ਐ।"

ਉਹ ਘੜੀ-ਮੁੜੀ ਪਰ੍ਹੇ ਬੈਠੇ ਆਪਣੇ ਮਿੱਤਰ ਨੂੰ ਉਚੀ ਆਵਾਜ਼ ਵਿਚ ਪੁਛਦਾ, "ਓਏ ਸ਼ਿੰਦਰਪਾਲ! ਸਕਾਚ ਕਦੋਂ ਆਊਗੀ ਓਏ?"

ਨੇੜਲੀਆਂ ਸਵਾਰੀਆਂ ਉਹਦੀਆਂ ਗੱਲਾਂ ਸੁਣਕੇ ਮੁਟਕ ਰਹੀਆਂ ਸਨ। ਜਗਦੀਸ਼ ਸਿੰਘ ਅਤੇ ਅਨਜਾਣ ਮੇਰੀ ਉਸ ਨਾਲ ਸੰਗਤ ਵੇਖ ਕੇ ਮੁਸਕਰਾ ਰਹੇ ਸਨ।

ਏਅਰ-ਹੋਸਟੈਸਾਂ ਵਾਰੀ ਵਾਰੀ ਮਿੱਠੀਆਂ ਗੋਲੀਆਂ, ਫਰੂਟੀ ਤੇ ਕੁਝ ਹੋਰ ਖਾਣ-ਪੀਣ ਦੀਆਂ ਵਸਤਾਂ ਵਾਰੀ ਵਾਰੀ ਵਰਤਾਉਂਦੀਆਂ ਲੰਘਦੀਆਂ ਤਾਂ ਉਹ ਉਦੋਂ ਵੀ ਮੈਨੂੰ ਕੂਹਣੀ ਮਾਰਕੇ ਹੌਲੀ ਜਿਹੀ ਆਖਦਾ, "ਇਹਨੂੰ ਪੁਛ, ਉਹ ਚੀਜ਼ ਕਦੋਂ ਆਊਗੀ?"

ਉਹਦੇ ਬਾਰ ਬਾਰ ਕਹਿਣ ਤੇ ਮੈਂ ਉਸਨੂੰ ਦਸਿਆ, 'ਮੈਂ ਤਾਂ ਪੀਂਦਾ ਨਹੀਂ . ਤੂੰ ਆਪੇ ਹੀ ਪੁੱਛ ਵੇਖ...।'

'ਹੈਂਅ...ਅ...' ਉਹਦੀ ਜਿਵੇਂ ਜਾਨ ਨਿਕਲ ਗਈ। ਤੂੰ ਪੀਂਦਾ ਨਹੀਂ?.. ਝੂਠ ਨਿਰਾ ਝੂਠ ਇਹ ਕਿੱਦਾਂ ਹੋ ਸਕਦੈ...ਨਹੀਂ ਯਾਰ ਮੈਂ ਨਹੀਂ ਮੰਨਦਾ...ਹੱਦ ਹੋ ਗਈ ਯਾਰ ..ਤੂੰ ਪੀਂਦਾ ਨਹੀਂ...ਇਹ ਕਿਵੇਂ ਹੋ ਸਕਦੈ!'

ਐਤਕੀਂ ਉਸਨੇ ਆਪ ਹੀ ਹਿੰਮਤ ਕਰਕੇ ਲਾਗੋਂ ਲੰਘ ਰਹੀ ਹੋਸਟੇਸ ਨੂੰ ਪੁੱਛ ਲਿਆ। ਉਹ ਕਹਿੰਦੀ, 'ਇਹ ਘਰੇਲੂ ਉਡਾਣ ਹੈ।...ਬੰਬੇ ਤੋਂ ਅੱਗੋਂ ਮਿਲੂ...।'

ਉਹ ਹਵਾਈ ਜਹਾਜ਼ ਨਾਲੋਂ ਵੀ ਤੇਜ਼ ਉਡ ਕੇ ਬੰਬਈ ਪਹੁੰਚਣ ਲਈ ਤਬਲੋਮੱਛੀ ਹੋਣ ਲੱਗਾ, 'ਬੰਬਈ ਕਦੋਂ ਕੁ ਆਊ ਯਾਰ!'

ਫਿਰ ਉਸਨੇ ਸ਼ਾਂਤ ਹੋ ਕੇ ਖ਼ੁਸ਼ੀ ਖ਼ੁਸ਼ੀ ਮੈਨੂੰ ਸੁਲਾਹ ਮਾਰੀ, 'ਆਪਾਂ ਬੰਬਈ ਤੋਂ ਅਗਲੀ ਫਲਾਈਟ 'ਚ ਵੀ ਦੋਵੇਂ ਭਰਾ ਇਕੱਠੇ ਬੈਠਾਂਗੇ।'

ਪਰ ਬੰਬਈ ਤੋਂ ਅੱਗੋਂ ਮੈਂ ਉਸ ਨਾਲ ਬੈਠਣ ਦਾ ਸਭਾਗ ਪ੍ਰਾਪਤ ਕਰਨੋਂ ਬਚ ਗਿਆ।

## ਉਡਿਆ ਜਾ ਰਿਹਾ ਪਿੰਡ

ਦਿੱਲੀ ਤੋਂ ਜਦੋਂ ਜਹਾਜ਼ ਉੱਡਿਆ ਸੀ ਤਾਂ ੮ ਜੁਲਾਈ ਦੇ ਦੋ ਵਜੇ ਸਨ।

ਕੁਝ ਚਿਰ ਰੁਕ ਕੇ ਜਹਾਜ਼ ਨੇ ਤੜਕੇ ਪੰਜ ਵਜੇ ਮੁੰਬਈ ਤੋਂ ਲੰਡਨ ਲਈ ਉਡਾਣ ਭਰ ਲਈ। ਐਤਕੀਂ ਮੈਨੂੰ ਜਿਥੇ ਸੀਟ ਮਿਲੀ, ਮੇਰੇ ਆਸੇ ਪਾਸੇ ਦੋ ਅਜਨਬੀ ਬੰਦੇ ਸਨ। ਮੈਂ ਦੋਹਾਂ ਵਿਚ ਬੈਠਾ ਆਪਣੇ ਆਪ ਨੂੰ ਔਖਾ ਮਹਿਸੂਸ ਕਰ ਰਿਹਾ ਸਾਂ। ਕੀ ਮੈਂ ਇਕੱਲਾ ਗੁੰਗਾ ਬਣ ਕੇ ਸਾਰਾ ਸਮਾਂ ਇਹਨਾਂ ਕੋਲ ਬੈਠਾ ਰਹਾਂਗਾ! ਮੇਰਾ ਕੋਈ ਜਾਣੂ-ਸਿਆਣੂ ਕੋਲ ਤਾਂ ਚਾਹੀਦਾ ਸੀ। ਨਾਲ ਦੀ ਸੀਟ 'ਤੇ ਨਾ ਸਹੀ— ਅੱਗੈ ਪਿਛੇ ਹੀ ਸਹੀ। ਭਾਵੇਂ ਹਰਦਿਲਜੀਤ ਹੀ ਕਿਉਂ ਨਾ ਹੁੰਦਾ!

ਏਨੇ ਨੂੰ ਮੇਰੇ ਸੱਜੇ ਹੱਥ ਬੈਠੇ ਬਜ਼ੁਰਗ ਦੀ ਪਤਨੀ ਨੇ ਮੈਨੂੰ ਬੇਨਤੀ ਕੀਤੀ ਕਿ ਉਸਦੀ ਤਬੀਅਤ ਠੀਕ ਨਹੀਂ ਤੇ ਉਹ ਆਪਣੇ ਪਤੀ ਕੋਲ ਬੈਠਣਾ ਚਾਹੁੰਦੀ ਹੈ ਪਰ ਉਸਦੀ ਸੀਟ ਦੂਜੇ ਪਾਸੇ ਕਿਸੇ ਹੋਰ ਥਾਂ ਤੇ ਹੈ ਸੋ ਮੈਂ ਉਸਦੀ ਸੀਟ 'ਤੇ ਜਾ ਬੈਠਾ ਅਤੇ ਆਪਣੀ ਸੀਟ ਉਸ ਲਈ ਵਿਹਲੀ ਕਰ ਦਿਆਂ ਤਾਂ ਉਹ ਮੇਰੀ ਬਹੁਤ ਧੰਨਵਾਦੀ ਹੋਵੇਗੀ। ਉਸ ਔਰਤ ਦੇ ਮੂੰਹ ਤੇ ਫੋੜਾ ਜਾਂ ਜ਼ਖ਼ਮ ਹੋਣ ਕਰਕੇ ਪੱਟੀ ਬੱਧੀ ਹੋਈ ਸੀ। ਮੈਂ ਖ਼ੁਸ਼ੀ ਖ਼ੁਸ਼ੀ ਇਹ 'ਕੁਰਬਾਨੀ' ਕਰਨੀ ਮੰਨ ਗਿਆ। ਅਸਲ ਵਿਚ ਮੈਂ ਤਾਂ ਖ਼ੁਦ ਉਥੋਂ ਨਿਕਲਣਾ ਚਾਹੁੰਦਾ ਸਾਂ। ਸੋਚਿਆ, ਹੋ ਸਕਦੈ ਉਸ ਬਜ਼ੁਰਗ ਔਰਤ ਦੀ ਸੀਟ ਦੇ ਨੇੜੇ ਤੇੜੇ ਕੋਈ 'ਆਪਣਾ' ਬੰਦਾ ਹੀ ਸ਼ਾਇਦ ਲੱਭ ਪਵੇ!

ਜਦੋਂ ਮੈਂ ਉਸ ਔਰਤ ਦੀ ਸੀਟ 'ਤੇ ਪੁੱਜਾ ਤਾਂ ਵੇਖਿਆ ਕਿ ਸੱਜੇ ਪਾਸੇ ਤਿੰਨਾ ਤਿੰਨਾਂ ਸੀਟਾਂ ਦੀਆਂ ਲਾਈਨਾਂ ਵਿਚੋਂ ਸਾਡੀ ਲਾਈਨ ਵਿਚ ਬਾਰੀ ਵੱਲ ਦੀ ਸੀਟ ਉਪਰ ਇਕ ਬਾਰਾਂ ਚੌਦਾਂ ਸਾਲਾਂ ਦੀ ਲੜਕੀ ਬੈਠੀ ਹੋਈ ਸੀ— ਜਿਸਦੀ ਮਾਂ ਦੋ ਕੁ ਲਾਈਨਾਂ ਛੱਡਕੇ ਪਿਛੇ ਕਿਸੇ ਹੋਰ ਸੀਟ 'ਤੇ ਬੈਠੀ ਹੋਈ ਸੀ ਅਤੇ ਆਪਣੀ ਲਾਲ ਟੀ-ਸ਼ਰਟ ਤੇ ਕਾਲੀ ਪੈਂਟ ਵਿਚ ਕਾਫੀ ਬਣਦੀ ਤਣਦੀ ਸੀ। ਬੱਚੀ ਤੋਂ ਉਰਲੀ ਤੇ ਤਿੰਨਾਂ ਵਿਚੋਂ ਵਿਚਕਾਰਲੀ ਸੀਟ 'ਤੇ



Sri Satguru Jagjit Singh Ji eLibrary NamdhariElibrary@gmail.com

ਖੁੱਲ੍ਹੀ ਦਾੜ੍ਹੀ ਵਾਲਾ ਇਕ ਨੌਜੁਆਨ ਬੈਠਾ ਸੀ। ਤੀਜੀ ਸੀਟ ਉਪਰ ਜਦੋਂ ਮੈਂ ਬੈਠਣ ਲੱਗਾ ਤਾਂ ਉਹ ਨੌਜੁਆਨ ਕਹਿੰਦਾ; 'ਇਹ ਤਾਂ ਇਕ ਬੇਬੇ ਦੀ ਸੀਟ ਐ ..।'

'ਉਹ ਬੇਬੇ ਸਮਝ ਮੈਂ ਈ ਆਂ' ਮੈਂ ਉਸਨੂੰ ਸੀਟਾਂ ਦੇ ਹੋਏ ਤਬਾਦਲੇ ਬਾਰੇ ਦੱਸਿਆ।

ਜਹਾਜ਼ ਉਡਿਆ ਤਾਂ ਕੁਝ ਮਿੱਤਰ ਸੀਟਾਂ ਦਾ ਆਪਸ ਵਿਚ ਤਬਾਦਲਾ ਕਰਕੇ ਆਪੋ ਆਪਣੇ ਯਾਰਾਂ ਮਿੱਤਰਾਂ ਕੋਲ ਬੈਠਣ ਦੀ ਜ਼ਿਦ ਅਤੇ ਯਤਨ ਕਰਨ ਲੱਗੇ। ਅਮਰਜੀਤ ਗਰੇਵਾਲ, ਸਤਿੰਦਰ ਨੂਰ ਤੇ ਡਾ. ਜਸਪਾਲ ਸਿੰਘ ਨੇ ਹੋਰਨਾਂ ਨਾਲ ਸੀਟਾਂ ਦਾ ਤਬਾਦਲਾ ਕਰ ਕੇ ਇਕੱਠੇ ਮਿਲ ਬੈਠ ਕੇ ਸਫ਼ਰ ਕਰਨ ਦਾ ਜੁਗਾੜ ਬਣਾ ਲਿਆ ਸੀ।

ਮੇਰੇ ਨਾਲ ਬੈਠੇ ਨੌਜੁਆਨ ਨੂੰ ਉਹਦੇ ਕਿਸੇ ਸਾਥੀ ਨੇ ਆ ਕੇ ਪੁਛਿਆ, "ਤੂੰ ਆਪਣੀ ਸੀਟ ਛੱਡ ਕੇ ਏਥੇ ਕਿਉਂ ਆ ਗਿਐਂ ?"

'ਐਵੇਂ ਹੀ ਯਾਰ.. ਔਹ ਇਕ ਭਾਈ...ਬਦੋਬਦੀ...' ਉਸਨੇ ਪੰਜ ਸਤ ਲਾਈਨਾ ਛੱਡਕੇ ਅਗੇ ਬੈਠੇ ਅਮਰਜੀਤ ਗਰੇਵਾਲ ਵੱਲ ਇਸ਼ਾਰਾ ਕੀਤਾ। ਮੈਨੂੰ ਜਾਪਿਆ ਉਹਨੂੰ ਅਚਵੀ ਲੱਗੀ ਹੋਈ ਸੀ ਤੇ ਉਹ ਸੀਟ ਬਦਲ ਕੇ ਡਾਢਾ ਬੇਚੈਨ ਸੀ। ਫਿਰ ਉਹ ਯਕਾ ਯਕ ਉਠਿਆ ਤੇ ਅਮਰਜੀਤ ਗਰੇਵਾਲ ਹੁਰਾਂ ਕੋਲ ਪਹੁੰਚ ਗਿਆ। ਅਸਲ ਵਿਚ ਉਹ ਹੁਣ ਜਿਸ ਸੀਟ 'ਤੇ ਬੈਠਾ ਸੀ, ਉਹ ਗਰੇਵਾਲ ਦੀ ਆਪਣੀ ਸੀਟ ਸੀ ਤੇ ਜਿਥੇ ਗਰੇਵਾਲ ਹੁਣ ਜਾ ਕੇ ਬੈਠਾ ਸੀ ਉਹ ਉਸ ਨੌਜੁਆਨ ਦੀ ਸੀ। ਉਹ ਜਾ ਕੇ ਅਮਰਜੀਤ ਨੂੰ ਆਪਣੀ ਸੀਟ ਤੇ ਚਲੇ ਜਾਣ ਲਈ ਕਹਿਣ ਲੱਗਾ। ਸਾਰਿਆਂ ਨੇ ਉਸਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਜ਼ਿਦ ਤੇ ਕਾਇਮ ਰਿਹਾ। ਅਮਰਜੀਤ ਸੀਟ ਤੋਂ ਉਠ ਖੜੋਤਾ ਤੇ ਪਿਛੇ ਵੇਖਿਆ। ਮੈਨੂੰ ਪਿਛੇ ਬੈਠਾ ਵੇਖ ਕੇ ਉਸਨੂੰ ਤਸੱਲੀ ਹੋ ਗਈ ਕਿ ਚਲ ਹੁਣ ਤਾਂ ਪਿਛੇ ਜਾ ਕੇ ਵੀ ਬੈਠਿਆ ਜਾ ਸਕਦਾ ਹੈ। ਮੈਂ ਵੀ ਉਸਨੂੰ ਪਿਛੇ ਆਉਣ ਦਾ ਇਸ਼ਾਰਾ ਕਰ ਦਿਤਾ।

ਪਰ ਉਸ ਨੌਜੁਆਨ ਦੇ ਬਰਗਾਨਾ ਵਿਹਾਰ 'ਤੇ ਉਸਨੂੰ ਗੁੱਸਾ ਆ ਗਿਆ।

'ਵੈਸੇ ਸ੍ਰੀਮਾਨ ਤੂੰ ਜਾ ਕਿਥੇ ਰਿਹੈਂ ?'

'ਮਿਲਵਾਕੀ ਕਾਨਫ਼ਰੰਸ ਤੇ।'

'ਵਾਅਹ !' ਹੈਰਾਨ ਹੋਕੇ ਅਮਰਜੀਤ ਨੇ ਪੁਛਿਆ, 'ਕਿਸ ਕੈਟਾਗਰੀ ਵਿਚ ..ਤੂੰ ਚੀਜ਼ ਕੀ ਐਂ' ?'

'ਮੈਂ ਲੇਖਕ ਹਾਂ..." ਉਸਨੇ ਪੂਰੇ ਰੋਹਬ ਨਾਲ ਦੱਸਿਆ।

'ਕੀ ਲਿਖਦੈਂ' ?'

'ਕਹਾਣੀ'

'ਔਹ ਜਿਸ ਬੰਦੇ ਕੋਲੋਂ ਬੈਠਾ ਆਇਐਂ ਉਹ ਪੰਜਾਬੀ ਦਾ ਬਹੁਤ ਵੱਡਾ ਕਹਾਣੀਕਾਰ ਹੈ। ਤੂੰ ਉਸਨੂੰ ਜਾਣਦੈਂ ?'

'ਮੈਂ ਨਹੀਂ ਜਾਣਦਾ।'

'ਉਸਦਾ ਨਾਂ ਹੈ ਵਰਿਆਮ ਸੰਧੂ..। ਕੀ ਤੂੰ ਇਸ ਨਾਂ ਦੇ ਕਹਾਣੀਕਾਰ ਨੂੰ ਜਾਣਦੈਂ...ਕਦੀ ਨਾਂ ਸੁਣਿਐ ਉਹਦਾ ..ਕਦੀ ਕੋਈ ਚੀਜ਼ ਪੜ੍ਹੀ ਹੋਵੇ ..।'

'ਮੈਨੂੰ ਕੀ ਪਤਾ ਵਰਿਆਮ ਸੰਧੂ ਕੌਣ ਐ ? ਮੈਂ ਨਹੀਂ ਉਹਨੂੰ ਜਾਣਦਾ ਜੂਣਦਾ। ਨਾ ਕਦੀ ਉਹਨੂੰ ਪੜ੍ਹਿਆ ਸੁਣਿਐ।'

ਉਸਨੇ ਦੋ-ਟੁੱਕ ਗੱਲ ਮੁਕਾਈ। ਅਮਰਜੀਤ ਤੇ ਹੋਰ ਲੋਕ ਉਹਦੀ 'ਅਮੀਰ ਸਾਹਿਤਕ ਜਾਣਕਾਰ ਤੇ ਹੱਸੇ।

ਅਮਰਜੀਤ ਮੇਰੇ ਕੋਲ ਆਕੇ ਬੈਠ ਗਿਆ।

'ਯਾਰ ਕਿਹੋ ਜਿਹੇ ਲੋਕ ਕਾਨਫਰੰਸ ਤੇ ਜਾ ਰਹੇ ਨੇ...'!

ਉਸਨੇ ਉਧਰ ਹੋਈ ਵਾਰਤਾਲਾਪ ਮੇਰੇ ਨਾਲ ਸਾਂਝੀ ਕੀਤੀ।

ਲੈ ਇਹੋ ਜਿਹੇ ਲੇਖਕ ਵੀ ਜਾ ਰਹੇ ਨੇ ਕਾਨਫਰੰਸ ਤੇ।' ਅਮਰਜੀਤ ਨੂੰ ਗਿਲਾ ਸੀ, "ਪਛਾਣ ਕੇ ਦੱਸ ਇਹਨਾਂ ਲੋਕਾਂ ਨੂੰ...ਜਿਹੜੇ ਕਾਨਫਰੰਸ ਤੇ ਜਾ ਰਹੇ ਨੇ...ਇਹਨਾਂ ਦਾ ਕਿਹੜਾ ਖੇਤਰ ਤੇ ਕੀ ਪ੍ਰਾਪਤੀਆਂ ਨੇ ..।'

ਮੈਂ ਉਸਦਾ ਗਿਲਾ ਦੂਰ ਕਰਨ ਦਾ ਯਤਨ ਕੀਤਾ, 'ਇਹ ਸਭ 'ਮਹਾਨ ਪੰਜਾਬੀ' ਨੇ।'

ਅਸੀਂ ਠਾਹਕਾ ਮਾਰ ਕੇ ਹੱਸੇ ਤੇ ਪਹਿਲੀ ਕੁੜੱਤਣ ਥੁੱਕ ਦਿਤੀ।

ਜਹਾਜ਼ ਵਿਚ ਸਵਾਰ ਦੂਸਰੀਆਂ ਸਵਾਰੀਆਂ ਤੋਂ ਬਿਨਾਂ ਸਵਾ ਕੁ ਸੌ ਤੋਂ ਉਪਰ ਕਾਨਫ਼ਰੰਸ ਤੇ ਹੀ ਜਾਣ ਵਾਲੀਆਂ ਸਵਾਰੀਆਂ ਸਨ। ਇਨ੍ਹਾਂ ਵਿਚ ਪੰਝੀ ਤੀਹ ਬੰਦੇ ਅਸੀਂ ਅਜਿਹੇ ਸਾਂ ਜੋ ਇਕ ਦੂਜੇ ਨੂੰ ਜਾਣਦੇ ਸਾਂ। ਉਹਨਾਂ ਵਿਚੋਂ ਕੁਝ ਦੋਸਤ ਆਪੋ ਆਪਣੀਆਂ ਸੀਟਾਂ ਤੋਂ ਉਠ ਕੇ ਦੂਜੇ ਦੋਸਤਾਂ-ਮਿੱਤਰਾਂ ਦੀਆਂ ਸੀਟਾਂ ਅਤੇ ਟਿਕਾਣੇ ਲੱਭਦੇ ਉਹਨਾਂ ਨਾਲ ਮਿਲਦੇ ਗਿਲਦੇ ਏਧਰੋਂ ਉਧਰ ਤੇ ਉਧਰੋਂ ਇਧਰ ਆ ਜਾ ਰਹੇ ਸਨ, ਜਿਵੇਂ ਪਿੰਡ ਦੀਆਂ ਗਲੀਆਂ ਵਿਚ ਲੋਹੜੀ ਵਾਲੇ ਦਿਨ ਤੁਰੇ ਫਿਰਦੇ ਹੋਣ।

ਬਲਦੇਵ ਧਾਲੀਵਾਲ ਕੋਲ ਆਇਆ ਤੇ ਕਹਿਣ ਲੱਗਾ, "ਲੱਗਦੇ ਜਿਵੇਂ ਪੂਰੇ ਦਾ ਪੂਰਾ ਘਰ ਹੀ ਉਡਿਆ



Sri Satguru Jagjit Singh Ji eLibrary NamdhariElibrary@gmail.com

ਜਾਂ ਰਿਹੈ ਅਸਮਾਨ ਵਿਚ...।'

ਯਾਰਾਂ ਦੋਸਤਾਂ ਦੀ ਅਪਣੱਤ ਭਰੀ ਹਾਜ਼ਰੀ ਵਿਚ ਜਹਾਜ਼ ਆਪਣਾ 'ਯਾਰ' ਹੀ ਲੱਗਦਾ ਪਿਆ ਸੀ। ਓਪਰੇਪਨ, ਇਕੱਲਤਾ ਤੇ ਅਸੁਰੱਖਿਆ ਦਾ ਉਹ ਅਹਿਸਾਸ, ਜੋ ਮੇਰੇ ਵ ਗੇ ਪਹਿਲੀ ਵਾਰ ਇਕੱਲਿਆਂ ਜਹਾਜ਼ੇ ਬੈਠਣ ਵਾਲੇ ਨੂੰ ਹੋਣਾ ਚਾਹੀਦਾ ਸੀ—ਕਿਧਰੇ ਨੇੜੇ-ਤੇੜੇ ਵੀ ਨਹੀਂ ਸੀ।

ਕੁਝ ਦੋਸਤ ਮਿੱਤਰ ਜਹਾਜ਼ ਵਿਚ ਬੈਠੇ ਆਪੋ ਆਪਣੇ ਮਿੱਤਰਾਂ ਦੀਆਂ ਤਸਵੀਰਾਂ ਖਿੱਚ ਰਹੇ ਸਨ। ਏਅਰ ਇੰਡੀਆ ਦੀਆਂ ਹੋਸਟੈਸਾਂ ਟਰਾਲੀਆਂ ਖਿੱਚੀ, ਥੱਕੀਆਂ ਤੇ ਮੁਰਝਾਈਆਂ ਵਕਫ਼ੇ ਬਾਦ ਖਾਣ-ਪੀਣ ਲਈ ਕੁਝ ਨਾ ਕੁਝ ਦਿਤੀ ਜਾ ਰਹੀਆਂ ਸਨ: ਅਚਨਚੇਤ ਮੈਨੂੰ ਖਿਆਲ ਆਇਆ ਕਿ ਤਾਰਾ ਸਿੰਘ ਅਨਜਾਣ ਦੇ ਪਰੌਂਠੇ ਤਾਂ ਮੇਰੇ ਬੈਗ ਵਿਚ ਪਏ ਹਨ। ਅਨਜਾਣ ਖਾਣ-ਪੀਣ ਪੱਖੋਂ ਵਧੇਰੇ ਸੰਧੀ ਹੈ ਅਤੇ ਹੋਟਲਾਂ ਜਾਂ ਦੁਕਾਨਾਂ ਤੋਂ ਖਾਣ ਵਿਚ ਯਕੀਨ ਨਹੀਂ ਰੱਖਦਾ। ਇਸੇ ਕਰਕੇ ਉਸਨੇ ਸਫ਼ਰ ਅਤੇ ਅਗਲੇ ਦਿਨਾਂ ਲਈ ਗੁਜ਼ਾਰੇ ਜੋਗੀ ਪੰਜੀਰੀ ਵੀ ਬਣਵਾਕੇ ਨਾਲ ਲੈ ਲਈ ਸੀ। ਮੈਂ ਪਰੌਂਠਿਆਂ ਦਾ ਥੱਬਾ ਹੱਥ ਵਿਚ ਫੜਿਆ ਤੇ ਦੋਹਾਂ Twin Brothers ਨੂੰ ਲੱਭਣ ਤੁਰ ਪਿਆ।

ਕੀ ਵੇਖਦਾ ਹਾਂ, ਬੰਬਈ ਤੋਂ ਅੱਗੇ ਵੀ ਮੇਰੇ ਨਾਲ ਹੀ ਸੀਟ ਮੱਲਣ ਦੀ ਇੱਛਾ ਪ੍ਰਗਟਾਉਣ ਵਾਲਾ ਹਰਦਿਲਜੀਤ ਦੋ ਅਜਨਬੀ ਮੋਟੀਆਂ ਔਰਤਾਂ ਵਿਚ ਫਸਿਆ ਬੈਠਾ ਚੁੱਪ ਚਾਪ ਬਿਲ-ਬਤੌਰੀ ਵਾਂਗ ਝਾਕ ਰਿਹਾ ਸੀ। ਮੈਂ ਖਲੋਕੇ ਅੱਖਾਂ ਹੀ ਅੱਖਾਂ ਵਿਚ ਉਸਦੀ 'ਤਰਸਯੋਗ' ਹਾਲਤ ਵੱਲ ਇਸ਼ਾਰਾ ਕੀਤਾ ਤਾਂ ਅੱਗੋਂ ਹੱਸ ਕੇ ਕਹਿੰਦਾ, 'ਬੁਰਾ ਫਸਿਆ'।

ਕੁਝ ਪਰੌਂਠੇ ਮੈਂ ਅਨਜਾਣ ਹੁਰਾਂ ਨੂੰ ਫੜਾਏ ਤੇ ਕੁਝ ਆਸੇ ਪਾਸੇ ਬੈਠੇ ਹੋਰ ਦੋਸਤਾਂ ਨੂੰ। ਭਾਵੇਂ ਜਹਾਜ਼ ਵਾਲਾ ਖਾਣਾ ਲੋਕਾਂ ਨੇ ਖਾ ਲਿਆ ਸੀ ਪਰ ਫਿਰ ਵੀ ਪੂਣੀ ਬਣਾ ਕੇ ਬੁਰਕੀਆਂ ਮਾਰ ਕੇ ਪਰੌਂਠੇ ਖਾਣ ਦਾ ਆਪਣਾ ਹੀ ਸਵਾਦ ਸੀ।

ਆਪਣੀ ਸੀਟ ਵੱਲ ਵਾਪਸ ਮੁੜਦਿਆਂ ਜਗਦੇ ਚਿਹਰੇ ਵਾਲੀ ਸ਼ਾਇਰਾ ਭੁਪਿੰਦਰਜੀਤ ਤੇ ਉਸ ਨਾਲ ਬੈਠੇ ਬਲਦੇਵ ਧਾਲੀਵਾਲ ਨਾਲ ਟਾਕਰਾ ਹੋਇਆ ਤਾਂ ਪ੍ਰੀਤ ਬਲਦੇਵ ਨੂੰ ਕਹਿੰਦੀ, 'ਭਾ ਜੀ ਨੂੰ ਭੁੱਲਰ ਹੋਰਾਂ ਵਾਲੀ ਚਿੱਠੀ ਵਿਖਾ...।'

'ਮੈਂ ਦੇਖ ਲਈ ਹੈ...।'

ਉਹ ਚਿੱਠੀ ਬਲਦੇਵ ਮੈਨੂੰ ਜਹਾਜ਼ ਚੜ੍ਹਨ ਤੋਂ ਪਹਿਲਾਂ ਹੀ ਦੇ ਚੁੱਕਾ ਸੀ।

'ਭੁੱਲਰ ਭਾਜੀ ਵੀ ਤੁਹਾਡੇ ਵਾਂਗ ਬੜੇ ਖ਼ੁਸ਼ਦਿਲ ਨੇ...।' ਭੁਪਿੰਦਰਪ੍ਰੀਤ ਦੇ ਚਿੱਟੇ ਦੰਦ ਲਿਸ਼ਕੇ ਤੇ ਮੋਟੀਆਂ ਅੱਖੀਆਂ ਦੇ ਚੀਰ ਹੋਰ ਖਿੱਚੇ ਗਏ।

ਅਸਲ ਵਿਚ ਉਹ ਭੁਲਰ ਦੀ ਚਿੱਠੀ ਦਾ ਮਜ਼ਮੂਨ ਮਨ ਹੀ ਕਲਪ ਕੇ ਖ਼ੁਸ਼ ਹੋ ਰਹੀ ਸੀ।

ਇਸ ਤੋਂ ਪਹਿਲਾਂ ਮੈਂ ਜਦੋਂ ਵੀ ਦਿੱਲੀ ਆਉਂਦਾ ਤਾਂ ਗੁਰਬਚਨ ਸਿੰਘ ਭੁੱਲਰ ਦੇ ਘਰ ਹੀ ਠਹਿਰਦਾ। ਐਤਕੀਂ ਅਨਜਾਣ ਹੁਰਾਂ ਵੱਲ ਠਹਿਰਨ ਕਰਕੇ ਤੇ ਕੱਸੇ ਹੋਏ ਸਮੇਂ ਵਿਚੋਂ ਥੋੜ੍ਹੀ ਜਿਹੀ ਵਿਰਲ ਵੀ ਨਾ ਕੱਢ ਸਕਣ ਕਰਕੇ ਉਸਨੂੰ ਚਾਹੁੰਦਿਆਂ ਹੋਇਆਂ ਵੀ ਨਹੀਂ ਸਾਂ ਮਿਲ ਸਕਿਆ। ਪਹਿਲੇ ਗੇੜੇ ਦਿੱਲੀ ਪਹੁੰਚਣ 'ਤੇ ਸਿਰਫ਼ ਉਸਨੂੰ ਫੋਨ ਹੀ ਕਰ ਸਕਿਆ ਸਾਂ। ਐਤਕੀਂ ਭੁੱਲਰ ਬਲਦੇਵ ਧਾਲੀਵਾਲ ਲਈ 'ਨਿਥਾਵਿਆਂ' ਦਾ ਥਾਂ' ਬਣਿਆ ਸੀ ਤੇ ਉਸਦੇ ਹੱਥ ਭੇਜੀ ਚਿੱਠੀ ਵਿਚ ਉਸਨੇ ਸਾਨੂੰ ਵਿਅੰਗ ਕੀਤਾ ਸੀ ਕਿ ਖੱਤੀਆਂ ਤਾਂ ਥਾਣੇ ਹੋ ਆਉਣ ਪਿਛੋਂ ਆਪਣਿਆ ਵਿਚ ਨਹੀਂ ਰਲਦੀਆਂ ਤੇ ਅਸੀਂ ਤਾਂ ਅਮਰੀਕਾ ਜਾਣ ਤੋਂ ਪਹਿਲਾਂ ਹੀ 'ਰਲਣੋਂ ਮਿਲਣੋਂ' ਗਏ। ਅੱਗੇ ਉਸਨੇ ਨਾਮਧਾਰੀਆਂ ਨੂੰ ਵੰਡੀਆਂ ਗਈਆਂ ਟਿਕਟਾਂ 'ਤੇ ਮਜ਼ਾਹੀਆ ਟਿੱਪਣੀ ਕਰਦਿਆਂ ਹੈਰਾਨੀ ਜ਼ਾਹਿਰ ਕੀਤੀ ਸੀ ਕਿ ਨਾਮਧਾਰੀਏ ਤਾਂ ਭਲਾ ਹੋਏ ਹੀ, ਸਤਿਗੁਰੂ ਜੀ ਤੂੰ ਤਾਂ...ਵਰਗੇ ਕਾਮਰੇਡ ਵੀ ਟਿਕਟਾਂ ਮਾਠ ਗਏ ਸਨ। ਇਸਤੋਂ ਅੱਗੇ ਉਸਨੇ ਮੇਰੇ ਬਾਰੇ ਟਿੱਪਣੀ ਕਰਦਿਆਂ ਲਿਖਿਆ ਕਿ ਵਰਿਆਮ ਤਾਂ ਕਦੀ ਅਮਰੀਕਾ ਜਾ ਹੀ ਨਹੀਂ ਸੀ ਸਕਦਾ ਜੇ ਇਹ ਰਜਵੰਤ ਕੋਲ ਇਹ ਤਰਲਾ ਨਾ ਮਾਰਦਾ ਕਿ, 'ਭਾ ਜੀ ਭੁੱਲਰ ਵੀ ਅਮਰੀਕਾ ਜਾ ਰਹੇ ਨੇ ਇਸ ਲਈ ਉਹਨਾਂ ਦਾ ਸੁਨੇਹਾ ਹੈ ਕਿ ਵਰਿਆਮ ਵੀ ਨਾਲ ਜਾਵੇ।' ਤੇ ਰਜਵੰਤ ਨੇ ਭੁੱਲਰ ਦਾ ਮਾਣ ਰਖਦਿਆਂ ਮੈਨੂੰ ਟਿਕਟਾਂ ਦੇ ਪੈਸੇ ਦੇ ਦਿੱਤੇ। ਭੁੱਲਰ ਦਾ ਦਾਅਵਾ ਸੀ ਕਿ ਇਸ ਪ੍ਰਕਾਰ 'ਵਰਿਆਮ ਦਾ 'ਸਤਿਗੁਰੂ' ਮੈਂ ਹੀ ਹਾਂ।'

ਉਂਜ ਅਮਰੀਕਾ ਤੋਂ ਵਾਪਸ ਮੁੜ ਕੇ ਜਦੋਂ ਅਸੀਂ ਭੁੱਲਰ ਨੂੰ ਮਿਲਣ ਗਏ ਤਾਂ ਭੁੱਲਰ ਕਹਿੰਦਾ, 'ਮੈਨੂੰ ਤਾਂ ਭਾਪਾ ਪ੍ਰੀਤਮ ਸਿੰਘ ਨੇ ਦਸਿਐ ਕਿ ਤੇਰੇ ਯਾਰ ਵਰਿਆਮ ਦਾ ਵੀ ਕੰਮ ਬਣ ਗਿਐ। ਉਸਨੂੰ ਵੀ ਨਾਮਧਾਰੀਆਂ ਟਿਕਟ ਦੇ ਪੈਸੇ ਦਿੱਤੇ ਨੇ...।'

'ਉਹ ਪੈਸੇ ਜਗਦੀਸ਼ ਸਿੰਘ ਹੁਰੀਂ ਖਾ ਗਏ ਲੱਗਦੇ ਆ' ਮੈਂ ਟੋਣਾ ਮਾਰਿਆ।

ਪਰ ਭੁੱਲਰ ਦੀ ਇਸ 'ਗੰਭੀਰ' ਅਫ਼ਵਾਹ' ਦੀ ਪੁਸ਼ਟੀ ਜਦੋਂ ਨੇੜੇ ਬੈਠੇ ਅਮਰ ਭਾਰਤੀ ਨੇ ਵੀ ਕਰ ਦਿੱਤੀ ਤਾਂ ਮੈਨੂੰ ਸਪਸ਼ਟ ਕਰਨਾ ਪਿਆ, 'ਨਹੀਂ ਜੀ...ਮੇਰਾ 'ਸਤਿਗੁਰੂ' ਤਾਂ ਰਜਵੰਤ ਕੌਰ ਹੈ...।'



Sri Satguru Jagjit Singh Ji eLibrary NamdhariElibrary@gmail.com

ਅਸੀਂ ਕੁਝ ਚਿਰ ਭੁੱਲਰ ਦੀਆਂ ਗੱਲਾਂ ਕੀਤੀਆਂ ਤੇ ਮੈਂ ਪ੍ਰੀਤ ਨੂੰ ਜਗਦੀਸ਼ ਸਿੰਘ ਦੀ ਚਿੱਠੀ ਵਿਚ ਅਨਜਾਣ ਲਈ ਛੱਡੀ ਜਾਣ ਵਾਲੀ ਚੱਪਾ ਕੁ ਖਾਲੀ ਥਾਂ ਬਾਰੇ ਦੱਸਿਆ ਤਾਂ ਉਹ ਦੋਵੇਂ ਖ਼ੂਬ ਹੱਸੇ।

ਮੈਂ ਵੇਖਿਆ ਕੁਝ ਲੇਖਕ ਮਿੱਤਰ ਜਹਾਜ਼ ਵਿਚ ਬੈਠੇ ਨਾਲ ਦੇ ਨਾਲ ਨੋਟਸ ਲੈ ਰਹੇ ਸਨ। ਅਮਰਜੀਤ ਕਾਨਫਰੰਸ ਵਿਚ ਪੜ੍ਹੇ ਜਾਣ ਵਾਲੇ ਪਰਚੇ ਨੂੰ ਦਰੁਸਤ ਕਰ ਰਿਹਾ ਸੀ। ਮੈਂ ਵੀ ਪੈਨ ਫੜਕੇ ਲਿਖਣਾ ਸ਼ੁਰੂ ਕੀਤਾ :

'ਇਸ ਵੇਲੇ ਜਹਾਜ਼ ਕਿਸੇ ਪਹਾੜੀ ਪਥਰੀਲੇ ਇਲਾਕੇ ਤੋਂ ਉੱਡਦਾ ਜਾ ਰਿਹੈ। ਹੇਠਾਂ ਕਿਤੇ ਕਿਤੇ ਬੱਦਲ ਹਨ ਪਰ ਉਂਜ ਧੁੱਪ ਨਾਲ ਧਰਤੀ ਦਾ ਥੱਲਾ ਲਿਸ਼ਕਦਾ ਪਿਐ। ਅਠਾਰਾਂ ਜੁਲਾਈ ਦੇ ਸਵੇਰ ਦੇ ਪੌਣੇ ਗਿਆਰਾਂ ਵੱਜੇ ਹਨ।... ਇੰਸਤਬੋਲ ਉਤੋਂ ਗੁਜ਼ਰ ਰਹੇ ਹਾਂ। ਦਸ ਹਜ਼ਾਰ ਮੀਟਰ ਦੀ ਉਚਾਈ ਅਤੇ ਬਾਹਰ ਮਨਫੀ ੪੧°C ਤਾਪਮਾਨ ਹੈ। ਮੈਂ ਅੱਧੀਆਂ ਬਾਹਵਾਂ ਵਾਲੀ ਕਮੀਜ਼ ਪਾਈ ਹੈ... ਮਾੜੀ ਮਾੜੀ ਠੰਢ ਲੱਗਦੀ ਹੈ...।'

ਕਾਗਜ਼-ਪੱਤਰ ਸਵਾਰ ਕੇ ਅਮਰਜੀਤ ਗਰੇਵਾਲ ਨੇ ਹੇਠਾਂ ਝਾਤੀ ਮਾਰੀ। ਹਰਿਆਲੀਓਂ ਖਾਲੀ ਰੇਤਲੇ ਤੇ ਪਥਰੀਲੇ ਦਿਸਦੇ ਇਲਾਕੇ ਵੱਲ ਵੇਖਕੇ ਆਖਣ ਲੱਗਾ, 'ਐਵੇਂ ਤਾਂ ਨਹੀਂ ਸਨ ਲੋਕ ਏਧਰੋਂ ਭਾਰਤ ਵੱਲ ਭੱਜੇ ਜਾਂਦੇ।...ਆਪਣਾ ਮੁਲਕ ਸੱਚੀਂ ਸੋਨੇ ਦੀ ਚਿੜੀ ਸੀ।'

ਉਹਦੇ ਨੀਲੇ ਕੋਟ ਉਪਰ ਉਹਦੀ ਖੁਲ੍ਹੀ ਦਾੜ੍ਹੀ ਫੈਲਰੀ ਹੋਈ ਸੀ ਤੇ ਮੁੱਛਾਂ ਵਿਚ ਬੁਲ੍ਹਾਂ ਦੇ ਨਾਲ ਨਾਲ ਉਹਦੀਆਂ ਅੱਖਾਂ ਵੀ ਮੁਸਕਰਾ ਰਹੀਆਂ ਸਨ।

ਮੈਂ ਡਾਇਰੀ ਬੰਦ ਕਰ ਦਿੱਤੀ ਤੇ ਆਪਣੇ ਸਾਹਮਣੇ ਬਾਰੀ ਵਿਚੋਂ ਹੇਠਾਂ ਵੇਖਣ ਵਿਚ ਰੁਕਾਵਟ ਬਣੇ ਜਹਾਜ਼ ਦੇ 'ਖੰਭ' ਤੋਂ ਨਜ਼ਰਾਂ ਪਾਰ ਕਰਨ ਲਈ ਥੋੜ੍ਹਾ ਅੱਗੇ ਝੁਕ ਕੇ ਬਾਰੀ ਵਿਚੋਂ ਝਾਤੀ ਮਾਰੀ। ਮੈਨੂੰ ਹਮੇਸ਼ਾ ਉਚੇ ਥਾਂ ਤੋਂ ਅਤੇ ਪਾਣੀ ਤੋਂ ਡਰ ਲੱਗਦਾ ਹੈ। ਇਸਦੇ ਮਨੋਵਿਗਿਆਨਕ ਕਾਰਨ ਹੋਣਗੇ। ਸੁਪਨੇ ਵਿਚ ਵੀ ਮੈਂ ਸਦਾ ਉਚੇ ਥਾਂ ਤੋਂ ਹੇਠਾਂ ਡਿਗ ਪੈਣ ਤੋਂ ਬਚਣ ਦਾ ਚਾਰਾ ਕਰਦਾ ਸਾਹੋ ਸਾਹ ਹੋਇਆ ਰਹਿੰਦਾ ਹਾਂ। ਪਰ ਏਥੇ ਮੈਂ ਦਿਲ ਕਰੜਾ ਕਰਕੇ ਝਾਤ ਮਾਰ ਲਈ। ਮੈਂ ਹਾਸੇ ਨਾਲ ਮਨ ਹੀ ਮਨ ਸੋਚਿਆ ਹੇਠਾਂ ਡਿਗਣ ਲਈ ਮੇਰੇ ਤੋਂ ਪਹਿਲਾਂ ਬਾਰੀ ਵਲ ਦੋ ਸਵਾਰੀਆਂ ਹਨ ਹੀ।' ਉਂਜ ਇਕ ਡੇਢ ਗਿੱਠ ਦੀ ਬਾਰੀ 'ਚੋਂ ਬਾਹਰ ਕਿਸ ਨੇ ਕੀ ਡਿਗਣਾ ਡਿਗਾਉਣਾ ਸੀ।

ਅਮਰਜੀਤ ਗਰੇਵਾਲ ਬਹੁਤ ਪੜ੍ਹਿਆ ਲਿਖਿਆ ਬੰਦਾ ਹੈ ਤੇ ਏਨਾ ਜ਼ਿਆਦਾ ਗਿਆਨ ਲਈ ਫਿਰਦਾ ਹੈ ਕਿ ਕਈ ਵਾਰ ਉਸਤੋਂ ਇਹ ਗਿਆਨ ਸ਼ਬਦਾਂ ਦੇ ਥੱਬੇ ਵਿਚ ਸਮੇਟਣਾ ਮੁਸ਼ਕਲ ਹੋ ਜਾਂਦਾ ਹੈ। ਉਹ ਆਪਣੇ ਪੇਪਰ ਬਾਰੇ ਮੇਰੇ ਨਾਲ ਵਿਚਾਰ ਸਾਂਝੇ ਕਰਨ ਲੱਗਾ। ਪੰਜਾਬ, ਸਿੱਖੀ, ਸਾਂਝਾ ਸਭਿਆਚਾਰ, ਗੁਰੂ ਗ੍ਰੰਥ ਸਾਹਿਬ ਦੀ ਮੌਜੂਦਾ ਸਮੇਂ ਵਿਚ ਸਾਰਥਿਕਤਾ ਬਾਰੇ ਬਹੁਤਾ ਸੁਣਦਿਆਂ ਤੇ ਘੱਟ ਗੱਲਾਂ ਕਰਦਿਆਂ ਅਸੀਂ ਕਦੀ ਕਦੀ ਹੇਠਾਂ ਝਾਤੀ ਵੀ ਮਾਰ ਲੈਂਦੇ। ਅਮਰਜੀਤ ਆਪਣੇ ਥੀਸਿਸ ਬਾਰੇ ਸਪਸ਼ਟ ਸੀ ਤੇ ਪੂਰੇ ਅਧਿਕਾਰ ਨਾਲ ਗੱਲ ਕਰ ਰਿਹਾ ਸੀ।

ਪਤਾ ਨਹੀਂ ਕਿੰਨਾਂ ਕੁ ਸਮਾਂ ਲੰਘ ਚੁਕਾ ਸੀ। 'ਵਰਿਆਮ ਵੇਖ ਹੇਠਾਂ ਸਮੁੰਦਰ ..' ਅਮਰਜੀਤ ਨੇ ਆਖਿਆ।

ਇਹ ਮੇਰੇ ਲਈ ਦੂਜਾ ਮਨੋਵਿਗਿਆਨਕ ਡਰ ਸੀ। ਇਕ ਉਚੇ ਥਾਂ ਤੋਂ ਅਤੇ ਦੂਜਾ ਹੇਠਾਂ ਦੂਰ ਹੀ ਦੂਰ ਤੱਕ ਪਾਣੀ ਹੀ ਪਾਣੀ ਵੇਖਣਾ। ਹਮਾਤੜ੍ਹ ਜਿਹੜੇ ਪਹਿਲੀ ਵਾਰੀ ਹਵਾਈ ਜਹਾਜ਼ ਵਿਚ ਬੈਠੇ ਹੋਣ, ਉਹਨਾਂ ਦੇ ਅਚੇਤ ਵਿਚ ਤਾਂ ਕਦੀ ਕਦੀ ਹੁੰਦੇ ਉਹਨਾਂ ਭਿਆਨਕ ਹਵਾਈ ਹਾਦਸਿਆਂ ਦਾ ਭੈ ਵੀ ਹੁੰਦਾ ਹੈ—ਜਿਨ੍ਹਾਂ ਵਿਚ ਇਕ ਵੀ ਸਵਾਰੀ 'ਸੁਕੀ' ਨਹੀਂ ਬਚਦੀ।

ਮੈਂ ਆਪਣੇ ਮਨ ਦੀ ਦੱਸਦਿਆਂ ਬੱਚਿਆਂ ਵਾਂਗ ਆਖਿਆ, 'ਯਾਰ ਸਮੁੰਦਰ ਵਿਚ ਤਾਂ ਜਹਾਜ਼ ਨਹੀਂ ਡਿੱਗਣਾ ਚਾਹੀਦਾ......ਬਚਾਅ ਹੀ ਕੋਈ ਨਹੀਂ ...।''

'ਜ਼ਮੀਨ 'ਤੇ ਡਿਗਿਆ ਤਾਂ ਜਿਵੇਂ ਬਚਾ ਹੋ ਜਾਊ !'

ਅਸੀਂ ਹੱਥ 'ਤੇ ਹੱਥ ਮਾਰ ਕੇ ਹੱਸੇ।

ਸੂਚਨਾ ਦਿੱਤੀ ਜਾ ਰਹੀ ਸੀ ਕਿ ਕੁਝ ਮਿੰਟਾਂ ਤੱਕ ਜਹਾਜ਼ ਲੰਡਨ ਉਤਰਨ ਵਾਲਾ ਹੈ।

ਅਸੀਂ ਜ਼ਮੀਨ 'ਤੇ ਨਜ਼ਰਾਂ ਗੱਡ ਦਿੱਤੀਆਂ। ਹੇਠਾਂ ਡੱਬੀਆਂ ਵਰਗੇ ਭੂਰੇ ਘਰ। ਇਕ ਦੂਜੀ ਨੂੰ ਕੱਟਦੀਆਂ ਲੰਮੀਆਂ ਕਾਲੀਆਂ ਸੜਕਾਂ। ਲਿਸ਼ਕਦੀ ਧੁੱਪ ਵਿਚ ਉਹਨਾਂ ਸੜਕਾਂ ਉੱਪਰ ਤੀਲਾਂ ਦੀ ਡੱਬੀ ਵਰਗੀਆਂ ਨਿੱਕੀਆਂ, ਰੰਗ ਬਿਰੰਗੀਆਂ ਸਰਕਦੀਆਂ ਦੌੜਦੀਆਂ ਕਾਰਾਂ ਜਿਵੇਂ ਇਕ ਦੂਜੀ ਨੂੰ ਪਿਛੋਂ ਲੱਕ ਤੋਂ ਜੱਫਾ ਮਾਰਨ ਲਈ ਤਿਆਰ ਹੋਣ।

'ਤਾਂ ਇਹ ਹੈ ਲੰਡਨ ! ਇਥੇ ਬਹਿਕੇ ਗੋਰੇ ਹਾਕਮ ਸਾਡੇ 'ਤੇ ਰਾਜ ਕਰਦੇ ਰਹੇ ਸਨ।'

ਇਕ-ਦਮ ਮੇਰੇ ਕੰਨਾਂ ਵਿਚ ਕੜਕੁੱਟ ਪਾਉਂਦੀਆਂ ਢੱਡਾਂ ਦੀਆਂ ਸੁਰਾਂ ਵਿਚ ਸਾਰੰਗੀ ਦੀ ਸੁਰ ਵਿਚ ਗੂੰਜਦੀ ਹੋਈ 'ਊਧਮ ਸਿੰਘ' ਦੀ ਆਵਾਜ਼ ਆਈ :

'ਮੈਨੂੰ ਫੜ ਲੋ ਲੰਡਨ ਵਾਸੀਓ
ਮੈਂ ਖੜਾ ਪੁਕਾਰਾਂ...।'



Sri Satguru Jagjit Singh Ji eLibrary NamdhariElibrary@gmail.com

ਢੂਰ ਪਿੱਛੋਂ ਕਿਧਰੇ ਸ਼ਾਹ ਮੁਹੰਮਦ ਬੋਲਿਆ
'ਨੰਦਨ ਟਾਪੂਆਂ ਵਿਚ ਕੁਰਲਾਟ ਪਿਆ
ਕੁਰਸੀ ਚਾਰ ਹਜ਼ਾਰ ਹੈ ਸੱਖਣੀ ਜੀ।'

ਆਜ਼ਾਦੀ ਤੋਂ ਪਹਿਲਾਂ ਸਾਡੀ ਦੁਸ਼ਮਣੀ ਦੀ ਸਿਖਰ ਤੇ ਪਿਛੋਂ ਸਾਡੇ ਲੋਕਾਂ ਲਈ ਰੋਟੀ ਰੋਜ਼ੀ ਦਾ ਆਸਰਾ ਬਣਿਆ ਇਕ ਸੁਪਨਾ ਇਕ ਕਲਪਨਾ ਦੁਨੀਆਂ ਦਾ ਮਹਾਨ ਸ਼ਹਿਰ ਲੰਡਨ . ਹਕੀਕਤ ਬਣ ਕੇ ਮੇਰੇ ਪੈਰਾਂ ਹੇਠਾਂ ਲਿਸ਼ਕਦਾ ਪਿਆ ਸੀ। ਅਗਲੇ ਪਲ ਜਹਾਜ਼ ਨੀਵਾਂ ਹੋਇਆ। ਨੀਵਾਂ ਤੇ ਹੋਰ ਨੀਵਾਂ ਤੇ ਫਿਰ ਪੱਧਰੀ ਪਟੜੀ 'ਤੇ ਦੌੜਨ ਲੱਗਾ। ਮੈਂ ਦੇਖਿਆ—ਇਹ ਸੀ ਉਹ ਧਰਤੀ ਜਿਸਨੂੰ 'ਵਲਾਇਤ' ਕਿਹਾ ਜਾਂਦਾ ਸੀ। ਕਦੀ ਵਲਾਇਤੋਂ ਹੋਕੇ ਜਾਂ ਪੜ੍ਹ ਕੇ ਪਰਤੇ ਬੰਦੇ ਨੂੰ ਏਨੀ ਡੂੰਘੀ ਜਗਿਆਸਾ ਨਾਲ ਵੇਖਿਆ ਜਾਂਦਾ ਸੀ ਜਿਵੇਂ ਉਹ ਖ਼ੁਦ 'ਵਲਾਇਤ' ਹੋਵੇ।

ਇਹ ਲੰਡਨ ਦਾ ਹੀਥਰੋ ਏਅਰਪੋਰਟ ਸੀ। ਇਥੇ ਜਹਾਜ਼ ਨੇ ਕੁਝ ਦੇਰ ਰੁਕਣਾ ਸੀ। ਜਹਾਜ਼ ਦੀ ਸਫਾਈ ਹੋਣੀ ਸੀ ਤੇ 'ਕਰਿਊ' ਬਦਲਣਾ ਸੀ। ਅਸੀਂ ਏਅਰਪੋਰਟ ਦੇ ਅੰਦਰ ਅੰਦਰ ਹੀ ਘੁੰਮ ਫਿਰ ਕੇ ਲੰਡਨ ਦੀ ਧਰਤੀ 'ਤੇ ਤੁਰਨ ਦੀ ਸਿੱਕ ਪੂਰੀ ਕੀਤੀ।

ਆਖ਼ਰ ਸਾਢੇ ਚਾਰ ਵਜੇ ਜਹਾਜ਼ ਲੰਡਨ ਤੋਂ ਸ਼ਿਕਾਗੋ ਵੱਲ ੬੫੫੦ ਕਿਲੋਮੀਟਰ ਦੀ ਉਡਾਨ ਭਰਨ ਤੁਰ ਪਿਆ।

ਹੁਣ ਤੱਕ ਜਹਾਜ਼ ਵਿਚ ਚੜ੍ਹਨ, ਸਾਥੀਆਂ ਨੂੰ ਮਿਲਣ ਤੇ ਮੁਢਲੀ ਗੱਪ-ਗੋਸ਼ਟ ਕਰਨ ਦਾ ਚਾਅ ਲਗ ਪਗ ਸਭ ਦਾ ਹੀ ਪੂਰਾ ਹੋ ਗਿਆ ਸੀ। ਸਫਰ ਦੀ ਥਕਾਵਟ ਵੀ ਸੀ ਅਤੇ ਸਾਰੀ ਰਾਤ ਤੇ ਸਾਰਾ ਦਿਨ ਜਾਗਦੇ ਰਹਿਣ ਕਾਰਨ ਉਨੀਂਦਰਾ ਵੀ ਸੀ। ਜਹਾਜ਼ ਵਿਚ ਚੁੱਪ ਚਾਂ ਸੀ। ਕੁਝ ਲੋਕ ਠੌਂਕਾ ਲਾ ਰਹੇ ਸਨ ਪਰ ਮੈਨੂੰ ਨੀਂਦ ਨਹੀਂ ਸੀ ਪੈ ਰਹੀ। ਟੀ.ਵੀ. ਦੀ ਸਕਰੀਨ 'ਤੇ ਅੰਗਰੇਜ਼ੀ ਫ਼ਿਲਮ ਚਲ ਰਹੀ ਸੀ ਤੇ ਗਦਰਾਏ ਅੰਗਾਂ ਵਾਲੀ ਰਸੀ ਹੋਈ ਭਰਪੂਰ ਔਰਤ ਨੂੰ ਉਸਦਾ ਪ੍ਰੇਮੀ ਆਲਿੰਗਨ ਵਿਚ ਲੈ ਕੇ ਚੁੰਮ ਰਿਹਾ ਸੀ। ਦ੍ਰਿਸ਼ ਬਦਲਿਆ ਤੇ ਇਕ ਵੱਡ ਆਕਾਰੀ ਕਾਲਾ ਹਬਸ਼ੀ ਮਲੂਕ ਜਿਹੀ ਦਿਸਦੀ ਸੁਨਹਿਰੀ ਵਾਲਾਂ ਵਾਲੀ ਕੁੜੀ ਨਾਲ ਸਮੁੰਦਰ ਦੇ ਕੰਢੇ ਚੁੰਗੀਆਂ ਭਰ ਰਿਹਾ ਸੀ।

ਅਮਰਜੀਤ ਇਕ ਪਾਸੇ ਧੌਣ ਸੁੱਟੀ ਸੁੱਤਾ ਪਿਆ ਸੀ। ਹੇਠਾਂ ਦੂਰ ਤੱਕ ਜਿਥੇ ਤੱਕ ਵੀ ਨਜ਼ਰ ਜਾਂਦੀ...ਨੀਲਾ ਸਮੁੰਦਰ ਫੈਲਿਆ ਹੋਇਆ ਸੀ। ਮੈਂ ਹੈਡਫੋਨ ਲਾਕੇ ਆਵਾਜ਼ ਉੱਚੀ ਕੀਤੀ। ਪੁਰਾਣਾ ਫਿਲਮੀ ਗੀਤ ਆ ਰਿਹਾ ਸੀ :

'ਸਾਰੀ ਸਾਰੀ ਰਾਤ ਤੇਰੀ ਯਾਦ ਸਤਾਏ
ਯਾਦ ਸਤਾਏ ਪੀਆ,
ਨੀਂਦ ਨਾ ਆਏ ਰੇ; ਨੀਂਦ ਨਾ ਆਏ...
ਸਾਰੀ ਸਾਰੀ ਰਾਤੀਂ ਤੇਰੀ ਯਾਦ ਸਤਾਏ।'

ਬੜੇ ਸਾਲ ਪਹਿਲਾਂ ਮੈਨੂੰ ਇਹ ਗੀਤ ਬੜਾ ਚੰਗਾ ਲਗਿਆ ਕਰਦਾ ਸੀ। ਨੀਂਦ ਤਾਂ ਹੁਣ ਵੀ ਨਹੀਂ ਸੀ ਆ ਰਹੀ ਪਰ ਉਹਨਾਂ ਸਮਿਆਂ ਵਿਚ ਇਸ ਗੀਤ ਨਾਲ ਜੁੜਿਆ ਦਿਲ ਦਾ ਦਰਦ ਹੁਣ ਗਾਇਬ ਸੀ।

ਫ਼ਿਰ ਵੀ ਇਹ ਗੀਤ ਮੈਨੂੰ ਬੀਤੇ ਵਿਚ ਲੈ ਗਿਆ। ਬਚਪਨ ਤੇ ਜਵਾਨੀ ਦੇ ਚੜ੍ਹਦੇ ਦਿਨਾਂ ਵਿਚ। ਜਦੋਂ ਅੱਖਾਂ ਸੁਪਨਿਆਂ ਨਾਲ ਭਰੀਆਂ ਹੁੰਦੀਆਂ ਸਨ ਤੇ ਦਿਲ ਛਲਕ ਛਲਕ ਪੈਂਦਾ ਸੀ।

ਫ਼ਿਰ ਕੰਨਾਂ ਵਿਚ ਦਿਲ ਨੂੰ ਧੂਹ ਪਾਉਣ ਵਾਲੀ ਮਧੁਰ ਆਵਾਜ਼ ਗੂੰਜੀ। ਕਲਾਸੀਕਲ ਰੰਗ ਵਿਚ ਕੋਈ ਗਾ ਰਿਹਾ ਸੀ।

'ਪੜ ਗਏ ਝੂਲੇ ਆ ਗਿਆ ਸਾਵਨ
ਯਾਦ ਕੋਈ ਫਿਰ ਆਨੇ ਲਗਾ...।'

ਆਵਾਜ਼ ਦੇ ਕੂਲੇਪਨ, ਗੋਲਾਈ ਤੇ ਮਧੁਰਤਾ ਨੇ ਮੈਨੂੰ ਕੀਲ ਲਿਆ ਸੀ। ਦੂਰ ਦੁਰਾਡੇ ਵਿਛੜੇ ਭਰੀਆਂ ਉਡਾਰੀਆਂ ਲਾਉਣ ਵਾਲੇ ਭਾਰਤੀਆਂ ਦੇ ਹੇਰਵੇ ਦੀ ਭਾਵਨਾ ਨੂੰ ਉਭਾਰਨ ਲਈ ਹੀ ਸ਼ਾਇਦ ਇਹੋ ਜਿਹੇ ਗੀਤਾਂ ਦੀ ਚੋਣ ਕੀਤੀ ਗਈ ਸੀ। ਰੂਹ ਨੂੰ ਛੂਣ ਵਾਲਾ ਮਿੱਠਾ ਸੰਗੀਤ। ਛਮ! ਛਮਾ!! ਛਮ!!! ਹੁਈ ਬਰਸਾਤ, ਪਿੱਪਲਾਂ ਨੂੰ ਪੀਂਘਾਂ ਪਈਆਂ ਹੋਈਆਂ। ਕੌਣ ਯਾਦ ਆ ਰਿਹਾ ਸੀ ਮੈਨੂੰ...ਮੈਂ ਅੱਖਾਂ ਘੁੱਟ ਕੇ ਵੇਖਿਆ...ਇਕ ਦਮ ਮੈਨੂੰ ਧੀ ਦਾ ਚਿਹਰਾ ਯਾਦ ਆਇਆ—ਫ਼ਿਰ ਪਤਨੀ ਦਾ ਤੇ ਫਿਰ ਇਕ ਚਿਹਰੇ ਵਿਚ ਕਿੰਨੇ ਹੀ ਚਿਹਰੇ ਮਿਲ ਗਏ। ਮੈਂ ਕਲਪਨਾ ਹੀ ਕਲਪਨਾ ਵਿਚ ਆਪਣੇ ਘਰ ਫਿਰ ਰਿਹਾ ਸਾਂ ਪਤਨੀ ਤੇ ਬੱਚਿਆਂ ਕੋਲ...ਆਪਣੇ ਕਾਲਜ ਦੇ ਮੁਹੱਬਤੀ ਚਿਹਰੇ ਵੇਖ ਰਿਹਾ ਸਾਂ, ਸਾਥੀਆਂ ਦੇ, ਵਿਦਿਆਰਥੀਆ ਦੇ। ਅਗਲੇ ਪਲ ਸ਼ਿਕਾਗੋ, ਮਿਲਵਾਕੀ ਤੇ ਨਿਊਯਾਰਕ ਦੀਆਂ ਸੜਕਾਂ 'ਤੇ ਆਪਣੇ ਆਪ ਨੂੰ ਘੁੰਮਦਾ ਵੇਖਣ ਲਗਾ।

ਇਕ ਕਲਪਨਾ ਹਕੀਕਤ ਹੋਣ ਵਲ ਜਾ ਰਹੀ ਸੀ। ਮਿਸ਼ੀਗਨ ਲੇਕ ਤੋਂ ਉਡਦੇ ਜਹਾਜ਼ ਦੀ ਸਕਰੀਨ ਨੇ ਦਸਿਆ ਕਿ ਅਸੀਂ ਸ਼ਿਕਾਗੋ ਤੋਂ ਕੇਵਲ ੮੫ ਕਿਲੋਮੀਟਰ ਦੂਰ ਹਾਂ ਤੇ ਕੁਝ ਹੀ ਮਿੰਟਾਂ ਤੱਕ ਸ਼ਿਕਾਗੋ ਪਹੁੰਚਣ ਵਾਲੇ ਹਾਂ।

ਸਮੇਂ ਦੇ ਗੇੜ ਨੇ ਅੱਜ ਚੱਕਰ ਵਿਚ ਪਾਇਆ ਹੋਇਆ ਸੀ। ਸਮਾਂ ਪਿਛੇ ਹੀ ਪਿਛੇ ਖਿਸਕਦਾ ਜਾ ਰਿਹਾ ਸੀ। ਅੱਜ ਜ਼ਿੰਦਗੀ ਦਾ ਸਭ ਤੋਂ ਲੰਮਾ ਦਿਨ ਵੇਖਿਆ। ਕਈ ਘੰਟੇ ਹੋ ਗਏ ਸਨ ਦੇਸ਼ ਤੋਂ ਤੁਰਿਆਂ ਪਰ ਜਦੋਂ ਸ਼ਿਕਾਗੋ ਏਅਰਪੋਰਟ 'ਤੇ ਜਹਾਜ਼ ਉਤਰਿਆ ਤਾਂ ਦੁਪਹਿਰ ਦਾ ਡੇਢ ਵੱਜਾ ਸੀ ਜਦ ਕਿ ਭਾਰਤ ਵਿਚ ਅੱਧੀ ਰਾਤ ਤੋਂ ਪਿਛੋਂ ਨਵਾਂ ਦਿਨ ਚੜ੍ਹ ਚੁੱਕਾ ਸੀ। (ਚਲਦਾ)



Sri Satguru Jagjit Singh Ji eLibrary NamdhariElibrary@gmail.com

# ਵਰਿਆਮ ਸੰਧੂ : ਪ੍ਰਮਾਣਕ ਬਿਰਤਾਂਤ ਦਾ ਸਿਰਜਕ*

—ਗੁਰਲਾਲ ਸਿੰਘ
ਜੀ.ਐਨ.ਡੀ.ਯੂ. ਰੀਜਨਲ ਸੈਂਟਰ ਜਲੰਧਰ

ਸਾਹਿਤਕਾਰੀ ਇਕ ਬਹੁ-ਮੰਜ਼ਲੀ ਇਮਾਰਤ ਹੈ, ਜਿਸ ਦੀ ਸਭ ਤੋਂ ਥਲੜੀ ਮੰਜ਼ਿਲ ਭਾਵ ਵਰਤਮਾਨ ਵਿਚ ਸਭ ਤੋਂ ਵਧੇਰੇ ਭੀੜ ਹੁੰਦੀ ਹੈ। ਜਿਉਂ ਜਿਉਂ ਉਪਰ ਦੀਆਂ ਮੰਜ਼ਿਲਾਂ ਵਲ ਜਾਈਏ ਭੀੜ ਘਟਦੀ ਰਹਿੰਦੀ ਹੈ। ਕੁਝ ਰਚਨਾਵਾਂ ਧੁਰ ਉਪਰਲੀ ਮੰਜ਼ਿਲ ਉਪਰ ਟਿਕ ਜਾਂਦੀਆਂ ਹਨ। ਇਸ ਉਪਰਲੀ ਮੰਜ਼ਿਲ ਵਿਚ ਸਮੇਂ ਦੇ ਬੀਤਣ ਨਾਲ ਰੱਦੋ-ਬਦਲ ਹੁੰਦੀ ਰਹਿੰਦੀ ਹੈ। ਕੁਝ ਰਚਨਾਵਾਂ ਪੁਰਾਣੀਆਂ ਰਚਨਾਵਾਂ ਨੂੰ ਖਦੇੜ ਕੇ ਉਪਰਲੀ ਮੰਜ਼ਿਲ ਉਪਰ ਪਹੁੰਚ ਜਾਂਦੀਆਂ ਹਨ ਤੇ ਉਥੇ ਸਦਾ ਲਈ ਟਿਕੀਆਂ ਰਹਿੰਦੀਆਂ ਹਨ। ਵਰਿਆਮ ਸੰਧੂ ਵੀ ਇਕ ਅਜਿਹਾ ਲੇਖਕ ਹੈ ਜੋ ਕਹਾਣੀ ਸਾਹਿਤ ਦੀ ਧੁਰ ਉਪਰਲੀ ਮੰਜ਼ਿਲ ਉਪਰ ਜਾ ਚੜ੍ਹਿਆ ਹੈ ਤੇ ਉਸਦੀਆਂ ਰਚਨਾਵਾਂ ਦੇ, ਸਦੀਵੀ ਕਾਲ ਲਈ, ਉਥੇ ਟਿਕੇ ਰਹਿਣ ਦੀ ਆਸ ਹੈ। ਉਹ ਉਨ੍ਹਾਂ ਸਾਹਿਤਕਾਰਾਂ ਵਿਚੋਂ ਹੈ ਜਿਨ੍ਹਾਂ ਦੀਆਂ ਰਚਨਾਵਾਂ ਸਾਹਿਤ ਦੇ ਵਗਦੇ ਪ੍ਰਵਾਹ ਵਿਚ ਇਕ ਨਵੀਂ ਪ੍ਰਵਿਰਤੀ ਜਾਂ ਮੋੜ ਹੋਣ ਕਰਕੇ ਸਾਹਿਤ-ਇਤਿਹਾਸ ਦੀ ਦ੍ਰਿਸ਼ਟੀ ਤੋਂ ਮਹੱਤਵਪੂਰਨ ਹੁੰਦੀਆਂ ਹਨ। ਇਹ ਰਚਨਾਵਾਂ ਯਥਾਰਥ ਨੂੰ ਪ੍ਰਤੱਖਣ, ਪੜਤਾਲਣ ਤੇ ਸਿਰਜਨ ਦੇ ਨਵੇਂ ਰਾਹ ਖੋਲ੍ਹਣ ਕਾਰਨ ਹੀ ਪ੍ਰਮਾਣਕ ਹੁੰਦੀਆਂ ਹਨ।

ਜਿਨ੍ਹਾਂ ਸਾਹਿਤ-ਕਿਰਤਾਂ ਦਾ ਮਨੋਰਥ ਕੇਵਲ ਆਪਣੀ ਹੋਂਦ ਤਕ ਸੀਮਿਤ ਨਾ ਹੋਵੇ, ਜੋ ਕਿਸੇ ਨਵੀਂ ਪ੍ਰਵਿਰਤੀ, ਤਕਨੀਕ ਜਾਂ ਸੱਚ ਨੂੰ ਜਨਮ ਦੇਣ, ਜੋ ਸਾਹਿਤ ਦੇ ਪ੍ਰਵਾਹ ਨੂੰ ਇਕ ਨਵੀਂ ਦਿਸ਼ਾ ਪ੍ਰਦਾਨ ਕਰਨ ਤੇ ਹੋਰ ਸਾਹਿਤਕਾਰਾਂ ਲਈ ਮਾਪਦੰਡ ਬਣਨ ਦੇ ਸਮਰਥ ਹੋਣ, ਰਬਰਟ ਈ. ਸਪਿਲਰ (Robert E. Spillar) ਆਪਣੇ ਇਕ ਲੇਖ "Literary History" ਵਿਚ ਇਸ ਭਾਂਤ ਦੀਆਂ ਰਚਨਾਵਾਂ ਨੂੰ ਹੀ ਸਾਹਿਤ-ਇਤਿਹਾਸ ਲਈ ਮਹੱਤਵਪੂਰਨ ਸਾਹਿਤਕ ਘਟਨਾਵਾਂ ਮੰਨਦਾ ਹੈ। ਵਰਿਆਮ ਸੰਧੂ ਦੀਆਂ ਰਚਨਾਵਾਂ ਪੰਜਾਬੀ ਕਹਾਣੀ ਦੇ ਇਤਿਹਾਸ ਵਿਚ ਹੀ ਨਹੀਂ ਸਮੁਚੇ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਵੀ ਇਸ ਪੱਖੋਂ ਮਹੱਤਵਪੂਰਨ ਸਥਾਨ ਰਖਦੀਆਂ ਹਨ।

ਉਨ੍ਹਾਂ ਸਾਹਿਤਕਾਰਾਂ ਦੀ ਦੇਣ ਹੀ ਸਦੀਵੀ ਮਹੱਤਤਾ ਵਾਲੀ ਹੁੰਦੀ ਹੈ ਜਿਹੜੇ ਲੋਕਾਂ ਦੀਆਂ ਸਮਸਿਆਵਾਂ ਨੂੰ ਸਿਧੇ ਮੂੰਹ ਮੁਖਾਤਿਬ ਹੁੰਦੇ ਹਨ। 'ਲੋਹੇ ਦੇ ਹੱਥ' ਤੋਂ 'ਅੰਗਸੰਗ' ਅਤੇ 'ਅੰਗਸੰਗ' ਤੋਂ 'ਭੱਜੀਆਂ ਬਾਹੀਂ' ਤਕ ਵਰਿਆਮ ਸੰਧੂ ਇਸੇ ਪੂਰਨੇ ਉਪਰ ਹੀ ਚੱਲ ਰਿਹਾ ਹੈ। ਕੋਈ ਐਸੀ ਕਹਾਣੀ ਨਹੀਂ ਜਿਸ ਵਿਚ ਉਸ ਨੇ ਸਮਾਜ ਵਿਚਲੀ ਕਿਸੇ ਮਘਦੀ ਸਮਸਿਆ ਨੂੰ ਨਾ ਹੱਥ ਪਾਇਆ ਹੋਵੇ। ਸਾਹਿਤ ਵੀ ਅਪਣੇ ਅੰਤਿਮ ਰੂਪ ਵਿਚ ਸਭਿਆਚਾਰਕ ਪ੍ਰਗਟਾਵਾ ਹੀ ਹੈ। ਇਕ ਸਮਰਥ ਸਾਹਿਤਕਾਰ ਚਾਲੂ ਸਭਿਆਚਾਰ ਨੂੰ ਹੀ ਨਹੀਂ ਚਿਤਰਦਾ ਸਗੋਂ ਇਸ ਚਾਲੂ ਸਭਿਆਚਾਰ ਨੂੰ ਕਾਊਂਟਰ ਕਰਨ ਵਾਲੇ ਸਭਿਆਚਾਰ ਨੂੰ ਵੀ ਸਿਰਜਦਾ ਹੈ। ਇਸ ਤਰ੍ਹਾਂ ਬਿਰਤਾਂਤ ਦੀ ਪ੍ਰਮਾਣਕਤਾ ਕੇਵਲ ਤਕਨੀਕੀ ਯੋਗਤਾ ਤਕ ਸੀਮਿਤ ਨਹੀਂ ਰਹਿੰਦੀ, ਸਗੋਂ ਸਥਿਤੀ ਵਿਚ ਭਾਈਵਾਲ ਵਿਭਿੰਨ ਧਿਰਾਂ ਦੇ ਪ੍ਰਮਾਣਕ ਚਿਤਰਣ ਉਪਰ ਨਿਰਭਰ ਹੋ ਜਾਂਦੀ ਹੈ।

ਵਰਿਆਮ ਸੰਧੂ ਕਿਸੇ ਉਚੇਚੇ ਮਨੋਰਥ ਨੂੰ ਮੁਖ ਰਖਕੇ ਕਹਾਣੀ ਨਹੀਂ ਲਿਖਦਾ ਅਤੇ ਨਾ ਹੀ ਉਹ ਕਿਸੇ ਇਕ ਸਮਸਿਆ ਜਾਂ ਕਿਸੇ ਇਕ ਵਿਸ਼ੇ ਨੂੰ ਲੈ ਕੇ ਕਹਾਣੀ ਲਿਖਦਾ ਹੈ। ਉਸ ਦਾ ਧਿਆਨ ਸਮੁਚੇ ਸਮਾਜਕ ਵਰਤਾਰੇ ਉਪਰ ਹੁੰਦਾ ਹੈ। ਸਮਾਜਕ ਵਰਤਾਰੇ ਦੇ ਅੰਤਰ-ਵਿਰੋਧਾਂ ਨੂੰ ਉਹ ਏਨੀ ਵਿਵਿਧਤਾ, ਬਾਰੀਕੀ ਤੇ ਗਤੀਸ਼ੀਲਤਾ ਵਿਚ ਪਕੜਦਾ ਹੈ ਕਿ ਸਮੁੱਚੀ ਪੇਸ਼ਕਾਰੀ ਜ਼ਿੰਦਗੀ ਵਰਗਾ ਮਘਦਾ ਤੇ ਸਜਿੰਦ ਚਿੱਤਰ ਹੀ ਦਿਖਾਈ ਦੇਣ ਲਗ ਜਾਂਦੀ ਹੈ। ਸੰਧੂ ਸਥਿਤੀ ਨੂੰ ਇਸ ਦੀ ਸਮੁਚਤਾ ਵਿਚ ਪੇਸ਼ ਕਰਦਾ ਹੈ; ਇਸ ਦੇ ਸਮੂਹ ਭੌਤਿਕ, ਭਾਵੁਕ ਤੇ ਵਿਚਾਰਧਾਰਾਈ ਪਸਾਰਾਂ ਸਮੇਤ। ਪਰ, ਵਧੀਕੀ ਕਰ ਰਹੀ ਤੇ ਵਧੀਕੀ ਦੀ ਮਾਰ ਹੇਠ ਆਈ ਧਿਰ ਦਾ ਨਿਖੇੜਾ ਵੀ ਉਹ ਚੰਗੀ ਤਰ੍ਹਾਂ ਕਰ ਜਾਂਦਾ ਹੈ। ਸੰਧੂ ਨੂੰ ਆਪਣੇ ਸਭਿਆਚਾਰਕ ਵਿਰਸੇ ਤੇ ਵਰਤਾਰੇ ਦੀ ਭਰਪੂਰ ਸੋਝੀ ਹੈ ਜੋ ਉਸ ਦੀਆਂ ਰਚਨਾਵਾਂ ਨੂੰ ਗਹਿਨ ਤੇ ਵਿਸ਼ਾਲ ਵੀ ਬਣਾਉਂਦੀ ਹੈ ਤੇ ਪ੍ਰਮਾਣਕ ਵੀ।

ਸੰਧੂ ਦੀ ਵਿਸ਼ੇਸ਼ਤਾ ਇਹ ਹੈ ਕਿ ਉਹ ਕਹਾਣੀ ਵਿਚਲੀ ਸਮਸਿਆ ਨੂੰ ਵਿਅਕਤੀਗਤ ਪੱਧਰ ਤਕ ਸੀਮਿਤ ਨਹੀਂ ਰਹਿਣ ਦਿੰਦਾ; ਇਸ ਨੂੰ ਆਰਥਿਕ, ਸਮਾਜਕ, ਰਾਜਨੀਤਕ ਪਸਾਰਾਂ ਤਕ ਲੈ ਜਾਂਦਾ ਹੈ। ਇਸ ਤਰ੍ਹਾਂ ਉਸ ਦੀ ਕਹਾਣੀ



Sri Satguru Jagjit Singh Ji eLibrary NamdhariElibrary@gmail.com

ਦੇ ਅਰਥ ਸਮੁੱਚੀ ਜ਼ਿੰਦਗੀ ਦੀ ਗਤੀਸ਼ੀਲਤਾ ਨੂੰ ਆਪਣੇ ਕਲਾਵੇ ਵਿਚ ਲੈ ਲੈਂਦੇ ਹਨ। ਕਹਾਣੀ ਵਿਚ ਕਿਸੇ ਇਕ ਪ੍ਰਸੰਗ ਵਿਚੋਂ ਕੋਈ ਹੋਰ ਪ੍ਰਸੰਗ ਜਨਮ ਲੈਂਦਾ ਹੈ ਤ ਇਹ ਸਿਲਸਿਲਾ ਲਗਾਤਾਰ ਜਾਰੀ ਰਹਿੰਦਾ ਹੈ। ਇਸ ਤਰ੍ਹਾਂ ਕਹਾਣੀ ਅਨੇਕਾਂ ਪ੍ਰਸ਼ਨਾਂ ਤੇ ਉੱਤਰਾਂ ਦੀ ਇਕ ਲਗਾਤਾਰ ਪ੍ਰਕ੍ਰਿਆ ਬਣ ਜਾਂਦੀ ਹੈ। ਸੰਧੂ ਵਰਤਮਾਨ ਨਾਲ ਭੂਤ ਤੇ ਭਵਿਖ ਨੂੰ, ਵਾਸਤਵਿਕਤਾ ਨਾਲ ਸੁਪਨੇ ਤੇ ਮੁਖ ਪਾਤਰ ਦੀ ਧਿਰ ਨਾਲ ਖਲਨਾਇਕੀ ਧਿਰ ਨੂੰ ਜੋੜ ਕੇ ਵਸਤੂ-ਸਥਿਤੀ ਨੂੰ ਗਹਿਨ ਵੀ ਕਰਦਾ ਹੈ ਅਤੇ ਥੀਮ ਦੀਆਂ ਵਿਭਿੰਨ ਪਰਤਾਂ ਨੂੰ ਵੀ ਉਧੇੜਦਾ ਹੈ। 'ਆਪਣਾ ਆਪਣਾ ਹਿੱਸਾ', 'ਵਾਪਸੀ', 'ਭੱਜੀਆਂ ਬਾਹੀਂ' ਤੇ 'ਮੈਂ ਹੁਣ ਠੀਕ ਠਾਕ ਹਾਂ' ਵਰਗੀਆਂ ਕਹਾਣੀਆਂ ਅਜਿਹੀਆਂ ਕਲਾਸਿਕ ਰਚਨਾਵਾਂ ਹਨ ਜੋ ਕਿਸੇ ਵੀ ਭਾਸ਼ਾ ਦੇ ਸਾਹਿਤ ਦਾ ਮਾਣਯੋਗ ਸਰਮਾਇਆ ਹੋ ਸਕਦੀਆਂ ਹਨ।

ਵਰਿਆਮ ਸੰਧੂ ਸਮਾਜਿਕ ਵਰਤਾਰੇ ਨੂੰ ਹੀ ਨਹੀਂ ਚਿਤਰਦਾ ਸਗੋਂ ਉਸਦੀ ਵਿਸ਼ੇਸ਼ਤਾ ਇਸਦੀ ਗਤੀ ਦੀ ਪਛਾਣ ਕਰਨ ਵਿਚ ਵੀ ਹੈ। ਉਸਨੂੰ ਸਮਾਜਿਕ ਗਤੀ ਦੀ ਬਹੁਤ ਬਾਰੀਕ ਸੋਝੀ ਹੈ ਤੇ ਉਹ ਮਾਨਵੀ ਸਰੋਕਾਰਾਂ ਨੂੰ ਹੀ ਕਹਾਣੀ ਵਿਚ ਪ੍ਰਾਥਮਿਕਤਾ ਦਿੰਦਾ ਹੈ। ਆਧੁਨਿਕਤਾਵਾਦੀ ਗਲਪ ਸਾਹਿਤ ਵਿਚ ਸਾਧਾਰਣ ਮਨੁੱਖ ਸਥਿਤੀ ਦੇ ਥੱਲੇ ਲੱਗਾ ਹੀਣਾ ਦਿਖਾਈ ਦਿੰਦਾ ਹੈ ਪਰੰਤੂ ਵਰਿਆਮ ਸੰਧੂ ਵਰਗੇ ਯਥਾਰਥਵਾਦੀ ਲੇਖਕਾਂ ਵਿਚ ਇਹ ਸਾਧਾਰਣ ਮਨੁੱਖ ਆਪਣੀਆਂ ਪੂਰੀਆਂ ਸੰਭਾਵਨਾਵਾਂ ਸਮੇਤ ਪੇਸ਼ ਹੈ। ਸੰਧੂ ਸਾਧਾਰਣ ਮਨੁੱਖ ਨੂੰ ਹੀਣਾ ਬਣਾਉਣ ਵਾਲੀਆਂ ਸ਼ਕਤੀਆਂ ਦਾ ਵਰਣਨ ਵੀ ਕਰਦਾ ਹੈ ਪਰ ਉਹ ਇਸ ਮਨੁੱਖ ਨੂੰ ਇਸ ਹੀਣਤਾ ਤੋਂ ਮੁਨਕਰ ਹੁੰਦਿਆਂ ਵੀ ਦਿਖਾਉਂਦਾ ਹੈ। ਉਹ ਆਪਣੇ ਚਹੇਤੇ ਪਾਤਰਾਂ ਨੂੰ ਕਰੁਣਾ ਜਾਂ ਹੀਣਤਾ ਦੇ ਪੈਂਤੜੇ ਤੋਂ ਨਹੀਂ ਪ੍ਰਤਿਰੋਧ ਜਾਂ ਸ਼ਕਤੀ ਦੇ ਪੈਂਤੜੇ ਤੋਂ ਚਿਤਰਦਾ ਹੈ। ਇਹ ਉਸਦੀ ਸਭਿਆਚਾਰਕ ਸੂਝ ਦੀ ਵਿਸ਼ੇਸ਼ਤਾ ਹੈ। 'ਆਪਣਾ ਆਪਣਾ ਹਿੱਸਾ' ਦਾ ਘੁੱਦੂ 'ਕੁਰਾਹੀਆ' ਦਾ ਮਾਸਟਰ ਹਜ਼ਾਰਾ ਸਿੰਘ ਚਾਲੂ ਸਭਿਆਚਾਰ ਨੂੰ ਕਾਊਂਟਰ ਕਰਨ ਵਾਲੇ ਸਭਿਆਚਾਰ ਦੇ ਮਹੱਤਵਪੂਰਨ ਚਿੰਨ੍ਹ ਹਨ। ਇਸ ਤਰ੍ਹਾਂ ਸੰਧੂ ਤਿੜਕ ਚੁਕੀ ਮਾਨਵਤਾ ਨੂੰ ਇਸਦੇ ਰਾਹੀਂ ਹੀ ਸਾਬਤ ਸਬੂਤ ਕਰਨ ਦੀ ਕੋਸ਼ਿਸ਼ ਕਰਦਾ ਹੈ।

ਵਰਿਆਮ ਸੰਧੂ ਸਾਡੇ ਸਭਿਆਚਾਰ ਦੇ ਸੰਕਟ ਦਾ ਕਹਾਣੀਕਾਰ ਹੈ। ਸੰਕਟ (Crisis) ਕਿਸੇ ਸਮੱਸਿਆ ਦਾ ਅੰਤਲਾ ਤੇ ਸਿਖਰਲਾ ਨੁਕਤਾ ਹੁੰਦਾ ਹੈ ਜਿਥੇ ਸਮੱਸਿਆ ਜ਼ਿੰਦਗੀ ਮੌਤ ਦਾ ਸਵਾਲ ਧਾਰਨ ਕਰ ਜਾਂਦੀ ਹੈ। ਸੰਧੂ ਸਮੱਸਿਆ ਦੇ ਸੰਕਟਮਈ ਰੂਪ ਨੂੰ ਸਿੱਧਾ ਮੁਖਾਤਬ ਹੁੰਦਾ ਹੈ। ਸੰਕਟ ਦੀ ਸਥਿਤੀ ਵਿਚ ਹੀ ਨਾਂਹਵਾਦੀ ਧਿਰ ਆਪਣਾ ਜ਼ਾਲਮਾਨਾ ਰੂਪ ਦਿਖਾਉਂਦੀ ਹੈ। ਇਸ ਕਰਕੇ ਯਥਾਰਥ ਦਾ ਆਭਾਸ ਹਾਂਵਾਦੀ ਧਿਰ ਦੇ ਪਾਤਰਾਂ ਕੋਲੋਂ ਹੀ ਨਹੀਂ ਹੁੰਦਾ ਸਗੋਂ ਉਨ੍ਹਾਂ ਨਾਂਹਵਾਦੀ ਪਾਤਰਾਂ ਕੋਲੋਂ ਵੀ ਭਰਪੂਰ ਰੂਪ ਵਿਚ ਹੁੰਦਾ ਹੈ ਜਿਹੜੇ ਖੁਦ ਯਥਾਰਥ ਤੋਂ ਦੂਰ ਹੁੰਦੇ ਹਨ। 'ਭੱਜੀਆਂ ਬਾਹੀਂ' ਵਿਚ ਫੌਜੀ, 'ਵਾਪਸੀ' ਵਿਚ ਚਿਟ ਦਾਹੜੀਆ ਸਾਬਕਾ ਸਰਪੰਚ ਹਰਬੰਸ ਸਿੰਘ, 'ਆਪਣਾ ਆਪਣਾ ਹਿੱਸਾ' ਵਿਚ ਸਵਰਨ ਸਿੰਘ, ਕਰਮ ਸਿੰਘ ਤੇ ਬਚਨੋ, 'ਕੁਰਾਹੀਆ' ਵਿਚ ਐਮ.ਐਲ.ਏ. ਬਣੇ ਚੇਅਰਮੈਨ ਤੇ 'ਦਲਦਲ' ਵਿਚ ਸਰਪੰਚ ਦੇ ਪਿਉ ਦੇ ਬੋਲਾਂ ਵਿਚੋਂ ਯਥਾਰਥ ਦੀ ਥਹੁ ਬਹੁਤ ਤਿਖੇ ਰੂਪ ਵਿਚ ਲਗਦੀ ਹੈ।

ਸੰਧੂ ਸਿਧੇ ਰੂਪ ਵਿਚ ਮਾਰਕਸਵਾਦੀ ਫ਼ਿਲਾਸਫ਼ੀ ਦਾ ਪਰਚਾਰ ਨਹੀਂ ਕਰਦਾ ਪਰ ਉਹ ਸਮਾਜਿਕ ਰਿਸ਼ਤਿਆਂ ਦੇ ਆਰਥਿਕ ਅਧਾਰਾਂ ਦਾ ਪ੍ਰਮਾਣਕ ਚਿਤਰ ਪੇਸ਼ ਕਰ ਜਾਂਦਾ ਹੈ। ਉਹ ਉਹਨਾਂ ਸ਼ਕਤੀਆਂ ਦਾ ਭਰਪੂਰ ਰੂਪ ਵਿਚ ਚਿਤਰਨ ਕਰਦਾ ਹੈ ਜੋ ਮਨੁੱਖ ਦੀ ਆਪਣੀ ਮਾਨਵਤਾ ਪ੍ਰਾਪਤ ਕਰਨ ਦੀ ਇਛਾ ਦੇ ਰਾਹ ਵਿਚ ਰੋੜਾ ਬਣਦੀਆਂ ਹਨ। ਇਸ ਕਿਰਿਆ ਪ੍ਰਤਿਕ੍ਰਿਆ ਦੀਆਂ ਕਈ ਪਰਤਾਂ ਉਸਦੀਆਂ ਕਹਾਣੀਆਂ ਵਿਚ ਪ੍ਰਾਪਤ ਹੁੰਦੀਆਂ ਹਨ। ਭਾਵੇਂ 'ਵਾਪਸੀ' ਦਾ ਕੁਲਦੀਪ ਸੰਤੇ ਨੂੰ ਇਹ ਕਹਿੰਦਾ ਹੈ ਚਿ 'ਚਾਚਾ, ਸਾਥੋਂ ਤਾਂ ਇਹ ਜੱਗ ਸੌਰਦਾ ਨਹੀਂ ਲਗਦਾ', ਫਿਰ ਵੀ ਸੰਧੂ ਆਪਣੀਆ ਕਹਾਣੀਆਂ ਵਿਚ ਇਕ ਅਜਿਹੀ ਅੰਤਰ-ਦ੍ਰਿਸ਼ਟੀ ਦੇ ਜਾਂਦਾ ਹੈ ਜੋ ਪਾਠਕ ਲਈ ਸਮਾਜਿਕ ਵਰਤਾਰੇ ਦੇ ਗਿਆਨ ਦੀ ਰਿਸ਼ਮ ਬਣ ਸਕਦੀ ਹੈ।

ਪੰਜਾਬ ਸੰਕਟ ਵਾਲੀਆਂ ਕਹਾਣੀਆਂ ਵਿਚ ਵੀ ਸੰਧੂ ਆਮ ਸਾਧਾਰਣ ਬੰਦੇ ਦੇ ਨਾਲ ਖੜੋਤਾ ਹੋਇਆ ਉਸਦੇ ਦੁਖਾਂਤ ਨੂੰ ਪੇਸ਼ ਕਰਦਾ ਹੈ ਤੇ ਉਸਦੀ ਬੇਚਾਰਗੀ, ਬੇਵਸੀ ਨੂੰ ਚਿਤਰਦਾ ਹੈ। ਪਰ, ਦੋਖੀ ਧਿਰ, ਭਾਵੇਂ ਕਿਸੇ ਵੀ ਰੂਪ ਵਿਚ ਹੋਵੇ, ਉਸਦੇ ਕਟਾਖਸ਼ ਤੋਂ ਬਚ ਨਹੀਂ ਸਕਦੀ। ਇਸ ਸੰਕਟ ਵਿਚ ਭਾਈਵਾਲ ਵਿਭਿੰਨ ਧਿਰਾਂ ਦੇ ਪੈਂਤੜੇ ਨੂੰ ਜ਼ਬਾਨ ਦਿੰਦਾ, ਉਹ ਇਸ ਸੰਕਟ ਦੀ ਜਟਿਲਤਾ ਨੂੰ ਪਛਾਣਦਾ ਹੈ ਤੇ ਕਿਸੇ ਵੀ ਤਰ੍ਹਾਂ ਦੀ ਭਾਵਕਤਾ ਦਾ ਸ਼ਿਕਾਰ ਨਹੀਂ ਹੁੰਦਾ। ਵਿਭਿੰਨ ਧਿਰਾਂ ਦੇ ਬੋਲ ਪ੍ਰਮਾਣਕ ਵੀ ਲਗਦੇ ਹਨ ਤੇ



Sri Satguru Jagjit Singh Ji eLibrary NamdhariElibrary@gmail.com

ਪ੍ਰਤਿਕ੍ਰਿਆ ਲਈ ਵੀ ਉਤੇਜਨਾ ਪੈਦਾ ਕਰਦੇ ਹਨ ਜੋ ਅਗੋਂ ਇਕ ਲਗਾਤਾਰ ਗਤੀਸ਼ੀਲ ਪ੍ਰਕ੍ਰਿਆ ਦਾ ਰੂਪ ਗ੍ਰਹਿਣ ਕਰ ਜਾਂਦੀ ਹੈ। ਸੰਤੁਲਿਤ ਤੇ ਗਹਿਨ ਚਿਤਰਨ ਉਸਦੀ ਵਿਸ਼ੇਸ਼ਤਾ ਹੈ। ਵਿਅਕਤੀਆਂ ਦਾ ਸੰਕਟ ਪੂਰੇ ਸਭਿਆਚਾਰ ਦਾ ਸੰਕਟ ਬਣ ਕੇ ਉਭਰਦਾ ਹੈ।

ਵਰਿਆਮ ਸੰਧੂ ਦੀ ਕਹਾਣੀ ਵਿਚ ਪੂਰਾ ਪੰਜਾਬੀ ਪੇਂਡੂ ਭਾਈਚਾਰਾ ਆਪਣੇ ਸਮੂਹ ਦੁਖਾਂ ਸੁਖਾਂ ਸਮੇਤ ਜ਼ਬਾਨ ਪ੍ਰਾਪਤ ਕਰਦਾ ਹੈ। ਕਿਸੇ ਦੇਸ਼ ਜਾਂ ਕੌਮ ਦਾ ਵਿਕਾਸ ਵੀ ਇਕ ਖਾਸ ਸ਼੍ਰੇਣੀ ਦਾ ਵਿਕਾਸ ਹੀ ਹੁੰਦਾ ਹੈ ਤੇ ਇਸਦੇ ਬਦਲ ਵਿਚ ਕੋਈ ਹੋਰ ਸ਼੍ਰੇਣੀ ਨਿਘਾਰ ਵੱਲ ਜਾ ਰਹੀ ਹੁੰਦੀ ਹੈ। ਤੇ ਇਹ ਸ਼੍ਰੇਣੀ ਹੈ ਨਿਮਨ ਕਿਰਸਾਣੀ ਦੀ, ਜੋ ਤਥਾ ਕਥਿਤ ਵਿਕਾਸ ਦੇ ਨਾਂਹਵਾਦੀ ਪ੍ਰਭਾਵ ਨੂੰ ਆਪਣੇ ਪਿੰਡੇ ਉੱਪਰ ਝੱਲਦੀ ਹੈ ਤੇ ਕੰਗਾਲ ਹੋਕੇ ਕੰਮੀ ਬਣਨ ਦੀ ਅਵਸਥਾ ਤੱਕ ਪੁਜਦੀ ਜਾਂਦੀ ਹੈ। ਸੰਧੂ ਇਸ ਆਰਥਿਕ ਮੰਦਹਾਲੀ ਵਿਚੋਂ ਪੈਦਾ ਹੋਏ ਦੁਖਾਂਤ ਨੂੰ ਚਿਤਰਦਾ ਹੈ। 'ਆਪਣਾ ਆਪਣਾ ਹਿੱਸਾ' ਦਾ ਘੁੱਦੂ, 'ਸੁਨਹਿਰੀ ਕਿਣਕਾ' ਦਾ ਫੌਜੂ, 'ਡੁੰਮ੍ਹ' ਦਾ ਤੇਜੂ, 'ਗੁਰਮੁਖ ਸਿੰਘ' ਦਾ ਗੁਰਮੁਖ ਸਿੰਘ 'ਕਿਥੇ ਗਏ' ਦਾ ਬਚਨਾ ਤੇ 'ਭੱਜੀਆਂ ਬਾਹੀਂ' ਦਾ ਤਾਰਾ ਅਜਿਹੇ ਹੀ ਪਾਤਰ ਹਨ ਜੋ ਅਣਸੁਖਾਵੀਂ ਸਥਿਤੀ ਦੇ ਪੁੜਾਂ ਵਿਚ ਪਿਸ ਰਹੇ ਹਨ। ਭਾਵੇਂ ਸੰਧੂ ਕਿਰਸਾਣੀ ਬਾਰੇ ਕੋਈ ਦਸਤਾਵੇਜ਼ੀ ਵਿਸਤਾਰ ਨਹੀਂ ਦਿੰਦਾ ਪਰ ਕਹਾਣੀਆਂ ਦੀ ਬਣਤਰ ਤੇ ਬੁਣਤੀ ਇਸ ਜਮਾਤ ਸੰਬੰਧੀ ਉਸਦੇ ਪ੍ਰਮਾਣਕ ਅਨੁਭਵ ਦੀ ਗਵਾਹੀ ਭਰਦੀ ਹੈ।

ਪੰਜਾਬੀ ਵਿਚ ਲੰਮੀ ਕਹਾਣੀ ਦੀ ਪ੍ਰਵਿਰਤੀ ਦਾ ਸਿਖਰ ਵੀ ਵਰਿਆਮ ਸੰਧੂ ਵਿਚ ਦਿਸਦਾ ਹੈ। ਨਿੱਕੀ ਕਹਾਣੀ ਦੀ ਨਿੱਕਤਾ ਵਾਲੇ ਲੱਛਣਾਂ ਦੀ ਉਸਨੂੰ ਭਰਪੂਰ ਸੋਝੀ ਹੈ। ਇਸ ਕਰਕੇ ਲੰਮੀ ਕਹਾਣੀ ਲਿਖਦਾ ਹੋਇਆ ਵੀ ਉਹ ਇਸ ਨੂੰ ਲਮਿਆਉਂਦਾ ਲਮਕਾਉਂਦਾ ਨਹੀਂ। ਸੰਕੇਤਕਤਾ, ਗਹਿਨਤਾ, ਚੁਸਤੀ ਤੇ ਸ਼ੀਘਰਤਾ ਦੇ ਗੁਣਾਂ ਨੂੰ ਉਹ ਕਦੇ ਅੱਖੋਂ ਓਹਲੇ ਨਹੀਂ ਕਰਦਾ। ਸੰਧੂ ਦੀ ਕਹਾਣੀ ਵਿਚ ਅਰਥ ਪਲ ਪਲ ਬਣਦਾ, ਟੁਟਦਾ, ਰੂਪ ਵਟਾਉਂਦਾ ਦਿਖਾਈ ਦਿੰਦਾ ਹੈ ਤੇ ਸਥਿਰ ਅਬਦਲ ਹੋਂਦ ਨਾ ਰਹਿ ਕੇ ਇਕ ਪੂਰੀ ਸਿਰਜਨ ਪ੍ਰਕਿਰਿਆ ਬਣ ਜਾਂਦਾ ਹੈ। ਇਸ ਤਰ੍ਹਾਂ ਸੰਧੂ ਸਾਡੇ ਸਭਿਆ-ਚਾਰਕ ਵਿਸ਼ਵਾਸ-ਪ੍ਰਬੰਧ ਤੇ ਵਰਤਾਰੇ ਵਿਚ ਪ੍ਰਚਲਿਤ ਸਰਲ ਧਾਰਣਾਵਾਂ ਨੂੰ ਲੰਮੀ ਪ੍ਰਕਿਰਿਆ ਵਿਚ ਪਾ ਕੇ ਵਿਭਿੰਨ ਪੈਂਤੜਿਆਂ ਤੋਂ ਦੇਖਦਾ ਤੇ ਤੋੜਦਾ ਹੈ ਅਤੇ ਨਵੇਂ ਅਰਥਾਂ ਦਾ ਸਿਰਜਨ ਕਰਦਾ ਹੈ। ਇਉਂ ਉਹ ਇਕ ਪ੍ਰਮਾਣਕ ਬਿਰਤਾਂਤ ਦੀ ਸਿਰਜਨਾ ਦੇ ਸਮਰਥ ਹੁੰਦਾ ਹੈ, ਜਿਸ ਵਿਚ ਵਿਭਿੰਨ ਧਿਰਾਂ ਇਕ ਦੂਸਰੀ ਨੂੰ ਸਨਮੁਖ ਹੁੰਦੀਆਂ ਹਨ ਤੇ ਕਾਰਜਸ਼ੀਲ ਹੋ ਕੇ ਆਪਣੀ ਸਮਰਥਾ ਅਸਮਰਥਾ ਦਾ ਸਬੂਤ ਦਿੰਦੀਆਂ ਹਨ। ਉਸਦੀ ਕਹਾਣੀ ਪਰੰਪਰਾਗਤ ਬਿਰਤਾਂਤਕਾਰ ਵਾਲੀ ਦਖਲਅੰਦਾਜ਼ੀ ਤੋਂ ਵੀ ਮੁਕਤ ਹੈ। ਉਹ ਮਾਨਵੀ ਦਰਦ ਵਿਚ ਭਿੱਜ ਕੇ ਕਹਾਣੀ ਲਿਖਦਾ ਹੈ ਅਤੇ ਪਾਠਕ ਦੇ ਅਹਿਸਾਸ ਨੂੰ ਲਗਾਤਾਰ ਤਿਖਿਆਂ ਕਰਦਾ ਹੈ।

ਕਹਾਣੀ ਰਚਨਾ ਦੇ ਖੇਤਰ ਦਾ ਸ਼ਾਹ-ਸਵਾਰ ਹੋਣ ਤੋਂ ਬਿਨਾਂ ਸੰਧੂ ਨੇ ਕਰਤਾਰ ਸਿੰਘ ਪਹਿਲਵਾਨ ਦੀ ਜੀਵਨੀ 'ਕੁਸ਼ਤੀ ਦਾ ਧਰੂ-ਤਾਰਾ : ਕਰਤਾਰ ਸਿੰਘ' ਲਿਖ ਕੇ ਇਕ ਨਵੇਂ ਸਿਰਜਨਾ-ਖੇਤਰ ਵਿਚ ਪ੍ਰਵੇਸ਼ ਕੀਤਾ ਹੈ। ਇਸ ਜੀਵਨੀ ਵਿਚ ਸੰਧੂ ਕਰਤਾਰ ਦੀ ਪ੍ਰਾਪਤੀ ਦੇ ਪ੍ਰਾਸੈਸ ਨੂੰ ਪੂਰੀ ਤਰ੍ਹਾਂ ਜ਼ਬਾਨ ਦਿੰਦਾ ਹੈ। ਇਸ ਜੀਵਨੀ ਵਿਚ ਕਰਤਾਰ ਦੀ ਸਾਧਾਰਣਤਾ ਤੇ ਉਸਦਾ ਨਾਇਕਤਵ ਨਾਲ ਨਾਲ ਪਏ ਹਨ, ਇਕ ਦੂਜੇ ਨਾਲ ਤਨਾਓ ਦੇ ਰਿਸ਼ਤੇ ਵਿਚ ਬੱਝੇ। ਸੰਧੂ ਮਨੁਖੀ ਸੁਭਾਅ ਨੂੰ ਇਕ ਸਥਿਰ ਸਚਾਈ ਵਾਂਗ ਪੇਸ਼ ਨਾ ਕਰਕੇ, ਇਸਦੇ ਲਹਿੰਦੇ ਚੜ੍ਹਦੇ ਵਹਾਓ ਨੂੰ ਪਕੜਦਾ ਹੈ। ਉਹ ਇਹ ਦਰਸਾਉਂਦਾ ਹੈ ਕਿ ਮਨੁੱਖ ਮਨੁੱਖ ਦੇ ਤੌਰ ਤੇ ਆਪਣੀ ਸ਼ਕਤੀ ਨੂੰ ਕਿਵੇਂ ਐਕਸਪਲਾਇਟ ਕਰ ਸਕਦਾ ਹੈ, ਕਿਸੇ ਆਦਰਸ਼ ਨੂੰ ਕਿਵੇਂ ਸਮਰਪਿਤ ਹੋ ਸਕਦਾ ਹੈ ਤੇ ਸਿਰਧੜ ਦੀ ਬਾਜ਼ੀ ਕਿਵੇਂ ਲਗਾ ਸਕਦਾ ਹੈ। ਕਰਤਾਰ ਸਿੰਘ ਕਠੋਰ ਸਥਿਤੀਆਂ ਨਾਲ ਬਾਰ ਬਾਰ ਟਕਰਾਉਂਦਾ, ਵਿਭਿੰਨ ਭਾਂਤ ਦੀਆਂ ਬਿਖਮਤਾਵਾਂ ਵਿਚ ਦੀ ਗੁਜ਼ਰਦਾ; ਡਿਗਦਾ ਢਹਿੰਦਾ ਆਪਣੀ ਮਾਨਵਤਾ ਦੀ ਸਿਖਰਲੀ ਸੰਭਾਵਨਾ ਨੂੰ ਪ੍ਰਾਪਤ ਕਰਦਾ ਹੈ।

ਸੰਧੂ ਚਹੇਤੇ ਪਾਤਰਾਂ ਨੂੰ ਖਾਹਮਖਾਹ ਪਰੰਪਰਾਗਤ ਆਚਾਰ ਵਿਹਾਰ ਦੀ ਕਸਵੱਟੀ ਉਪਰ ਪੂਰੇ ਉਤਰਦੇ ਨਹੀਂ ਦਿਖਾਉਂਦਾ ਸਗੋਂ ਉਹ ਉਹੀ ਕਸਵੱਟੀ ਨਿਸਚਿਤ ਕਰਦਾ ਹੈ ਜੋ ਮਨੁਖ ਨੂੰ ਆਪਣੀ ਮਾਨਵਤਾ ਨੂੰ ਸਾਬਤ ਸਬੂਤ ਰਖਣ ਤੇ ਸਥਿਤੀ ਦੇ ਸਨਮੁਖ ਹੋਣ ਲਈ ਜ਼ਰੂਰੀ ਚਾਹੀਦੀ ਹੈ। ਸੰਧੂ ਆਪਣੇ ਪਾਤਰਾਂ ਦੀਆਂ ਚਰਿਤਰਕ ਟੇਢਾਂ ਨੂੰ ਖੁਰਚ-ਖੁਰਚ ਕੇ ਲੱਭਦਾ, ਨਿਰਛਲ ਠੇਠਤਾ ਨਾਲ ਇਨ੍ਹਾਂ ਨੂੰ



Sri Satguru Jagjit Singh Ji eLibrary NamdhariElibrary@gmail.com

ਬਿਆਨਦਾ, ਮਾਨਵੀ ਮੋਹ ਨਾਲ ਰੋਚਕ ਬਣਾਉਂਦਾ ਤੇ ਸੁਲਝੇ ਦ੍ਰਿਸ਼ਟੀਕੋਣ ਨਾਲ ਇਨ੍ਹਾਂ ਦੀ ਸਾਰਥਕਤਾ ਨੂੰ ਦਰਸਾਉਂਦਾ ਹੈ।

ਸੰਧੂ ਸੰਜੀਦਾ ਗੱਲਾਂ ਨੂੰ ਹਲਕੇ-ਫੁਲਕੇ ਢੰਗ ਨਾਲ ਕਹਿਣ ਵਿਚ ਮੁਹਾਰਤ ਰਖਦਾ ਹੈ। ਪਾਤਰਾਂ ਦੀ ਹਾਰ ਦਾ ਵਰਣਨ ਕਰਦਾ ਵੀ ਉਹ ਇਸਨੂੰ ਬੋਝਲ ਨਹੀਂ ਬਣਨ ਦਿੰਦਾ। ਜ਼ਿੰਦਗੀ ਵਿਚ ਜ਼ਿੰਦਗੀ ਦੀ ਦੌੜ ਮਹੱਤਵਪੂਰਨ ਹੁੰਦੀ ਹੈ। ਇਸ ਦੌੜ ਦੇ ਰਾਹ ਵਿਚ ਛੋਟੀਆਂ ਮੋਟੀਆਂ ਹਾਰਾਂ ਵੀ ਗਿਆਨ ਦਾ ਪ੍ਰਕਾਸ਼ ਦੇ ਸਕਦੀਆਂ ਹਨ—ਸੰਘਰਸ਼ ਵਿਚ ਖੁੱਭੇ ਪਾਤਰਾਂ ਨੂੰ ਵੀ ਤੇ ਪੜ੍ਹਨ ਵਾਲੇ ਪਾਠਕਾਂ ਨੂੰ ਵੀ। ਸੰਧੂ ਨੂੰ ਤੱਥ ਨੂੰ ਸੱਚ ਵਿਚ ਵਟਾਉਣਾ ਆਉਂਦਾ ਹੈ। ਉਹ ਪਾਤਰ ਦੇ ਜੀਵਨ ਨਾਲ ਸੰਬੰਧਿਤ ਤੱਥਾਂ ਨੂੰ ਓਨੀ ਦੇਰ ਤੋੜਦਾ ਜੋੜਦਾ, ਵਧਾਉਂਦਾ ਘਟਾਉਂਦਾ ਤੇ ਨਵੇਂ ਸਿਰਿਓਂ ਵਿਉਂਤ ਦਿੰਦਾ ਤੇ ਸਿਰਜਦਾ ਰਹਿੰਦਾ ਹੈ ਜਿੰਨੀ ਦੇਰ ਇਨ੍ਹਾਂ ਵਿਚ ਕਲਾਤਮਕ ਸੰਤੁਲਨ ਪੈਦਾ ਨਹੀਂ ਹੋ ਜਾਂਦਾ।

ਵਰਿਆਮ ਸੰਧੂ ਜਿਥੇ ਤਿੰਨ ਕਹਾਣੀ ਸੰਗ੍ਰਹਿ—'ਲੋਹੇ ਦੇ ਹੱਥ', 'ਅੰਗਸੰਗ', 'ਭੱਜੀਆਂ ਬਾਹੀਂ' ਤੋਂ ਇਲਾਵਾ 'ਮੈਂ ਹੁਣ ਠੀਕ ਠਾਕ ਹਾਂ', 'ਚੌਥੀ ਕੂਟ', 'ਪਰਛਾਵੇਂ' ਆਦਿ ਕਹਾਣੀਆਂ ਪੰਜਾਬੀ ਸਾਹਿਤ ਨੂੰ ਦੇ ਚੁਕਿਆ ਹੈ—ਉਥੇ ਇਕ ਜੀਵਨੀ 'ਕੁਸ਼ਤੀ ਦਾ ਧਰੂ-ਤਾਰਾ : ਕਰਤਾਰ ਸਿੰਘ' ਇਕ ਆਲੋਚਨਾ ਪੁਸਤਕ 'ਕੁਲਵੰਤ ਸਿੰਘ ਵਿਰਕ ਦਾ ਕਹਾਣੀ ਸੰਸਾਰ' ਤੇ ਤਿੰਨ ਸੰਪਾਦਿਤ ਪੁਸਤਕਾਂ—'ਕਥਾ ਧਾਰਾ, 'ਕਰਵਟ', 'ਪੰਜਾਬੀ ਕਹਾਣੀ ਆਲੋਚਨਾ : ਰੂਪ ਤੇ ਰੁਝਾਨ' ਆਦਿ ਵੀ ਉਸ ਦੇ ਸਿਰਜਨਾਤਮਕ ਖਾਤੇ ਵਿਚ ਸ਼ਾਮਲ ਹਨ।

ਅੱਜ ਕਲ੍ਹ ਉਹ ਸ਼ਾਇਦ ਸਫ਼ਰਨਾਮਾ ਲਿਖਣ ਵਲ ਵੀ ਰੁਚਿਤ ਹੋ ਰਿਹਾ ਹੈ, ਪਰ ਜਿਹੜੀ ਪਛਾਣ ਉਹ ਪੰਜਾਬੀ ਕਹਾਣੀ ਦੇ ਖੇਤਰ ਵਿਚ ਬਣਾ ਸਕਿਆ ਹੈ, ਓਹੋ ਜਿਹੀ ਪਛਾਣ ਦੂਜੇ ਖੇਤਰਾਂ ਵਿਚ ਬਣਾਉਣ ਲਈ ਉਸਨੂੰ ਕਾਫੀ ਘਾਲਣਾ ਘਾਲਣੀ ਪਵੇਗੀ।

---

★ ਪੰਜਾਬੀ ਸਾਹਿਤ ਟਰਸਟ ਢੁਡੀਕੇ ਵਲੋਂ ਵਰਿਆਮ ਸੰਧੂ ਦੇ ਸਨਮਾਨ ਸਮੇਂ ਪੜ੍ਹਿਆ ਗਿਆ ਪਰਚਾ।






Sri Satguru Jagjit Singh Ji eLibrary NamdhariElibrary@gmail.com

## ਪੰਜਾਬੀ ਸੱਥ ਦੇ ਪੁਰਸਕਾਰ

ਪੰਜਾਬੀ ਪਿਆਰਿਆਂ ਦੇ ਨਿੱਜੀ ਉੱਦਮਾਂ ਰਾਹੀਂ ਸਥਾਪਤ ਅਦਾਰੇ "ਪੰਜਾਬੀ ਸੱਥ" ਨੇ ਆਪੋ-ਆਪਣੇ ਖੇਤਰਾਂ ਵਿਚ ਮੁੱਲਵਾਨ ਯੋਗਦਾਨ ਪਾਉਣ ਲਈ ਪਿਛਲੇ ਅੱਠਾਂ ਵਰ੍ਹਿਆਂ ਤੋਂ ਚਲੀ ਆ ਰਹੀ ਰਵਾਇਤ ਨੂੰ ਕਾਇਮ ਰੱਖਦਿਆਂ ਹੋਇਆਂ, ਇਸ ਸਾਲ ਸਨਮਾਨੀਆਂ ਜਾਣ ਵਾਲੀਆਂ ਸ਼ਖਸੀਅਤਾਂ ਦਾ ਐਲਾਨ ਕਰ ਦਿੱਤਾ ਹੈ।

ਆਦਰਯੋਗ ਬਜ਼ੁਰਗ ਸ. ਕਿਰਪਾਲ ਸਿੰਘ ਨੂੰ ਸਿੱਖ ਇਤਿਹਾਸ ਦੀ ਸ਼ਲਾਘਾਯੋਗ ਸਾਂਭ-ਸੰਭਾਲ ਤੇ ਖੋਜ ਲਈ, 'ਭਾਈ ਗੁਰਦਾਸ ਪੁਰਸਕਾਰ; ਪੰਜਾਬੀਪੁਣੇ ਦੇ ਝੰਡਾਬਰਦਾਰ ਜਨਾਬ ਅਫ਼ਜ਼ਲ ਅਹਿਸਨ ਰੰਧਾਵਾ ਫੈਸਲਾਬਾਦ (ਲਾਇਲਪੁਰ) ਨੂੰ ਨਾਵਲ, ਕਹਾਣੀ ਤੇ ਕਵਿਤਾ ਦੇ ਖੇਤਰ ਵਿਚ ਮੱਲਾਂ ਮਾਰਨ ਪਾਰੋਂ ਬਾਬਾ ਫ਼ਰੀਦ ਪੁਰਸਕਾਰ; ਸਿਰੜੀ ਤੇ ਸਿਦਕਵਾਨ ਸਾਹਿਤਿਕ ਯੋਧੇ ਸ੍ਰੀ ਰਾਮ ਸਰੂਪ ਅਣਖੀ ਬਰਨਾਲਾ ਨੂੰ ਨਾਵਲ-ਕਹਾਣੀ ਦੇ ਖੇਤਰ ਵਿਚ ਪ੍ਰਾਪਤੀਆਂ ਵਾਸਤੇ, ਸੱਯਦ ਵਾਰਸ ਸ਼ਾਹ ਪੁਰਸਕਾਰ—ਸੱਤ ਸਮੁੰਦਰੋਂ ਪਾਰ ਮਾਂ-ਬੋਲੀ ਦੇ ਪਰਚਮ ਨੂੰ ਪੰਜਾਬੀ ਪੱਤਰਕਾਰੀ ਰਾਹੀਂ ਬੁਲੰਦ ਰੱਖਣ ਲਈ ਸ. ਰਾਜਿੰਦਰ ਸਿੰਘ ਪੁਰੇਵਾਲ ਪੰਜਾਬ ਟਾਈਮਜ਼ ਇੰਟਰਨੈਸ਼ਨਲ ਡਰਬੀ (ਇੰਗਲੈਂਡ) ਨੂੰ, ਗਿਆਨੀ ਹੀਰਾ ਸਿੰਘ ਦਰਦ ਪੁਰਸਕਾਰ; ਪੰਜਾਬੀਆਂ ਦਾ ਮਾਣ ਟੋਰਾਂਟੋ, ਕੈਨੇਡਾ ਵੱਸਦੇ ਬਜ਼ੁਰਗ ਸ. ਕਰਨੈਲ ਸਿੰਘ ਪਾਰਸ (ਰਾਮੂੰਵਾਲੀਏ) ਨੂੰ ਕਵੀਸ਼ਰੀ ਦੀ ਨਿਵੇਕਲੀ ਪ੍ਰੰਪਰਾ ਨੂੰ ਕਾਇਮ-ਦਾਇਮ ਰੱਖਣ ਹਿਤ 'ਬਾਬੂ ਰਜਬ ਅਲੀ ਪੁਰਸਕਾਰ' ਲੰਬੇ ਅਰਸੇ ਤੋਂ ਬੱਚਿਆਂ ਦੇ ਚਹੇਤੇ ਲਿਖਾਰੀ ਸ: ਮਨਮੋਹਣ ਸਿੰਘ ਦਾਉਂ ਨੂੰ, 'ਪ੍ਰਿੰਸੀਪਲ ਤਿਰਲੋਚਨ ਸਿੰਘ ਭਾਟੀਆ' ਪੁਰਸਕਾਰ, ਸਾਡੀ ਜ਼ਬਾਨ ਦੇ ਇੱਕੋ-ਇਕ ਸਿਰੜੀ-ਖੋਜੀ, ਪੜਚੋਲੀਏ ਤੇ ਆਲਮੀ ਪੱਧਰੀ ਦੇ ਲਿਖਾਰੀ ਸ੍ਰੀ ਈਗੋਰ ਡੀ. ਸੇਰਬੇਰੀਆਕੋਵ ਮਾਸਕੋ (ਰੂਸ) ਨੂੰ ਬਾਵਾ ਬੁੱਧ ਸਿੰਘ ਪੁਰਸਕਾਰ ਅਤੇ ਸਾਡੇ ਸਾਰੇ ਪੰਜਾਬੀਆਂ ਦਾ, ਮਾਣ ਕਲਾ ਦੇ ਖੇਤਰ ਰਾਹੀਂ ਸੰਸਾਰ ਪੱਧਰ ਤੇ ਵਧਾਉਣ ਲਈ, ਸ੍ਰੀ ਨੇਕ ਚੰਦ ਸੈਣੀ 'ਰਾਕ ਗਾਰਡਨ' ਚੰਡੀਗੜ੍ਹ ਨੂੰ, 'ਡਾ: ਮਹਿੰਦਰ ਸਿੰਘ ਰੰਧਾਵਾ' ਪੁਰਸਕਾਰ ਪੇਸ਼ ਕੀਤੇ ਜਾਣਗੇ। ਹਰ ਇਕ ਸਨਮਾਨਯੋਗ ਹਸਤੀ ਨੂੰ ੭੧੦੦/- ਰੁਪਿਆ ਨਕਦ, ਯਾਦਗਾਰੀ ਨਿਸ਼ਾਨੀ ਤੇ ਗਰਮ ਲੋਈ, ਬੜੇ ਨਿੱਘ ਤੇ ਮੋਹ ਨਾਲ ਭੇਟ ਕਰਨ ਲਈ, 'ਅੱਠਵੀਂ ਸੱਥ' ਮਾਘ ਮਹੀਨੇ, ਫਰਵਰੀ ੧੯੯੯ ਦੇ ਪਹਿਲੇ ਹਫਤੇ ਵਿਚ ਜੁੜੇਗੀ।

## ਲੀਡਜ਼ (ਯੂ.ਕੇ.) ਵਿਚ ਨਾਮਧਾਰੀ ਖੇਡ ਦਿਵਸ

ਇੰਗਲੈਂਡ ਦੇ ਪਰਸਿਧ ਸ਼ਹਿਰ ਲੀਡਜ਼ ਦੇ ਫੀਅਰਨਵਿਲੇ ਸਪੋਰਟਸ ਸੈਂਟਰ ਵਿਚ ਯੂ.ਕੇ. ਦੀ ਨਾਮਧਾਰੀ ਸਪੋਰਟਸ ਕਮੇਟੀ ਵਲੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸਿਮ੍ਰਤੀ ਵਿਚ ਨੌਵਾਂ ਹਾਕੀ ਟੂਰਨਾਮੈਂਟ ੭ ਸਤੰਬਰ ੧੯੯੭ ਨੂੰ ਕਰਾਇਆ ਗਿਆ। ਇਸ ਟੂਰਨਾਮੈਂਟ ਵਿਚ ਹੁਡਰਸ ਫੀਲਡ ਹਾਕੀ ਕਲੱਬ, ਰਾਮਗੜ੍ਹੀਆ ਕਲੱਬ ਲੀਡਜ਼, ਲਮਿੰਗਟਨ ਸਪਾਰਕ ਹਾਕੀ ਕਲੱਬ, ਨਾਮਧਾਰੀ ਯੰਗਮੈਨ ਅਤੇ ਨਾਮਧਾਰੀ ਓਲਡਏਜ ਹਾਕੀ ਟੀਮਾਂ ਨੇ ਭਾਗ ਲਿਆ। ਫਾਈਨਲ ਮੈਚ ਲੈਮਿੰਗਟਨ ਸਪਾਰਕ ਅਤੇ ਰਾਮਗੜ੍ਹੀਆ ਕਲੱਬ ਲੀਡਜ਼ ਦਰਮਿਆਨ ਖੇਡਿਆ ਗਿਆ। ਬਹੁਤ ਰੌਚਿਕ ਅਤੇ ਫਸਵੇਂ ਮੈਚ ਵਿਚ ਪੂਰੇ ਸਮੇਂ 'ਚ ਦੋਵੇਂ ਟੀਮਾਂ ਬਰਾਬਰ ਹੀ ਰਹੀਆਂ। ਵਾਧੂ ਸਮੇਂ ਵਿਚ ਲਮਿੰਗਟਨ ਸਪਾਰਕ ੨-੦ ਦੇ ਫਰਕ ਨਾਲ ਜੇਤੂ ਰਹੀ। ਉਥੋਂ ਦੇ ਪਰਚਲਤ ਰਿਵਾਜ ਅਨੁਸਾਰ ਇਕ ਹੀ ਦਿਨ ਵਿਚ ਲੀਗ ਸਿਸਟਮ ਵਿਚ ਸਾਰੇ ਮੈਚ ਅਤੇ ਫਾਈਨਲ ਵੀ ਖੇਡੇ ਗਏ।

ਇਸ ਖੇਡ ਦਿਵਸ ਤੇ ਬੱਚਿਆਂ ਦੀਆਂ ਦੌੜਾਂ ਵੀ ਹੋਈਆਂ ਅਤੇ ਬੱਚਿਆਂ ਦਾ ਬਜ਼ੁਰਗਾਂ ਨਾਲ ਵੀ ਨੁਮਾਇਸ਼ੀ ਹਾਕੀ ਮੈਚ ਹੋਇਆ। ਨਾਮਧਾਰੀ ਸੰਗਤ ਲੀਡਜ਼ ਦੇ ਉਤਸ਼ਾਹ ਭਰੇ ਸਹਿਯੋਗ ਸਦਕਾ ਹੀ ਇਸ ਵਾਰ ਇਸ ਟੂਰਨਾਮੈਂਟ ਲੀਡਜ਼ ਵਿਚ ਹੋਇਆ। ਸਾਰੇ ਯੂ.ਕੇ. ਵਿਚੋਂ ਬੇਅੰਤ ਸੰਗਤਾਂ ਅਤੇ ਦਰਸ਼ਕ ਹੁਮਹੁਮਾ ਕੇ ਪੁਜੇ ਹੋਏ ਸਨ। ਨਾਮਧਾਰੀ ਸਪੋਰਟਸ ਕਮੇਟੀ ਯੂ.ਕੇ. ਦੇ ਬਾਨੀ ਚੇਅਰਮੈਨ ਸੰਤ ਗੁਲਜ਼ਾਰ ਸਿੰਘ ਚਾਨਾ ਹਨ ਜੋ ਆਪ ਕੀਨੀਆ ਵਿਚ ਚੰਗੇ ਹਾਕੀ ਖਿਲਾੜੀ ਰਹੇ ਹਨ ਅਤੇ ਹੁਣ ਯੂ.ਕੇ. ਵਿਚ ਵੀ ਹਾਕੀ ਦੀ ਖੇਡ ਨੂੰ ਪ੍ਰਫੁਲਤ ਕਰਨ ਵਾਸਤੇ ਤੱਤਪਰ ਹਨ। ਇਹਨਾਂ ਦੇ ਭਰਵੇਂ ਸਹਿਯੋਗ ਨਾਲ ਭਾਰਤ ਤੋਂ ਗਈ ਹਾਕੀ ਦੀ ਪ੍ਰਸਿਧ ਨਾਮਧਾਰੀ ਇਲੈਵਨ ਨੇ ਇੰਗਲੈਂਡ, ਯੂਰਪ ਦੇ ਪਿਛਲੇਰੇ ਸਾਲਾਂ ਵਿਚ ਦੌਰੇ ਕੀਤੇ ਸਨ। ਸਤਿਗੁਰੂ



Sri Satguru Jagjit Singh Ji eLibrary NamdhariElibrary@gmail.com

ਪ੍ਰਤਾਪ ਸਿੰਘ ਜੀ ਦੀ ਜਨਮ ਸ਼ਤਾਬਦੀ ਦੇ ਸੰਬੰਧ ਵਿਚ ੧੯੮੯ ਵਿਚ ਨਾਮਧਾਰੀ ਸਪੋਰਟਸ ਕਮੇਟੀ ਹੋਂਦ ਵਿਚ ਆਈ ਅਤੇ ਅੱਜ ਤਕ ਸਰਗਰਮੀ ਨਾਲ ਕੰਮ ਕਰ ਰਹੀ ਹੈ। ਸੰਤ ਗੁਲਜ਼ਾਰਾ ਸਿੰਘ ਜੀ ਚਾਨਾ (ਲੈਸਟਰ ਵਾਲੇ) ਦੇ ਨਾਲ ਹੀ ਸਪੋਰਟਸ ਆਰਗੇਨਾਈਜ਼ਰ ਸੰਤ ਹਰਜੀਤ ਸਿੰਘ ਚਾਨਾ (ਸਾਊਥਾਲ—ਲੰਡਨ) ਅਤੇ ਸਕੱਤਰ ਡਾਕਟਰ ਸੰਤ ਐਮ. ਜੇ.ਐਸ, ਸੁਰਧਾਰ (ਬਰਮਿੰਘਮ) ਆਪਣੇ ਨੌਜਵਾਨ ਸਾਥੀਆਂ ਨਾਲ ਹਰ ਸਾਲ ਨਵੇਂ ਤੋਂ ਨਵੇਂ ਉਤਸ਼ਾਹ ਨਾਲ ਟੂਰਨਾਮੈਂਟ ਕਰਨ ਦਾ ਵਿਸ਼ਾਲ ਪਰਬੰਧ ਕਰਦੇ ਹਨ।

ਯੂ.ਕੇ. ਦੀ ਨਾਮਧਾਰੀ ਸੰਗਤ ਦੇ ਪਰਚਾਰ ਸਕੱਤਰ ਸੰਤ ਵਾਸਦੇਵ ਸਿੰਘ ਬਮਰਾਹ ਵੁਲਵਰਹੈਪਟਨ ਦੀ ਰਿਪੋਰਟ ਅਨੁਸਾਰ ਇਸ ਸਾਲਾਨਾ ਟੂਰਨਾਮੈਂਟ ਦਾ ਨੇਤਰੀ ਆਨੰਦ ਮਾਨਣ ਵਾਸਤੇ ਸਾਰੇ ਯੂ.ਕੇ. ਤੋਂ ਸੰਗਤਾਂ ਅਤੇ ਖੇਡ ਪ੍ਰੇਮੀ ਆਏ ਹੋਏ ਸਨ। ਲੰਡਨ ਤੋਂ ਸੰਤ ਸੁਲੱਖਣ ਸਿੰਘ ਜੰਡੂ ਜਨਰਲ ਸਕੱਤਰ ਨਾਮਧਾਰੀ ਸੰਗਤ ਯੂ.ਕੇ., ਸੂਬਾ ਤਰਸੇਮ ਸਿੰਘ ਜੀ ਭਮਰਾ ਆਏ ਸਨ। ਨਾਮਧਾਰੀ ਸੰਗਤ ਲੀਡਜ਼ ਦੇ ਪ੍ਰਧਾਨ ਸੰਤ ਸਤਨਾਮ ਸਿੰਘ ਭਾਰਜ, ਸਕੱਤਰ ਸੰਤ ਸੁਰਜੀਤ ਸਿੰਘ ਮਣਕੂ, ਖਜ਼ਾਨਚੀ ਸਤ ਗਿਆਨ ਸਿੰਘ ਮਾਨ, ਸਾਬਕਾ ਪ੍ਰਧਾਨ ਸੰਤ ਹਰੀ ਸਿੰਘ ਜੀ ਭੋਗਲ, ਸੰਤ ਹਰਭਜਨ ਸਿੰਘ ਗੇਹਲ, ਸੰਤ ਸੋਹਣ ਸਿੰਘ ਭਮਰਾ, ਸੰਤ ਕਰਤਾਰ ਸਿੰਘ ਚਾਨਾ ਅਤੇ ਹੋਰ ਸਮੂਹ ਸਾਧ ਸੰਗਤ ਨੇ ਟੂਰਨਾਮੈਂਟ ਤੇ ਆਈਆਂ ਸੰਗਤਾਂ ਦਾ ਨਿੱਘਾ ਸੁਆਗਤ ਕੀਤਾ। ਫਰੂਟ ਜੂਸ, ਗਰਮਾ ਗਰਮ ਪਕਾਉੜੇ ਤੇ ਚਾਹਟਾ ਤਾਂ ਹਾਜ਼ਰ ਸੀ ਹੀ ਦੁਪਹਿਰ ਨੂੰ ਅਤੁਟ ਲੰਗਰ ਵੀ ਵਰਤਾਇਆ ਗਿਆ। ਲੀਡਜ਼ ਦੀਆ ਸੰਗਤਾਂ ਨੇ ਸਰਬਤ ਸੰਗਤਾਂ ਅਤੇ ਖਿਡਾਰੀਆਂ ਦੀ ਸੇਵਾ ਬੜੇ ਆਦਰ ਮਾਣ ਨਾਲ ਕੀਤੀ।

## ਤਰਲੋਕ ਸਿੰਘ ਕੋਮਲ ਨਾਲ ਇਕ ਸ਼ਾਮ

ਕੇਂਦਰੀ ਪਜਾਬੀ ਲੇਖਕ ਸਭਾ (ਰਜਿ.) ਵਲੋਂ ਬੀਤੇ ਦਿਨੀਂ ਬੰਬਈ ਤੋਂ ਆਏ ਪੰਜਾਬੀ ਸ਼ਾਇਰ ਤਰਲੋਕ ਸਿੰਘ ਕੋਮਲ (ਭੁਰਜੀ) ਨਾਲ ਦੇਸ਼ ਭਗਤ ਯਾਦਗਾਰ ਹਾਲ ਦੇ ਵਿਹੜੇ ਵਿਚ ਇਕ ਸ਼ਾਮ ਮਨਾਈ ਗਈ। ਇਸ ਸ਼ਾਮ ਦੇ ਪ੍ਰਧਾਨਗੀ ਮੰਡਲ ਵਿਚ ਡਾ. ਜਗਤਾਰ ਅਤੇ ਸ੍ਰੀ ਜਗਜੀਤ ਸਿੰਘ ਆਨੰਦ ਸ਼ਾਮਿਲ ਸਨ। ਕੋਮਲ ਹੁਰਾਂ ਦੀ ਪਛਾਣ ਕਰਾਉਂਦਿਆਂ ਜਨਰਲ ਸਕੱਤਰ ਅਵਤਾਰ ਜੌੜਾ ਨੇ ਦੱਸਿਆ ਕਿ ਉਦਯੋਗਪਤੀ ਕੋਮਲ ਨੇ ਵਿਉਪਾਰਕ ਰੁਝੇਵਿਆਂ ਦੇ ਬਾਵਜੂਦ ਸਾਹਿਤ-ਸਿਰਜਣਾ ਹੀ ਨਹੀਂ ਕੀਤੀ, ਸਗੋਂ ਬਲਰਾਜ ਸਾਹਨੀ ਨਾਲ ਮਿਲਕੇ ਬੰਬਈ ਵਿਚ ਪੰਜਾਬੀ ਕਲਾ ਕੇਂਦਰ ਦੀ ਸਥਾਪਨਾ ਕੀਤੀ ਹੈ ਜੋ ਹਰ ਵਰ੍ਹੇ ਕਈ ਸਾਹਿਤਕ ਸਭਿਆਚਾਰਕ ਸਮਾਗਮ ਕਰਵਾਉਂਦਾ ਹੈ। ਉਹ ਬੜੇ ਠਹਿਰੇ ਸੁਭਾਅ ਵਾਲੇ ਸੱਜਣ ਹਨ ਜੋ ਆਏ ਲੇਖਕ ਦਾ ਪੂਰਾ ਮਾਣ-ਸਤਿਕਾਰ ਕਰਦੇ ਹਨ। 'ਯਾਦਾਂ ਦੀ ਸਵੇਰ', 'ਇਕ ਕਦਮ ਸਫ਼ਰ', 'ਤਿੱਤਰ ਖੰਭੀਆਂ' ਉਹਨਾਂ ਦੇ ਕਾਵਿ-ਸੰਗ੍ਰਹਿ ਹਨ। ਉਦਯੋਗਪਤੀ, ਧਾਰਮਕ ਖ਼ਿਆਲਾਂ ਦੇ ਹੋਣ ਦੇ ਬਾਵਜੂਦ ਉਹਨਾਂ ਦੀ ਕਵਿਤਾ ਵਿਚ ਕਿਰਤੀ, ਮਜ਼ਦੂਰ ਦੀਆਂ ਤੰਗੀਆਂ ਤੁਰਸ਼ੀਆਂ ਦਾ ਵਰਣਨ ਹੈ, ਜੋ ਉਹਨਾਂ ਦੇ ਮਾਨਵਵਾਦੀ ਹੋਣ ਦਾ ਪ੍ਰਮਾਣ ਹੈ, ਉਹਨਾਂ ਦੀ ਸ਼ਾਇਰੀ ਵਿਚ ਸਹਿਜਤਾ, ਧੀਮਾਪਣ ਤਾਂ ਹੈ, ਪਰ ਸੂਖ਼ਮਤਾ, ਸ਼ਿਦਤ, ਸੰਜਮਤਾ ਵੀ ਹੈ। ਇਹ ਗੱਲ ਵੱਖਰੀ ਹੈ ਕਿ ਉਹਨਾਂ ਆਲੋਚਕਾਂ ਤਕ ਪਹੁੰਚ ਨਹੀਂ ਕੀਤੀ।

ਸਭਾ ਦੇ ਸੀਨੀਅਰ ਮੀਤ ਪ੍ਰਧਾਨ ਕੁਲਦੀਪ ਸਿੰਘ ਬੇਦੀ ਨੇ ਆਏ ਲੇਖਕਾਂ ਅਤੇ ਸ਼ਾਇਰ ਕੋਮਲ ਨੂੰ ਖੁਸ਼ਆਮਦੀਦ ਕਹਿੰਦਿਆਂ ਕਮਲ ਦੇ ਨਿੱਘੇਪਣ ਦਾ ਖ਼ਾਸ ਉਲੇਖ ਕਰਦਿਆਂ ਉਹਨਾਂ ਨਾਲ ਜੁੜੇ ਪਲਾਂ ਨੂੰ ਸਾਂਝਾ ਕੀਤਾ। ਇਸ ਉਪਰੰਤ ਤਰਲੋਕ ਸਿੰਘ ਕੋਮਲ ਹੁਰਾਂ ਆਪਣੇ ਬਾਰੇ ਜਾਣਕਾਰੀ ਦੇਂਦਿਆਂ ਦੱਸਿਆ ਕਿ ਉਹਨਾਂ ਅੱਠਵੀਂ 'ਚ ਪੜ੍ਹਦਿਆਂ ਆਪਣੇ ਮਾਸਟਰ ਦੀ ਪ੍ਰੇਰਨਾ ਨਾਲ ਪ੍ਰਮੁੱਖ ਸ਼ਾਇਰਾਂ ਦੀਆਂ ਰਚਨਾਵਾਂ ਨੂੰ ਪੜ੍ਹ ਕੇ ਇਕੱਤਰ ਕਰਦਿਆਂ, ਆਪ ਵੀ ਕਵਿਤਾ ਕਹਿਣੀ ਸ਼ੁਰੂ ਕਰ ਦਿੱਤੀ ਸੀ। ਸਵਰਗੀ ਹਰਨਾਮ ਸਿੰਘ ਨਾਜ਼, ਸੁਖਬੀਰ ਦੀ ਪ੍ਰੇਰਨਾ ਨਾਲ 'ਯਾਦਾਂ ਦੀ ਸਵੇਰ' ਪਹਿਲੀ ਪੁਸਤਕ ਪੰਜਾਬੀ-ਕਾਵਿ ਨੂੰ ਦਿੱਤੀ। ਸ਼ਾਇਰੀ ਉਹਨਾਂ ਦਾ ਮਹਿਜ਼ ਸ਼ੌਕ ਨਹੀਂ, ਮਾਨਸਿਕ ਤਸੱਲੀ ਦਾ ਮਾਧਿਅਮ ਹੈ। ਉਹਨਾਂ ਰੁਬਾਈ, ਗ਼ਜ਼ਲ, ਨਜ਼ਮ, ਗੀਤ ਆਦਿ ਕਈ ਸਿਨਫ਼ਾਂ 'ਚ ਰਚਨਾ ਕੀਤੀ ਹੈ। ਉਹਨਾਂ ਦਾ ਕੋਈ ਨਿਸ਼ਚਿਤ ਵਿਸ਼ਾ ਨਹੀਂ, ਆਲੇ-ਦੁਆਲੇ ਵਿਚ ਵਾਪਰਦੀਆਂ ਘਟਨਾਵਾਂ 'ਚੋਂ ਉਪਜੇ ਅਨੁਭਵ, ਅਹਿਸਾਸ ਨੂੰ ਹੀ ਕਵਿਤਾਇਆ ਹੈ। ਉਹਨਾਂ ਇਸ ਦੀਆਂ ਕਈ ਕਾਵਿ ਉਦਾਹਰਣਾਂ ਦਿੱਤੀਆਂ, ਉਹਨਾਂ ਰਚਨਾ-ਸਿਰਜਣਾ-ਪ੍ਰਕ੍ਰਿਆ ਬਾਰੇ ਦੱਸਿਆ ਕਿ ਉਹਨਾਂ ਕਦ ਵੀ ਤਹਿ ਕਰਕੇ, ਨਿੱਠ ਕੇ ਨਹੀਂ ਲਿਖਿਆ। ਕਾਰ ਚਲਾਉਂਦਿਆਂ, ਕੰਮ ਕਰਦਿਆਂ, ਸਫ਼ਰ ਕਰਦਿਆਂ ਮਨ 'ਚ ਆਏ ਅਹਿਸਾਸ ਨੂੰ ਕਾਗ਼ਜ਼, ਨੈਪਕਿਨ ਤੇ ਉਤਾਰ ਲੈਣ ਦੀ ਗੱਲ ਕਹੀ।



Sri Satguru Jagjit Singh Ji eLibrary NamdhariElibrary@gmail.com

ਸ਼ਾਇਰ ਦਾਨ ਸਿੰਘ ਕੋਮਲ, ਜਿਹਨਾਂ ੨੦ ਵਰ੍ਹੇ ਬੰਬਈ 'ਚ ਬਿਤਾਏ, ਨੇ ਕੋਮਲ ਹੁਰਾਂ ਦੀਆਂ ਬੰਬਈ ਸਾਹਿਤਕ, ਸਭਿਆਚਾਰਕ, ਧਾਰਮਿਕ ਸਰਗਰਮੀਆਂ ਪ੍ਰਾਪਤੀਆਂ ਦੇ ਵੇਰਵੇ ਦਿਤੇ। ਜਗਜੀਤ ਸਿੰਘ ਆਨੰਦ ਹੁਰਾਂ ਕੋਮਲ ਹੁਰਾਂ ਨਾਲ ਆਪਣੀ ਵਰ੍ਹਿਆਂ ਪੁਰਾਣੀ ਸਾਂਝ ਦਾ ਹਵਾਲਾ ਦੇਂਦਿਆਂ ਉਹਨਾਂ ਨੂੰ ਪੂਰਾ ਸਹਿਜ ਭਾਵੀ,ਗੁਣਾਂ ਦੀ ਗੁੱਥਲੀ, ਦੂਜਿਆਂ ਦੇ ਵਿਰੋਧ ਨੂੰ ਸਹਿਣ ਵਾਲਾ ਵਿਅਕਤੀ ਅਤੇ ਦੂਸਰੇ ਮੁਲਕਾਂ ਨੂੰ ਉਦਯੋਗਿਕ ਜਾਣਕਾਰੀ ਦੇਣ ਵਾਲਾ ਉਦਯੋਗਪਤੀ ਦੱਸਿਆ। ਸਰਵਸ੍ਰੀ ਹਰਨਾਮ ਦਾਸ ਸਹਿਰਾਈ, ਵਰਿਆਮ ਸੰਧੂ, ਪਿਆਰਾ ਸਿੰਘ ਭੋਗਲ ਅਤੇ ਕਈ ਹੋਰ ਲੇਖਕਾਂ ਦੇ ਪ੍ਰਸ਼ਨਾਂ ਦਾ ਉੱਤਰ ਬੜੇ ਪ੍ਰਭਾਵਮਈ ਢੰਗ ਨਾਲ ਕੋਮਲ ਹੁਰਾਂ ਦਿੱਤਾ।

ਪਿਆਰਾ ਸਿੰਘ ਭੋਗਲ ਨੇ 'ਇਕ ਕਦਮ ਸਫਰ' ਦੇ ਸੰਦਰਭ ਵਿਚ ਕੋਮਲ ਨੂੰ ਛੋਟੀਆਂ ਛੋਟੀਆਂ ਸਿਆਣਪਾਂ ਕਹਿਣ ਵਾਲਾ ਸ਼ਾਇਰ ਮੰਨਦਿਆਂ, ਸੂਖ਼ਮ ਮਨੋਭਾਵਾਂ ਨੂੰ ਕਵਿਤਾਉਣ ਵਾਲਾ ਸ਼ਾਇਰ ਕਿਹਾ। ਅੰਤ ਵਿਚ ਡਾ. ਜਗਤਾਰ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਬੰਬਈ ਦੇ ਸਾਹਿਤਕ ਮਾਹੌਲ ਦਾ ਉਲੇਖ ਕਰਦਿਆਂ ਕੋਮਲ ਦੀ ਸ਼ਾਇਰੀ ਦਾ ਜ਼ਿਕਰ ਕੀਤਾ। ਉਹਨਾਂ ਦੀ ਧਾਰਨਾ ਸੀ ਕਿ ਬੇਸ਼ਕ ਸਮਕਾਲੀ ਸ਼ਾਇਰੀ ਦੇ ਬਿਲਕੁਲ ਹਾਣ ਦੀ ਉਹਨਾਂ ਦੀ ਕਵਿਤਾ ਨਹੀਂ, ਪਰ ਉਹਨਾਂ ਦੀ ਭਾਸ਼ਾ ਬਾਕਮਾਲ ਹੈ ਜੋ ਸਾਧਾਰਨ ਭਾਵ ਨੂੰ ਵੀ ਵਿਸ਼ੇਸ਼ ਅਰਥ ਪ੍ਰਦਾਨ ਕਰ ਦੇਂਦੀ ਹੈ। ਤਰੱਕੀ ਦੀ ਸੁਰ ਵਾਲੀ ਉਹਨਾਂ ਦੀ ਕਵਿਤਾ ਇਸ ਕਰਕੇ ਵੀ ਅਣਗੌਲੀ ਹੈ ਕਿ ਉਹ ਜੋੜ-ਤੋੜ ਵਿਚ ਨਹੀਂ ਪਏ ਅਤੇ ਨਾ ਹੀ ਆਲੋਚਕਾਂ ਦੀ ਜੀ ਹਜ਼ੂਰੀ ਕੀਤੀ ਹੈ। ਉਹਨਾਂ ਜੋ ਸ਼ਾਇਰੀ ਸੁਣਾਈ ਹੈ, ਉਸ ਤੋਂ ਹੀ ਅੰਦਾਜ਼ਾ ਲਾਇਆ ਜਾ ਸਕਦੈ ਕਿ ਉਹ ਕਈ ਕਹਿੰਦੇ ਕਹਾਉਂਦੇ ਸ਼ਾਇਰਾਂ ਨਾਲੋਂ ਅੱਗੇ ਹਨ।

—ਅਵਤਾਰ ਜੌੜਾ

## ਕਲਪਨਾ ਚਾਵਲਾ ਸ਼ਾਕਾਹਾਰੀ

ਪੁਲਾੜ ਵਿਚ ਖੋਜ ਮਿਸ਼ਨ ਕੋਲੰਬੀਆ ਤੇ ਜਾਣ ਵਾਲੀ ਪਹਿਲੀ ਭਾਰਤੀ ਔਰਤ ਡਾ. ਕਲਪਨਾ ਚਾਵਲਾ ਹੈ। ਕਲਪਨਾ ਪੰਜਾਬਣ ਹੈ, ਜਿਸਦਾ ਪਰਿਵਾਰ ਪੱਛਮੀ ਪੰਜਾਬ ਤੋਂ ਆਕੇ ਕਰਨਾਲ ਵਿਚ ਵਸ ਗਿਆ ਸੀ। ਡਾ. ਕਲਪਨਾ ਚਾਵਲਾ ਚੰਡੀਗੜ੍ਹ ਵਿਚ ਪੜ੍ਹਦੀ ਰਹੀ, ਬਾਦ ਵਿਚ ਉਹ ਅਮਰੀਕਾ ਚਲੀ ਗਈ, ਜਿਥੇ ਉਸ ਨੇ ਅਮਰੀਕਨ ਨਾਲ ਵਿਆਹ ਕਰਵਾ ਲਿਆ। ਉਹ ਆਪਣੇ ਨਾਮ ਨਾਲ ਅਜੇ ਵੀ ਚਾਵਲਾ ਹੀ ਲਿਖਦੀ ਹੈ। ਕੋਲੰਬੀਆ ਸ਼ਟਲ ਵਿਚ ਜਾਣ ਵਾਲੀ ਵੀਰਾਂਗਣ ਸਾਇੰਸਦਾਨ ਬਿਲਕੁਲ ਸ਼ਾਕਾਹਾਰੀ ਹੈ।

ਦੋ ਸਾਲ ਪਹਿਲਾਂ ਰੂਸੀਆਂ ਨਾਲ ਪੁਲਾੜ ਵਿਚ ਜਾਣ ਵਾਲੀ ਅੰਗਰੇਜ਼ ਔਰਤ ਵੀ ਸ਼ਾਕਾਹਾਰੀ ਸੀ। ਵਾਸ਼ਿੰਗਟਨ ਵਿਚ ਛਪੀ ਇਕ ਰਿਪੋਰਟ ਅਨੁਸਾਰ ਪੁਲਾੜ ਸੰਸਥਾ ਨਾਸਾ ਦੇ ਇਕ ਡਾਕਟਰ ਨੇ ਜਦੋਂ ਕਲਪਨਾ ਦੇ ਅੰਦਰ ਦੀ ਤਸਵੀਰ ਵੀਡੀਓ ਤੇ ਵੇਖੀ ਤਾਂ ਉਹ ਬਹੁਤ ਹੀ ਸਾਫ ਸੀ। ਡਾਕਟਰ ਅਨੁਸਾਰ ਇਹ ਕਲਪਨਾ ਚਾਵਲਾ ਦੇ ਸ਼ਾਕਾਹਾਰੀ ਹੋਣ ਕਰਕੇ ਸੀ!

— ਇੰਡੀਅਨ ਐਕਸਪ੍ਰੈਸ, ਚੰਡੀਗੜ੍ਹ
੨੩ ਨਵੰਬਰ ੧੯੯੭

## 'ਸ਼ਾਹੀ ਮੰਗਤਾ ਯੂਨੀਅਨ' ਜੋ ਦੋ ਰੁਪੈ ਤੋਂ ਘਟ ਭੀਖ ਸਵੀਕਾਰ ਨਹੀਂ ਕਰਦੀ

ਅੰਮ੍ਰਿਤਸਰ (ਵਰਮਾ)—ਵੈਸੇ ਤਾਂ ਅੰਮ੍ਰਿਤਸਰ ਦੇ ਬਹੁਤ ਸਾਰੇ ਇਲਾਕਿਆਂ ਵਿਚ ਭਿਖਾਰੀਆਂ ਦੀ ਭਰਮਾਰ ਵੇਖਣ ਨੂੰ ਮਿਲਦੀ ਹੈ, ਪਰ ਕੁਝ ਇਕ ਥਾਵਾਂ ਦੁਆਲੇ ਅਕਸਰ ਭਿਖਾਰੀਆਂ ਦਾ ਤਾਂਤਾ ਲਗਿਆ ਰਹਿੰਦਾ ਹੈ। ਮਜ਼ੇਦਾਰ ਗੱਲ ਇਹ ਹੈ ਕਿ ਇਨ੍ਹਾਂ ਮੰਗਤਿਆਂ ਵਿਚੋਂ ਕੁਝ ਇਕ ਨੇ ਵੱਖਰੇ ਤੌਰ ਤੇ ਯੂਨੀਅਨ ਬਣਾ ਰਖੀ ਹੈ, ਜਿਸ ਨੂੰ 'ਸ਼ਾਹੀ ਮੰਗਤਾ ਯੂਨੀਅਨ' ਦੇ ਨਾਂ ਨਾਲ ਸੱਦਿਆ ਜਾਂਦਾ ਹੈ। ਇਸ ਯੂਨੀਅਨ ਦੇ ਮੈਂਬਰ ਦੋ ਰੁਪਏ ਤੋਂ ਘਟ ਦੀ ਭੀਖ ਸਵੀਕਾਰ ਨਹੀਂ ਕਰਦੇ, ਜਿਸ ਕਾਰਨ ਕਈ ਵਾਰ ਉਨ੍ਹਾਂ ਦਾ ਦੁਕਾਨਦਾਰਾਂ ਨਾਲ ਝਗੜਾ ਵੀ ਹੋ ਜਾਂਦਾ ਹੈ। ਇਸ ਗੱਲ ਦਾ ਪ੍ਰਗਟਾਵਾ ਬੀਤੇ ਦਿਨੀਂ ਉਸ ਵੇਲੇ ਹੋਇਆ ਜਦੋਂ ਦੋ ਭਿਖਾਰੀ ਸਥਾਨਕ ਸ਼ਾਸਤਰੀ ਮਾਰਕੀਟ ਵਿਖੇ ਇਕ ਕੱਪੜਾ ਵਪਾਰੀ ਕੋਲੋਂ ਦੋ ਰੁਪਏ ਤੋਂ ਘਟ ਦੀ ਭੀਖ ਲੈਣ ਤੋਂ ਇਨਕਾਰ ਕਰਦੇ ਹੋਏ ਇਹ ਕਹਿੰਦੇ ਸੁਣੇ ਗਏ ਕਿ ਉਹ ਸ਼ਾਹੀ ਮੰਗਤਾ ਯੂਨੀਅਨ ਦੇ ਮੈਂਬਰ ਹਨ ਅਤੇ ਦੋ ਰੁਪਏ ਤੋਂ ਘਟ ਦੀ ਭੀਖ ਸਵੀਕਾਰ ਨਹੀਂ ਕਰਦੇ, ਜਿਸ ਤੇ ਦੁਕਾਨਦਾਰ ਹੈਰਾਨੀ ਭਰਿਆ ਨਜ਼ਰਾਂ ਨਾਲ ਉਸ ਨੂੰ ਵੇਖਦਾ ਰਹਿ ਗਿਆ ਅਤੇ ਸ਼ਾਹੀ ਮੰਗਤੇ ਦੁਕਾਨਦਾਰਾਂ ਨੂੰ ਘੂਰਦੇ ਹੋਏ ਚਲੇ ਗਏ।

ਸਭ ਨਾਲੋਂ ਦਿਲਚਸਪ ਗੱਲ ਤਾਂ ਇਹ ਹੈ ਕਿ ਜਲਿਆਂ ਵਾਲਾ ਬਾਗ ਦੇ ਆਸਪਾਸ ਇਕ ਐਸਾ ਸ਼ਾਹੀ ਭਿਖਾਰੀ ਅਕਸਰ ਵੇਖਣ ਨੂੰ ਮਿਲਦਾ ਹੈ, ਜੋ ਕੇਵਲ ਦੁੱਧ ਦੀ ਹੀ



Sri Satguru Jagjit Singh Ji eLibrary NamdhariElibrary@gmail.com

ਮੰਗ ਕਰਦਾ ਹੈ। ਲਗਪਗ ੬੦ ਵਰ੍ਹਿਆਂ ਦੇ ਕਰੀਬ ਦਾ ਹੱਟਾ-ਕੱਟਾ ਇਹ ਸ਼ਾਹੀ ਮੰਗਤਾ ਸਾਰੇ ਦਿਨ ਵਿਚ ੫-੬ ਕਿਲੋ ਦੁਧ ਪੀ ਜਾਂਦਾ ਹੈ। ਦੁਕਾਨਦਾਰ ਦੱਸਦੇ ਹਨ ਕਿ ਉਸਦਾ ਹਾਜ਼ਮਾ ਇੰਨਾ ਦਰੁਸਤ ਹੈ ਕਿ ਉਹ ਇਸ ਤੋਂ ਵੀ ਜ਼ਿਆਦਾ ਦੁੱਧ ਪੀ ਸਕਦਾ ਹੈ। ਆਸਪਾਸ ਦੇ ਇਲਾਕੇ ਵਿਚ ਇਸ ਸ਼ਾਹੀ ਮੰਗਤੇ ਦੀ ਖੂਬ ਚਰਚਾ ਹੈ।

—ਜਗਬਾਣੀ, ੨੬ ਨਵੰਬਰ ੧੯੯੭

## ਮਰਨ ਪਿਛੋਂ ਵੀ ਅੱਖ ਦੇਖਦੀ ਹੈ

ਇਕ ੬੯ ਸਾਲ ਦੇ ਬਜ਼ੁਰਗ ਵਲੋਂ ਮਰਨ ਵੇਲੇ ਦਿਤੇ ਦਾਨ ਕਾਰਨ ਇਕ ਸਤ ਸਾਲ ਦੇ ਬੱਚੇ ਦਾ ਜੀਵਨ ਬਦਲ ਦਿੱਤਾ ਹੈ। ਓਮ ਪਰਕਾਸ਼ ਕੁਝ ਸਮਾਂ ਪਹਿਲਾਂ ਹਾਰਟ ਅਟੈਕ ਨਾਲ ਇਹ ਸੰਸਾਰ ਤਿਆਗ ਗਿਆ ਪਰ ਉਹ ਵਸੀਅਤ ਕਰ ਗਿਆ ਕਿ ਉਸ ਦੀਆਂ ਅੱਖਾਂ ਮਰਨੋਪਰਾਂਤ ਦਾਨ ਕਰ ਦਿਤੀਆਂ ਜਾਣ। ਉਹਦੀਆਂ ਦੋ ਅੱਖਾਂ ਚੋਂ ਇਕ ਸਤ ਸਾਲ ਦੇ ਬੱਚੇ ਜਗਦੀਸ਼ ਸਿੰਘ ਨੂੰ ਲਾਈ ਗਈ ਅਤੇ ਬੱਚਾ ਇਸ ਸੰਸਾਰ ਨੂੰ ਵੇਖਣ ਯੋਗ ਹੋ ਗਿਆ ਹੈ। ਇਹ ਕ੍ਰਿਸ਼ਮਾ ਅੰਮ੍ਰਿਤਸਰ ਵਿਚ ਡਾ; ਦਲਜੀਤ ਸਿੰਘ ਦੇ ਹਸਪਤਾਲ ਵਿਚ ਵਾਪਰਿਆ ਹੈ।

ਡਾ. ਦਲਜੀਤ ਸਿੰਘ ਨੇ ਦਸਿਆ ਕਿ ਅਪਣੇ ਤੌਰ ਤੇ ਅੱਖਾਂ ਦਾਨ ਕਰਨ ਦਾ ਪਿਛਲੇ ਵੀਹ ਸਾਲਾਂ 'ਚ ਇਹ ਛੇਵਾਂ ਕੇਸ ਸੀ। ਡਾ. ਸਾਹਿਬ ਨ ਦਸਿਆ ਕਿ ਭਾਵੇਂ ਅਨੇਕਾਂ ਲੋਕ ਆਪਣੀਆਂ ਅੱਖਾਂ ਦਾਨ ਕਰਨ ਦਾ ਐਲਾਨ ਕਰ ਜਾਂਦੇ ਹਨ ਪਰ ਉਹਨਾਂ ਦੀ ਮੌਤ ਬਾਦ ਵਾਰਸ ਉਹਨਾਂ ਦੀ ਨਸੀਹਤ ਤੇ ਅਮਲ ਨਹੀਂ ਕਰਦੇ। ਡਾਕਟਰ ਦਲਜੀਤ ਸਿੰਘ ਨੇ ਇਹ ਗੱਲ ਵਹਿਮ ਕਹੀ ਕਿ ਅੱਖਾਂ ਦਾਨ ਕਰਨ ਨਾਲ ਬੰਦਾ ਅਗਲੇ ਜਨਮ ਵਿਚ ਅੰਨ੍ਹਾ ਜੰਮਦਾ ਹੈ। ਓਮ ਪਰਕਾਸ਼ ਵਲੋਂ ਅੱਖਾਂ ਦਾਨ ਦੀ ਵਸੀਅਤ ਕਰਨਾ ਅਤੇ ਪਰਿਵਾਰ ਵਲੋਂ ਇਹ ਗੱਲ ਸਿਰੇ ਚਾੜ੍ਹਨੀ ਚੰਗੀ ਗਲ ਹੈ। ਓਮ ਪਰਕਾਸ਼ ਦੀ ਪਤਨੀ ਸ੍ਰੀਮਤੀ ਪਰੋਮੀਲਾ ਮਹਿਰਾ ਨੇ ਬੱਚੇ ਜਗਦੀਸ਼ ਨੂੰ ਜਾ ਕੇ ਆਸ਼ੀਰਵਾਦ ਦਿਤੀ ਅਤੇ ਉਸ ਨੇ ਇਸ ਗੱਲ ਤੇ ਖੁਸ਼ੀ ਪਰਗਟ ਕੀਤੀ ਕਿ ਉਸਦੇ ਪਤੀ ਦੀ ਅੱਖ ਅਜੇ ਵੀ ਦੁਨੀਆ ਵੇਖ ਰਹੀ ਹੈ। ਭਾਵੇਂ ਕੁਝ ਰਿਸ਼ਤੇਦਾਰਾਂ ਨੇ ਇਸ ਗੱਲ ਦਾ ਵਿਰੋਧ ਕੀਤਾ ਪਰ ਉਹ ਡਟੇ ਰਹੇ। ਪਰਿਵਾਰ ਤਾਂ ਗੁਰਦਾ ਵੀ ਦੇਣ ਨੂੰ ਤਿਆਰ ਸੀ ਪਰ ਉਹਨਾਂ ਨੂੰ ਪਤਾ ਨਹੀਂ ਸੀ ਕਿ ਇਹ ਕਿਵੇਂ ਕਰਨਾ ਹੈ।

ਡਾਕਟਰ ਦਲਜੀਤ ਸਿੰਘ ਜੀ ਨੇ ਦਸਿਆ ਕਿ ਕੋਈ ਵੀ ਵਿਅਕਤੀ ਅੱਖਾਂ ਦਾਨ ਕਰਨ ਵਾਸਤੇ ਉਹਨਾਂ ਦੇ ਹਸਪਤਾਲ ਵਿਚ ਦਿਨ ਰਾਤ ਕਿਸੇ ਵੇਲੇ ਵੀ ਆ ਸਕਦਾ ਹੈ। ਆਮ ਤੌਰ ਤੇ ਮੌਤ ਤੋਂ ਇਕ ਘੰਟੇ ਦੇ ਅੰਦਰ ਅੰਦਰ ਹੋਣਾ ਚਾਹੀਦਾ ਹੈ ਪਰ ਜੇ ਅੱਖਾਂ ਉਤੇ ਬਰਫ ਦੀ ਪੋਟਲੀ ਰੱਖ ਦਿਤੀ ਜਾਵੇ ਤਾਂ ਛੇ ਘੰਟਿਆਂ ਬਾਦ ਵਿਚ ਅੱਖ ਜਮਾਂ ਕੀਤੀ ਜਾ ਸਕਦੀ ਹੈ।

ਓਮ ਪਰਕਾਸ਼ ਹੋਰਾਂ ਦੀ ਦੂਸਰੀ ਅੱਖ ਇਕ ਬਜ਼ੁਰਗ ਨੂੰ ਲਾਈ ਗਈ ਹੈ।

ਸਤਿੰਦਰ ਬੈਂਸ—ਇੰਡੀਅਨ ਐਕਸਪਰੈਸ
੨/੧੧/੯੭

## ਸੰਤ ਹਰਭਜਨ ਸਿੰਘ ਨਗਰੋਟਾਂ ਨੂੰ ਖੁਸ਼ੀਆਂ

ਸੰਤ ਹਰਭਜਨ ਸਿੰਘ ਜੀ ਨਗਰੋਟਾ ਬਗੁਆਂ ਜ਼ਿਲਾ ਕਾਂਗੜਾ ਦੇ ਘਰ ਸਤਿਗੁਰਾਂ ਨੇ ਪੋਤਰੇ ਦੀ ਦਾਤ ਬਖਸ਼ੀ ਹੈ। ਆਪ ਦੇ ਸਪੁਤਰ ਸ. ਗੁਰਪ੍ਰੀਤ ਸਿੰਘ ਘਰ ਜਨਮੇ ਸਪੁਤਰ ਰਮਨਪ੍ਰੀਤ ਸਿੰਘ ਦੀ ਖੁਸ਼ੀ ਵਿਚ ਸੰਤ ਹਰਭਜਨ ਸਿੰਘ ਜੀ ਨੇ ਵਰਿਆਮ ਨੂੰ ਇਕ ਸੌ ਰੁਪਏ ਸਹਿਯੋਗ ਭੇਜਿਆ ਹੈ।

## ਸੰਤ ਸੁਰਿੰਦਰ ਸਿੰਘ ਮਲੂਵਾਲੀ ਵਲੋਂ ਪਾਠਾਂ ਦਾ ਭੋਗ

ਸੰਤ ਸੁਰਿੰਦਰ ਸਿੰਘ ਮਲੂਵਾਲੀ, ਨਾਮਧਾਰੀ ਕਲੋਨੀ ਰਮੇਸ਼ ਨਗਰ ਦਿੱਲੀ ਵਾਲਿਆਂ ਪਿਛਲੇ ਜੱਪ ਪਰਯੋਗ ਸਮਾਗਮ ਸ੍ਰੀ ਭੈਣੀ ਸਾਹਿਬ ਸਮੇਂ ਸਤਿਗੁਰੂ ਰਾਮ ਸਿੰਘ ਜੀ, ਸਤਿਗੁਰੂ ਹਰੀ ਸਿੰਘ, ਸਤਿਗੁਰੂ ਪ੍ਰਤਾਪ ਸਿੰਘ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਧਿਆਉਂਦਿਆਂ ਇਕ ਇਕ ਪਾਠ ਦਾ ਭੋਗ ਪੁਆਇਆ। ਅਪਣੀ ਮਾਤਾ ਅਤੇ ਪਿਤਾ ਸੰਤ ਈਸ਼ਰ ਸਿੰਘ ਮਲੂਵਾਲ ਨਮਿਤ ਵੀ ਇਕ ਇਕ ਭੋਗ ਪੁਆਇਆ। ਸੰਤ ਈਸ਼ਰ ਸਿੰਘ ਜੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਅਤੁਟ ਸ਼ਰਧਾ ਰਖਦੇ ਸਨ ਅਤੇ ਉਹਨਾਂ ਦੇ ਅਨਿੰਨ ਸੇਵਕ ਸਨ। ਐਸੇ ਮਹਾਂਪੁਰਖ ਪਿਤਾ ਦੀ ਯਾਦ ਵਿਚ ਸੰਤ ਸੁਰਿੰਦਰ ਸਿੰਘ ਜੀ ਨੇ ੫੦੦ ਕੌਲੀ, ੫੦੦ ਚਮਚ, ੧੦੧ ਕਛਹਿਰਾ, ੧੦੧ ਕੜਾ, ੧੦੧ ਕੰਘਾ ਕਿਰਪਾਨ ਵਾਲਾ ਅਤੇ ੧੦੧ ਉਨ ਦੀਆਂ ਮਾਲਾਵਾਂ ਗੁਰੂ ਦਰਬਾਰ ਵਿਚ ਅਰਪਿਤ ਕੀਤੇ।

ਸੰਤ ਸੁਰਿੰਦਰ ਸਿੰਘ ਮਲੂਵਾਲ ਨੇ ਮੇਲੇ ਵਿਚ ਕਵੀ ਦਰਬਾਰ ਦੀ ਪ੍ਰਧਾਨਗੀ ਕਰਦਿਆਂ ਕਵੀਆਂ ਨੂੰ ਵੀ ਨਿਵਾਜਿਆ ਅਤੇ 'ਵਰਿਆਮ' ਲਈ ੩੦੦/- ਰੁਪਏ ਦਿਤੇ ਹਨ।



Sri Satguru Jagjit Singh Ji eLibrary NamdhariElibrary@gmail.com

ਵਰਿਆਮ ਲਈ ਸ਼ੁਭ ਇਛਾਵਾਂ :

ਸ. ਅਜੀਤ ਸਿੰਘ ਨਾਮਧਾਰੀ

# ਨਾਮਧਾਰੀ ਬ੍ਰਦਰਜ਼

## ਡਾਲਟਨਗੰਜ (ਬਿਹਾਰ)

## Namdhari Brothers

**DALTON GANJ**

**(Bihar)**

**Prop. :**

**S. AJIT SINGH NAMDHARI**

## ਵਰਿਆਮ ਦੇ ਮੈਂਬਰਾਂ ਦੇ ਧਿਆਨ ਯੋਗ

ਵਰਿਆਮ ਦੇ ਬਹੁਤ ਸਾਰੇ ਬਕਾਇਆ ਚੰਦੇ ਪਾਠਕਾਂ ਵਲੋਂ ਆਉਣ ਵਾਲੇ ਹਨ। ਅਸੀਂ ਪਾਠਕਾਂ ਨੂੰ ਵਖਰੇ ਵਖਰੇ ਕਾਰਡ ਪਾ ਦਿਤੇ ਹਨ ਜਿਸ ਵਿਚ ਇਹਨਾਂ ਬਕਾਇਆ ਰਕਮਾਂ ਦਾ ਵੇਰਵਾ ਲਿਖਿਆ ਹੈ। ਪਾਠਕ ਜਨ ਵਿਸ਼ੇਸ਼ ਧਿਆਨ ਦੇ ਕੇ ਇਹ ਰਕਮਾਂ ਭਿਜਵਾਉਣ। ਮਨੀ-ਆਰਡਰ ਜਾਂ ਡਰਾਫਟ ਇਸ ਪਤੇ ਤੇ ਭੇਜਣ :

ਮਾਸਕ ਵਰਿਆਮ
ਲਾਡੋਵਾਲੀ ਰੋਡ, ਜਲੰਧਰ
ਪਿਨ ਕੋਡ 144001 (ਪੰਜਾਬ)
**Monthly WARIAM**
Ladowali Road,
Jalandhar-144001 (Pb.)

GOLD MEDAL WINNER
(1982-1983)

# JAYSON®

**ELECTRIC MOTORS**

**FOR Agriculture, Domestic and Industrial Uses**

**EXHAUST FANS**
9",12",15",18",24"
Our Range includes
ELECTRIC MOTORS
From 1/4 to 3 H.P. Single Phase and 1/12 H.P. to 30 H.P. 3 Phase
Mono Block & Jet Pumps
1/2 H.P., 1 H.P., 2 H.P., 3 H.P.
Electric Motors can also be made according to Customer's Specifications




ONE YEAR GUARANTEE AGAINST ALL MANUFACTURING DEFECTS

Manufactured by:
**Jayson Electric Co. (Regd.)**
WH-2, Phase-1, Sat Guru Ram Singh Marg.
Maya Puri Indl. Area, New Delhi-110064
Phones: 594536,532536 Resi.501634



Sri Satguru Jagjit Singh Ji eLibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Phones : Office—5411940, 5451969, 502061
Resi. —5455011, 5440079

# NAMDHARI MARBLE CO.

*Supplier of :—*

KOTA STONE, RED AGRA, MANDANA, MARBLE,
DHAULPUR & GWALIOR BUCH

PROP S. DAYA SINGH BHUI

**WZ-2, Mansarover Garden, Ring Road,**
**NEW DELHI—110015**

ਅਪਣੀ ਕਿਰਪਾ ਧਾਰੀ
ਤਿਨਿ ਸਗਲੀ ਬਾਤ ਸਵਾਰੀ

Specialists in : 'A' Class Decoration for
Marriages Parties & Govt. Functions

**Namdhari Tent House**

53, Hamidia Road Near Alpana Talkies,
BHOPAL (M.P.)

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

**SAGGU**
**IRON INDUSTRIES**
ਸੱਗੂ ਆਇਰਨ ਇੰਡਸਟਰੀਜ਼

Sugar Mill Spares, Paper & Beards Mill Spares, Textile Mill Spares, Distillery Spares & Solvent Plant Spares

All Type of Gear & Chain Sprockets & Industrial Chain

Partner : S. Puran Singh Saggu
S. Narinder Singh Saggu

**Old Railway Road, JALANDHAR.**
Phone : 58795, 59056
Mobile Phone 98140604 9 Pager 96124089



Sri Satguru Jagjit Singh Ji eLibrary NamdhariElibrary@gmail.com

With best compliments from

# YOUR

# CLOTH HOUSE

**Wholeseller & Retailor**

**Gents Wing :**

**S.C.F. 1, Sector 20-C, Chandigarn.**

Phone : 23363, 31199

**Ladies Wing :**

**S.C.O. 6, Sector 20-C, Chandigarh.**

Phone : 29849

**Your Saree Centre :**

**S.C.F. No. 1, Sector 20-C, Chandigarh.**



Sri Satguru Jagjit Singh Ji eLibrary NamdhariElibrary@gmail.com

ਹਰ ਤਰ੍ਹਾਂ ਦੇ ਸੰਗੀਤ ਦੇ ਸਾਜ਼ਾਂ ਵਾਸਤੇ
ਸਿਤਾਰ ਅਤੇ ਤਾਨਪੁਰਾ ਦੇ ਮਾਹਰ



**ਗੁਰਦਿਆਲ ਸਿੰਘ ਐਂਡ ਸਨਜ਼**

ਫਗਵਾੜਾ ਗੇਟ, ਜਲੰਧਰ ਫੋਨ 59869

ਬਾਜ਼ਾਰ ਨਾਲੋਂ ਸਸਤੀ ਅਤੇ ਵਧੀਆ ਕਿਸਮ ਦੀ
ਹਰ ਕਿਸਮ ਦੀ ਲੱਕੜ
ਆਸਾਮ ਸਾਗਵਾਨ, ਚਾਂਪ, ਦਿਓਦਾਰ, ਕੈਲ,
ਪੜਤਲ, ਚੀਲ੍ਹ ਆਦਿ ਵੇਚਣ ਵਾਲੇ

**ਦਲੀਪ ਸਿੰਘ ਪੂਰਨ ਸਿੰਘ ਸੱਗੂ**

(ਟਿੰਬਰ ਮਰਚੈਂਟਸ)

**Dalip Singh Puran Singh Saggu**

[TIMBER MERCHANTS]

**ਪੁਰਾਣੀ ਰੇਲਵੇ ਰੋਡ, ਜਲੰਧਰ ਸ਼ਹਿਰ**

Phone : 58795, 59056
Mobile Phone 9814060489 Pager 96124089

ਫੈਂਸੀ ਬਿਲਡਿੰਗ ਮੈਟੀਰੀਅਲ, ਤਾਲੇ ਅਤੇ ਹੋਰ
ਹਾਰਡਵੇਅਰ ਦੇ ਸਮਾਨ ਵਾਸਤੇ ਯਾਦ ਰਖੋ
ਦਰਵਾਜ਼ੇ, ਖਿੜਕੀਆਂ, ਰੌਸ਼ਨਦਾਨ ਅਤੇ ਲਕੜੀ ਦਾ
ਵਧੀਆ ਇਮਾਰਤੀ ਸਮਾਨ ਤਿਆਰ ਕਰਨ ਵਾਲੇ

**ਹਰਭਜਨ ਵੁੱਡ ਵਰਕਸ**

ਅਕਹਿਰੀ ਪੁਲੀ, ਜਲੰਧਰ-੧੪੪੦੦੪.
ਫੋਨ 238784

ਹਰ ਪ੍ਰਕਾਰ ਦੀਆਂ ਚੁਗਾਠਾਂ, ਜੋੜੀ ਪੱਲੇ ਅਤੇ ਹੋਰ
ਲੱਕੜੀ ਦੇ ਤਸੱਲੀਬਖ਼ਸ਼ ਕੰਮ ਵਾਸਤੇ
ਦਰਸ਼ਨ ਦਿਓ

**ਬਚਨ ਸਿੰਘ ਐਂਡ ਸਨਜ਼**

ਨਿਊ ਟਿੰਬਰ ਮਾਰਕੀਟ,
ਅਕਹਿਰੀ ਪੁਲੀ, ਜਲੰਧਰ ਸ਼ਹਿਰ
ਫੋਨ ਨੰ: 232990

**JANTA**
**HYDRAULIC PRESSES**



JANTA ENGG. WORKS
P.O. MOHAN NAGAR
RAJENDRA NAGAR
INDUSTRIAL AREA,
GHAZIABAD-210 007 (U.P.)
PHONE: OFF: 8-63455
RESI: 5412951
8-64574

MFRS. OF:
HYDRAULIC PRESSES FOR THE USE OF
- RUBBER MOULDING
- CONVEYOR & TRANSMISSION BELTING
- PLYWOOD HOT PRESSES
- DEEP DRAWING
- CLUTCH FACING & BRAKE LINING

ਹਰ ਕਿਸਮ ਦੀ ਲੱਕੜ ਖਰੀਦਣ ਵਾਸਤੇ ਅਤੇ ਚੌਗਾਠਾਂ,
ਦਰਵਾਜ਼ੇ, ਖਿੜਕੀਆਂ, ਰੌਸ਼ਨਦਾਨ ਬਣਵਾਉਣ ਲਈ ਅਤੇ
ਵਧੀਆ ਕਿਸਮ ਦਾ ਇਮਾਰਤੀ ਸਾਮਾਨ ਖਰੀਦਣ ਲਈ

**ਹਜ਼ੂਰ ਸਿੰਘ ਐਂਡ ਸਨਜ਼**

(ਪਾਰਟਨਰ ਹਜ਼ੂਰ ਸਿੰਘ ਜਸਬੀਰ ਸਿੰਘ)
ਅਕਹਿਰੀ ਪੁਲੀ, ਜਲੰਧਰ ਸ਼ਹਿਰ
ਵਾਲਿਆਂ ਦੀ ਦੁਕਾਨ ਤੇ ਦਰਸ਼ਨ ਦਿਓ ਤੇ ਲਾਭ ਉਠਾਓ



Sri Satguru Jagjit Singh Ji eLibrary NamdhariElibrary@gmail.com

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

☎ 61040
Code : 01824

**For Fitting Diesel Engines in Foreign**

**&**

**INDIAN CAR BODIES**




*Specialists in :*

**Mercedes Benz Car Repairing**

**AMARJIT MOTOR GARAGE**

G.T. Road, Opp. Jalandhar Octroi Post,
PHAGWARA

Ladowali Road, Jalandhar-144 001
Registered with the Registrar of News papers for India No. 26453/75




Sri Satguru Jagjit Singh Ji eLibrary NamdhariElibrary@gmail.com